5-JULY-PAGE-1.qxd 7/4/2025 10:46 PM Page 1

ਸ਼ਨੀਵਾਰ, 5 ਜੁਲਾਈ, 2025
21 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 34

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • SATURDAY, 5 JULY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਰੂਸ ਤਾਲਿਬਾਨ ਸਰਕਾਰ ਨੂੰ ਮਾਨਤਾ ਦੇਣ ਵਾਲਾ ਪਹਿਲਾ ਦੇਸ਼ ਬਣਿਆ

**ਮਾਸਕੋ** : ਰੂਸ ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੂੰ ਮਾਨਤਾ ਦੇਣ ਵਾਲਾ ਦੁਨੀਆ ਦਾ ਪਹਿਲਾ ਮੁਲਕ ਬਣ ਗਿਆ ਜਦੋਂ ਉਸਨੇ ਤਾਲਿਬਾਨ ਦੇ ਨਵੇਂ ਰਾਜਦੂਤ ਗੁਲ ਹਸਨ ਦੇ ਪ੍ਰਤੀਤੀ ਪੱਤਰ ਪ੍ਰਵਾਨ ਕਰ ਲਏ। ਤਾਲਿਬਾਨ ਨੇ ਚਾਰ ਸਾਲ ਪਹਿਲਾਂ ਅਗਸਤ 2021 ਵਿੱਚ ਅਮਰੀਕਾ ਦੇ ਭੱਜ ਜਾਣ ਤੋਂ ਬਾਅਦ ਸੱਤਾ ਸੰਭਾਲੀ ਸੀ। ਰੂਸੀ ਵਿਦੇਸ਼ ਮੰਤਰਾਲੇ ਨੇ ਵੀਰਵਾਰ ਇੱਕ ਬਿਆਨ ਵਿੱਚ ਕਿਹਾ, "ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅਫਗਾਨਿਸਤਾਨ ਦੀ ਇਸਲਾਮੀ ਅਮੀਰਾਤ ਸਰਕਾਰ ਨੂੰ ਸਰਕਾਰੀ ਤੌਰ 'ਤੇ ਮਾਨਤਾ ਦੇਣ ਨਾਲ ਵੱਖ-ਵੱਖ ਖੇਤਰਾਂ ਵਿੱਚ ਦੋਹਾਂ ਮੁਲਕਾਂ ਵਿਚਾਲੇ ਦੁਵੱਲੀ ਮਿਲਵਰਤਨ ਨੂੰ ਬਲ ਮਿਲੇਗਾ।"


ਰੂਸ ਦੇ ਰਾਜਦੂਤ ਦਮਿਤਰੀ ਜ਼ਿਰਨੋਵ ਕਾਬੁਲ ਵਿੱਚ ਅਫਗਾਨ ਵਿਦੇਸ਼ ਮੰਤਰੀ ਅਮੀਰ ਖਾਨ ਮੁਤੱਕੀ ਨਾਲ।

ਅਫਗਾਨ ਵਿਦੇਸ਼ ਮੰਤਰੀ ਅਮੀਰ ਖਾਨ ਮੁਤੱਕੀ ਨੇ ਕਾਬੁਲ ਵਿੱਚ ਰੂਸੀ ਰਾਜਦੂਤ ਨਾਲ ਮੁਲਾਕਾਤ ਦੀ ਜਾਰੀ ਵੀਡੀਓ ਵਿੱਚ ਕਿਹਾ ਕਿ ਰੂਸ ਦਾ ਦਲੇਰਾਨਾ ਫੈਸਲਾ ਹੋਰਨਾਂ ਮੁਲਕਾਂ ਲਈ ਮਿਸਾਲ ਹੈ।

ਰੂਸ ਤੇ ਤਾਲਿਬਾਨ ਸਰਕਾਰ ਵਿਚਾਲੇ ਪੀਢੀ ਹੁੰਦੀ ਦੋਸਤੀ ਨੂੰ ਅਮਰੀਕਾ ਨੇੜਿਓਂ ਵਾਚੇਗਾ, ਜਿਸਨੇ ਅਫਗਾਨਿਸਤਾਨ ਸੈਂਟਰਲ ਬੈਂਕ ਦੇ ਅਰਬਾਂ ਦੇ ਅਸਾਸੇ ਫਰੀਜ਼ ਕੀਤੇ ਹੋਏ ਹਨ ਅਤੇ ਕੁਝ ਸੀਨੀਅਰ ਤਾਲਿਬਾਨ ਆਗੂਆਂ 'ਤੇ ਰੋਕਾਂ ਲਾਈਆਂ ਹੋਈਆਂ ਹਨ। ਅਮਰੀਕਾ ਦੇ ਅਫਗਾਨਿਸਤਾਨ ਵਿੱਚੋਂ ਭੱਜਣ ਦੇ ਬਾਅਦ ਤੋਂ ਰੂਸ ਤਾਲਿਬਾਨ ਅਧਿਕਾਰੀਆਂ ਨਾਲ ਸੰਬੰਧ ਬਣਾਉਣ ਵਿੱਚ ਲੱਗਾ ਹੋਇਆ ਹੈ। ਉਹ ਤਾਲਿਬਾਨ ਸਰਕਾਰ ਨੂੰ ਆਰਥਕ ਭਾਈਵਾਲ ਤੇ ਦਹਿਸ਼ਤਗਰਦੀ ਖਿਲਾਫ ਇਤਿਹਾਦੀ ਮੰਨਦਾ ਹੈ।

ਤਾਲਿਬਾਨ ਦੇ ਵਫਦ ਨੇ 2022 ਤੇ 2024 ਵਿੱਚ ਸੇਂਟ ਪੀਟਰਸਬਰਗ ਵਿੱਚ ਰੂਸ ਦੇ ਆਰਥਕ ਮੰਚ 'ਚ ਸ਼ਮੂਲੀਅਤ ਕੀਤੀ ਸੀ। ਉਸਦੇ ਉੱਚ ਡਿਪਲੋਮੇਟ ਪਿਛਲੇ ਸਾਲ ਅਕਤੂਬਰ 'ਚ ਰੂਸੀ ਵਿਦੇਸ਼ ਮੰਤਰੀ ਸਰਗੇਈ ਲਵਰੋਵ ਨੂੰ ਵੀ ਮਿਲੇ ਸਨ। ਜੁਲਾਈ 2024 ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਤਾਲਿਬਾਨ ਨੂੰ ਦਹਿਸ਼ਤਗਰਦੀ ਖਿਲਾਫ ਇਤਿਹਾਦੀ ਦੱਸਿਆ ਸੀ, ਖਾਸਕਰ ਇਸਲਾਮਿਕ ਸਟੇਟ ਖੁਰਾਸਾਨ ਪ੍ਰੋਵਿੰਸ, ਆਈ ਐੱਸ ਕੇ ਪੀ (ਆਈ ਐੱਸ ਆਈ ਐੱਸ-ਕੇ) ਖਿਲਾਫ, ਜੋ ਕਿ ਅਫਗਾਨਿਸਤਾਨ ਤੇ ਰੂਸ ਵਿੱਚ ਹਮਲੇ ਕਰਦਾ ਹੈ। ਅਪ੍ਰੈਲ ਵਿੱਚ ਰੂਸੀ

• ਬਾਕੀ ਸਫਾ 2 'ਤੇ

## ਭਾਰਤ-ਅਮਰੀਕਾ ਵਪਾਰ ਸਮਝੌਤਾ 9 ਜੁਲਾਈ ਤੋਂ ਪਹਿਲਾਂ ਸੰਭਵ

**ਨਵੀਂ ਦਿੱਲੀ** : ਭਾਰਤ ਅਤੇ ਅਮਰੀਕਾ ਦਰਮਿਆਨ ਇੱਕ ਅੰਤਰਮ ਵਪਾਰ ਸਮਝੌਤੇ 'ਤੇ ਗੱਲਬਾਤ ਕਰਨ ਪਿੱਛੋਂ ਭਾਰਤੀ ਟੀਮ ਵਾਸ਼ਿੰਗਟਨ ਤੋਂ ਵਤਨ ਪਰਤ ਆਈ ਹੈ। ਇਸ ਦੇ ਮੱਦੇਨਜ਼ਰ ਇਸ ਵਪਾਰਕ ਇਕਰਾਰਨਾਮੇ ਨੂੰ 9 ਜੁਲਾਈ ਤੋਂ ਪਹਿਲਾਂ ਅੰਤਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ। ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਤਾਂ ਵੀ ਹਾਲੇ ਚਰਚਾ ਜਾਰੀ ਰਹੇਗੀ ਕਿਉਂਕਿ ਖੇਤੀਬਾੜੀ ਅਤੇ ਆਟੋ ਸੈਕਟਰਾਂ ਵਿੱਚ ਕੁਝ ਮੁੱਦਿਆਂ ਨੂੰ ਅਜੇ ਵੀ ਹੱਲ ਕਰਨ ਦੀ ਲੋੜ ਹੈ।

ਭਾਰਤੀ ਟੀਮ ਦੀ ਅਗਵਾਈ ਮੁੱਖ ਵਾਰਤਾਕਾਰ ਰਾਜੇਸ਼ ਅਗਰਵਾਲ ਕਰ ਰਹੇ ਹਨ। ਉਹ ਵਣਜ ਵਿਭਾਗ ਵਿੱਚ ਵਿਸ਼ੇਸ਼ ਸਕੱਤਰ ਹਨ। ਅਧਿਕਾਰੀ ਨੇ ਕਿਹਾ ਕਿ ਗੱਲਬਾਤ ਆਖਰੀ ਪੜਾਅ ਵਿੱਚ ਹੈ ਅਤੇ ਇਸ ਦੇ ਸਿੱਟੇ ਦਾ ਐਲਾਨ 9 ਜੁਲਾਈ ਤੋਂ ਪਹਿਲਾਂ ਹੋਣ ਦੀ ਉਮੀਦ ਹੈ, ਜੋ ਕਿ ਭਾਰਤ ਸਮੇਤ ਦਰਜਨਾਂ ਦੇਸ਼ਾਂ 'ਤੇ ਲਗਾਏ ਗਏ ਟਰੰਪ ਟੈਰਿਫ ਦੀ 90 ਦਿਨਾਂ ਦੀ ਮੁਅੱਤਲੀ ਦੀ ਮਿਆਦ ਦੇ ਅੰਤ ਨੂੰ ਵੀ ਦਰਸਾਉਂਦਾ ਹੈ। ਅਧਿਕਾਰੀ ਨੇ ਕਿਹਾ ਕਿ ਭਾਰਤੀ ਟੀਮ ਵਾਸ਼ਿੰਗਟਨ ਤੋਂ ਵਾਪਸ ਆ ਗਈ ਹੈ। ਗੱਲਬਾਤ ਜਾਰੀ ਰਹੇਗੀ। ਖੇਤੀਬਾੜੀ ਅਤੇ ਆਟੋ ਸੈਕਟਰਾਂ ਵਿੱਚ ਕੁਝ ਮੁੱਦੇ ਹੱਲ ਕਰਨ ਦੀ ਲੋੜ ਹੈ। ਭਾਰਤ ਨੇ ਆਟੋ ਸੈਕਟਰਾਂ ਵਿੱਚ 25 ਫੀਸਦੀ ਡਿਊਟੀ ਤੋਂ ਵੱਧ ਦਾ ਮੁੱਦਾ ਉਠਾਇਆ ਹੈ। ਇਸਨੇ ਇਹ ਮਾਮਲਾ ਵਿਸ਼ਵ ਵਪਾਰ ਸੰਗਠਨ (ਡਬਲਿਊ ਟੀ ਓ) ਦੀ ਸੁਰੱਖਿਆ ਕਮੇਟੀ ਵਿੱਚ ਵੀ ਚੁੱਕਿਆ ਹੈ।

## ਜੰਗ ਦੌਰਾਨ ਚੀਨ ਨੇ ਪਾਕਿਸਤਾਨ ਦੀ ਹਰ ਸੰਭਵ ਮਦਦ ਕੀਤੀ : ਜਨਰਲ ਰਾਹੁਲ



**ਨਵੀਂ ਦਿੱਲੀ** : ਫੌਜ ਦੇ ਉਪ ਮੁਖੀ ਲੈਫਟੀਨੈਂਟ ਜਨਰਲ ਰਾਹੁਲ ਆਰ ਸਿੰਘ ਨੇ ਸ਼ੁੱਕਰਵਾਰ ਕਿਹਾ ਕਿ ਚੀਨ ਨੇ ਭਾਰਤ ਨੂੰ ਨੁਕਸਾਨ ਪਹੁੰਚਾਉਣ ਲਈ ਪਾਕਿਸਤਾਨ ਦੀ ਵਰਤੋਂ ਕੀਤੀ ਅਤੇ ਉਹ ਮਈ ਵਿੱਚ ਭਾਰਤੀ ਤੇ ਪਾਕਿਸਤਾਨੀ ਫੌਜਾਂ ਵਿਚਕਾਰ ਚਾਰ ਦਿਨਾਂ ਦੇ ਸੰਘਰਸ਼ ਦੌਰਾਨ ਆਪਣੇ ਸਦਾਬਹਾਰ ਸਹਿਯੋਗੀ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਿਹਾ ਸੀ।

ਉਦਯੋਗ ਚੈਂਬਰ ਫਿੱਕੀ ਵਿਖੇ ਇੱਕ ਸੰਬੋਧਨ ਵਿੱਚ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਚੀਨ ਨੇ ਭਾਰਤ-ਪਾਕਿਸਤਾਨ ਸੰਘਰਸ਼ ਨੂੰ ਵੱਖ-ਵੱਖ ਹਥਿਆਰ ਪ੍ਰਣਾਲੀਆਂ ਦੀ ਜਾਂਚ ਕਰਨ ਲਈ ਉਪਲੱਬਧ ਇੱਕ 'ਲਾਈਵ ਲੈਬ' ਵਾਂਗ ਵੀ ਵਰਤਿਆ। ਉਨ੍ਹਾ ਚੀਨ ਦੀ ਪ੍ਰਾਚੀਨ ਫੌਜੀ ਰਣਨੀਤੀ '36 ਰਣਨੀਤੀਆਂ' ਅਤੇ 'ਮੰਗਵੀਂ ਛੁਰੀ' ਨਾਲ ਵਿਰੋਧੀ ਨੂੰ ਮਾਰਨ ਦੀ ਗੱਲ 'ਤੇ ਜ਼ੋਰ ਦਿੱਤਾ ਤਾਂ ਜੋ ਇਹ ਸਾਬਤ ਕੀਤਾ ਜਾ ਸਕੇ ਕਿ ਚੀਨ ਨੇ ਭਾਰਤ ਨੂੰ ਨੁਕਸਾਨ ਪਹੁੰਚਾਉਣ ਲਈ ਪਾਕਿਸਤਾਨ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ।

ਉਨ੍ਹਾ ਸੁਝਾਅ ਦਿੱਤਾ ਕਿ ਭਾਰਤ ਅਸਲ ਵਿੱਚ ਤਿੰਨ ਵਿਰੋਧੀਆਂ ਨਾਲ ਨਜਿੱਠ ਰਿਹਾ ਸੀ। ਇਨ੍ਹਾਂ ਵਿਚ ਪਾਕਿਸਤਾਨ, ਚੀਨ ਅਤੇ ਤੁਰਕੀ ਸ਼ਾਮਲ ਹਨ। ਫੌਜ ਦੇ ਉਪ ਮੁਖੀ ਨੇ ਕਿਹਾ ਕਿ ਪਾਕਿਸਤਾਨ ਨੂੰ ਚੀਨ ਦਾ ਸਮਰਥਨ ਹੈਰਾਨੀ ਵਾਲੀ ਗੱਲ ਨਹੀਂ ਹੈ। ਉਨ੍ਹਾ ਕਿਹਾ, ਪਾਕਿਸਤਾਨ ਫਰੰਟ ਫੇਸ ਸੀ। ਚੀਨ ਉਸਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਿਹਾ ਸੀ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਕਿਉਂਕਿ, ਜੇ ਤੁਸੀਂ ਪਿਛਲੇ ਪੰਜ ਸਾਲਾਂ ਦੇ ਅੰਕੜਿਆਂ ਨੂੰ ਵੇਖਦੇ ਹੋ ਤਾਂ ਪਾਕਿਸਤਾਨ ਨੂੰ ਮਿਲਣ ਵਾਲੇ ਫੌਜੀ ਹਾਰਡਵੇਅਰ ਦਾ 81 ਪ੍ਰਤੀਸ਼ਤ ਚੀਨੀ ਹੈ। ਉਨ੍ਹਾ ਕਿਹਾ ਕਿ ਤੁਰਕੀ ਨੇ ਵੀ ਪਾਕਿਸਤਾਨ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾ ਕਿਹਾ, "ਅਸੀਂ ਜੰਗ ਦੇ ਸਮੇਂ, ਜੰਗ ਦੌਰਾਨ, ਉੱਥੇ ਮੌਜੂਦ ਵਿਅਕਤੀਆਂ ਦੇ ਨਾਲ ਕਈ ਡਰੋਨਾਂ ਨੂੰ ਆਉਂਦੇ ਅਤੇ ਉਤਰਦੇ ਦੇਖਿਆ।"

## ਸਾਡੇ ਵਿੱਚ ਰੱਬ ਨਾ ਦੇਖੋ...

**ਨਵੀਂ ਦਿੱਲੀ** : "ਸਾਡੇ ਵਿੱਚ ਰੱਬ ਨਾ ਦੇਖੋ"। ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਇਹ ਟਿੱਪਣੀ ਉਦੋਂ ਕੀਤੀ ਜਦੋਂ ਇੱਕ ਵਕੀਲ ਨੇ ਕਿਹਾ ਕਿ ਉਹ ਜੱਜਾਂ ਵਿੱਚ ਰੱਬ ਦੇਖਦੇ ਹਨ। ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਜਸਟਿਸ ਕੇ ਵਿਨੋਦ ਚੰਦਰਨ ਦੀ ਬੈਂਚ ਨੇ ਯੂ ਪੀ ਦੇ ਇੱਕ ਮੰਦਰ ਦੇ ਮਾਮਲੇ ਦੀ ਸੁਣਵਾਈ ਦੌਰਾਨ ਇਹ ਟਿੱਪਣੀ ਕੀਤੀ।



ਇਸ ਮਾਮਲੇ ਵਿੱਚ ਪੇਸ਼ ਹੋਏ ਇੱਕ ਵਕੀਲ ਨੇ ਇਹ ਕਹਿ ਕੇ ਉਸ ਨੂੰ ਕੇਸ ਤੋਂ ਲਾਂਭੇ ਕੀਤੇ ਜਾਣ ਦੀ ਮੰਗ ਕੀਤੀ ਕਿ ਉਸ ਦਾ ਮੁਵੱਕਿਲ ਉਸਦੀ ਗੱਲ ਨਹੀਂ ਸੁਣ ਰਿਹਾ। ਵਕੀਲ ਨੇ ਹੋਰ ਦਾਅਵਾ ਕੀਤਾ ਕਿ ਉਸ ਨੂੰ ਆਪਣੇ ਮੁਵੱਕਿਲ ਤੋਂ ਇੱਕ ਨੋਟਿਸ ਮਿਲਿਆ ਹੈ ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਜੱਜਾਂ ਨੂੰ ਵਕੀਲਾਂ ਰਾਹੀਂ ਪ੍ਰਭਾਵਤ ਕੀਤਾ ਜਾ ਰਿਹਾ ਹੈ। ਇਸ ਨੂੰ 'ਬਹੁਤ ਹੀ ਅਪਮਾਨਜਨਕ' ਕਰਾਰ ਦਿੰਦਿਆਂ ਵਕੀਲ ਨੇ ਦੁੱਖ ਪ੍ਰਗਟ ਕੀਤਾ, "ਜੇ ਸਾਨੂੰ ਪਤਾ ਲੱਗਦਾ ਹੈ ਕਿ ਕੋਈ ਬੇਈਮਾਨੀ ਹੋ ਰਹੀ ਹੈ ਤਾਂ ਅਸੀਂ ਕੇਸਾਂ ਤੋਂ ਪਿੱਛੇ ਹਟ ਜਾਂਦੇ ਹਾਂ। ਅਸੀਂ ਆਪਣੇ ਜੱਜਾਂ ਵਿੱਚ ਰੱਬ ਦੇਖਦੇ ਹਾਂ।" ਹਾਲਾਂਕਿ ਇਸ 'ਤੇ ਫੌਰੀ ਤੌਰ 'ਤੇ ਜਸਟਿਸ ਸੁੰਦਰੇਸ਼ ਨੇ ਕਿਹਾ, "ਸਾਡੇ ਵਿੱਚ ਰੱਬ ਨਾ ਦੇਖੋ। ਕਿਰਪਾ ਕਰਕੇ ਨਿਆਂ ਵਿੱਚ ਰੱਬ ਦੇਖੋ।" ਨਾਲ ਹੀ ਬੈਂਚ ਨੇ ਬੇਨਤੀ ਨੂੰ ਸਵੀਕਾਰ ਕਰ ਲਿਆ ਅਤੇ ਵਕੀਲ ਨੂੰ ਕੇਸ ਤੋਂ ਡਿਸਚਾਰਜ ਕਰ ਦਿੱਤਾ।

## ਗੋਲੀਆਂ ਚਲਾ ਕੇ ਪੁੱਤਰ ਮਾਰਿਆ, ਪਹਿਲੀ ਪਤਨੀ ਤੇ ਨੂੰਹ ਜ਼ਖਮੀ

**ਅੰਮ੍ਰਿਤਸਰ** : ਇੱਥੇ ਮਜੀਠਾ ਰੋਡ 'ਤੇ ਸ਼ੁੱਕਰਵਾਰ ਸਵੇਰੇ ਪਰਵਾਰਕ ਝਗੜੇ ਦੌਰਾਨ ਸੀ ਆਰ ਪੀ ਐੱਫ ਦੇ ਰਿਟਾਇਰਡ ਅਸਿਸਟੈਂਟ ਕਮਾਂਡੈਂਟ ਤਰਸੇਮ ਸਿੰਘ ਨੇ ਆਪਣੀ ਪਹਿਲੀ ਪਤਨੀ, ਪੁੱਤਰ ਅਤੇ ਨੂੰਹ 'ਤੇ ਗੋਲੀਆਂ ਚਲਾ ਦਿੱਤੀਆਂ। ਪੁੱਤਰ ਦੀ ਮੌਤ ਹੋ ਗਈ, ਜਦਕਿ ਮਹਿਲਾਵਾਂ ਜ਼ਖਮੀ ਹੋ ਗਈਆਂ। ਘਟਨਾ ਤੋਂ ਬਾਅਦ ਤਰਸੇਮ ਸਿੰਘ ਨੇ ਫਰਾਰ ਹੋਣ ਦਾ ਯਤਨ ਕੀਤਾ, ਪਰ ਪੁਲਸ ਨੇ ਕਾਬੂ ਕਰ ਲਿਆ। ਏ ਸੀ ਪੀ ਸੈਂਟਰਲ ਰਿਸ਼ਭ ਨੇ ਦੱਸਿਆ ਕਿ ਤਰਸੇਮ ਸਿੰਘ ਦਾ ਪਹਿਲੀ ਪਤਨੀ ਅਤੇ ਪੁੱਤਰ ਨਾਲ ਪ੍ਰਾਪਰਟੀ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਸਵੇਰੇ ਮੁੜ ਹੋਈ ਤਕਰਾਰ ਮੌਕੇ ਉਸ ਨੇ ਲਾਇਸੈਂਸੀ ਰਿਵਾਲਵਰ ਨਾਲ ਗੋਲੀਆਂ ਚਲਾ ਦਿੱਤੀਆਂ। ਪਰਵਾਰਕ ਮੈਂਬਰ ਨੇ ਦੱਸਿਆ ਕਿ ਤਰਸੇਮ ਸਿੰਘ ਅਤੇ ਉਸ ਦੀ ਪਤਨੀ ਵਿਚਕਾਰ ਗੁਜ਼ਾਰਾ ਭੱਤੇ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਕੁੱਝ ਦਿਨ ਪਹਿਲਾਂ ਵੀ ਉਸ ਨੇ ਪਤਨੀ ਦੀ ਮਾਰਕੁੱਟ ਕੀਤੀ ਅਤੇ ਇਸੇ ਮਾਮਲੇ ਨੂੰ ਲੈ ਕੇ ਉਹ ਥਾਣੇ ਪੁੱਜੇ ਸਨ। ਦੋਵਾਂ ਵਿਚਾਲੇ ਲੰਮੇ ਸਮੇਂ ਤੋਂ ਅਦਾਲਤੀ ਕੇਸ ਵੀ ਚੱਲ ਰਿਹਾ ਹੈ।

## ਮਜੀਠੀਆ ਨੂੰ ਹਾਈ ਕੋਰਟ ਤੋਂ ਫੌਰੀ ਰਾਹਤ ਨਹੀਂ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਕੈਬਨਿਟ ਮੰਤਰੀ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ 'ਆਪਣੀ ਗੈਰਕਾਨੂੰਨੀ ਗ੍ਰਿਫਤਾਰੀ ਤੇ ਰਿਮਾਂਡ' ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਸੁਣਵਾਈ ਸ਼ੁੱਕਰਵਾਰ 8 ਜੁਲਾਈ ਤੱਕ ਮੁਲਤਵੀ ਕਰ ਦਿੱਤੀ। ਜਸਟਿਸ ਤ੍ਰਿਭੁਵਨ ਦਹੀਆ ਕੋਲ ਸੰਖੇਪ ਸੁਣਵਾਈ ਦੌਰਾਨ ਪੰਜਾਬ ਦੇ ਐਡਵੋਕੇਟ ਜਨਰਲ ਨੇ ਦਲੀਲ ਦਿੱਤੀ ਕਿ ਮਜੀਠੀਆ ਨੇ ਮੁਹਾਲੀ ਅਦਾਲਤ ਵਿੱਚ 26 ਜੂਨ 2025 ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ, ਜੋ ਅਰਥਹੀਣ ਹੋ ਚੁੱਕੀ ਹੈ ਕਿਉਂਕਿ ਉਸ ਮਗਰੋਂ ਨਵੇਂ ਸੰਮਨ ਜਾਰੀ ਹੋ ਚੁੱਕੇ ਹਨ। ਇਸ ਮਗਰੋਂ ਅਦਾਲਤ ਨੇ ਮਜੀਠੀਆ ਦੇ ਵਕੀਲ ਨੂੰ ਸੋਧੀ ਹੋਈ ਪਟੀਸ਼ਨ ਦਾਖਲ ਕਰਨ ਲਈ ਕਿਹਾ ਹੈ।

ਮਜੀਠੀਆ ਨੇ ਵਿਜੀਲੈਂਸ ਵੱਲੋਂ ਦਰਜ ਕੇਸ ਨੂੰ ਉਸ ਦੀ ਦਿੱਖ ਖਰਾਬ ਕਰਨ ਅਤੇ ਤੰਗ-ਪ੍ਰੇਸ਼ਾਨ ਕਰਨ ਲਈ 'ਸਿਆਸੀ ਸਾਜ਼ਿਸ਼ ਤੇ ਬਦਲਾਖੋਰੀ' ਦਾ ਨਤੀਜਾ ਦੱਸਿਆ ਹੈ। ਇਹ ਪਟੀਸ਼ਨ ਸਰਤੇਜ ਸਿੰਘ ਨਰੂਲਾ, ਦਮਨਬੀਰ ਸਿੰਘ ਸੋਬਤੀ ਅਤੇ ਅਰਸ਼ਦੀਪ ਸਿੰਘ ਚੀਮਾ ਰਾਹੀਂ ਦਾਇਰ ਕੀਤੀ ਗਈ ਸੀ। ਵਿਜੀਲੈਂਸ ਬਿਊਰੋ ਨੇ ਮਜੀਠੀਆ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐੱਫ ਆਈ ਆਰ ਦਰਜ ਕੀਤੀ ਸੀ।

ਮਜੀਠੀਆ ਨੇ ਪਟੀਸ਼ਨ ਵਿਚ ਕਿਹਾ ਹੈ ਕਿ 25 ਜੂਨ ਨੂੰ ਮੁਹਾਲੀ ਦੇ ਵਿਜੀਲੈਂਸ ਬਿਊਰੋ ਪੁਲਸ ਥਾਣੇ ਵਿੱਚ ਦਰਜ ਐੱਫ ਆਈ ਆਰ 'ਸਪੱਸ਼ਟ ਤੌਰ 'ਤੇ ਗੈਰ-ਕਾਨੂੰਨੀ' ਸੀ ਅਤੇ ਉਸੇ ਦਿਨ ਉਨ੍ਹਾ ਦੀ ਰਿਹਾਇਸ਼ ਤੋਂ ਉਨ੍ਹਾ ਦੀ ਗ੍ਰਿਫਤਾਰੀ 'ਸਥਾਪਤ ਕਾਨੂੰਨੀ ਅਮਲ ਦੀ ਘੋਰ ਉਲੰਘਣਾ' ਸੀ। ਮਜੀਠੀਆ ਨੇ ਕਿਹਾ ਕਿ ਉਨ੍ਹਾ ਨੂੰ ਸਵੇਰੇ 11:20 ਵਜੇ ਉਨ੍ਹਾ ਦੀ ਅਧਿਕਾਰਤ ਗ੍ਰਿਫਤਾਰੀ ਤੋਂ ਪਹਿਲਾਂ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ, ਜਿਵੇਂ ਕਿ ਕਈ ਵੀਡੀਓ ਰਿਕਾਰਡਿੰਗਾਂ ਤੋਂ ਸਪੱਸ਼ਟ ਹੁੰਦਾ ਹੈ ਅਤੇ ਅਗਲੇ ਦਿਨ ਰਿਮਾਂਡ ਆਰਡਰ ਪਾਸ ਕੀਤਾ ਗਿਆ। ਪਟੀਸ਼ਨ ਵਿੱਚ ਲਿਖਿਆ ਗਿਆ ਹੈ, "ਸਵੇਰੇ 9 ਵਜੇ ਤੋਂ 11:20 ਵਜੇ ਤੱਕ ਹਿਰਾਸਤ ਨਾ ਸਿਰਫ ਗੈਰ-ਕਾਨੂੰਨੀ ਅਤੇ ਮਨਮਾਨੀ ਸੀ, ਸਗੋਂ ਗ੍ਰਿਫਤਾਰ ਵਿਅਕਤੀ ਨੂੰ 24 ਘੰਟਿਆਂ ਦੇ ਅੰਦਰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕਰਨ ਦੀ ਸੰਵਿਧਾਨਕ ਅਤੇ ਕਾਨੂੰਨੀ ਜ਼ਰੂਰਤ ਦੀ ਸਿੱਧੀ ਉਲੰਘਣਾ ਸੀ।

## ਡੀ ਐੱਸ ਪੀ ਗ੍ਰਿਫਤਾਰ



**ਚੰਡੀਗੜ੍ਹ** : ਫਰੀਦਕੋਟ ਵਿੱਚ ਮਹਿਲਾ ਸੈੱਲ 'ਚ ਤਾਇਨਾਤ ਡੀ ਐੱਸ ਪੀ (ਅਪਰਾਧ) ਰਾਜਨਪਾਲ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ ਹੈ ਕਿ ਉਸ ਨੇ ਆਪਣੇ ਖਿਲਾਫ ਦਾਇਰ ਭ੍ਰਿਸ਼ਟਾਚਾਰ ਨਾਲ ਸੰਬੰਧਤ ਸ਼ਿਕਾਇਤ ਨੂੰ ਰਫ਼ਾ-ਦਫ਼ਾ ਕਰਵਾਉਣ ਲਈ ਐੱਸ ਐੱਸ ਪੀ ਦਫ਼ਤਰ ਨੂੰ ਇਕ ਲੱਖ ਰੁਪਏ ਦੀ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ। ਸਰਕਾਰ ਦੀ 'ਭ੍ਰਿਸ਼ਟਾਚਾਰ ਖਿਲਾਫ ਸਿਫਰ ਟਾਲਰੈਂਸ ਨੀਤੀ' ਤਹਿਤ ਵਿਭਾਗੀ ਜਾਂਚ ਦੇ ਵੀ ਹੁਕਮ ਦਿੱਤੇ ਗਏ ਹਨ।

## ਨਿਪਾਹ ਦਾ ਖਤਰਾ

**ਤਿਰੁਅਨੰਤਪੁਰਮ** : ਕੇਰਲਾ ਵਿੱਚ ਸ਼ੁੱਕਰਵਾਰ ਤਿੰਨ ਉੱਤਰੀ ਜ਼ਿਲ੍ਹਿਆਂ ਵਿੱਚ ਅਲਰਟ ਜਾਰੀ ਕਰ ਦਿੱਤਾ ਗਿਆ, ਜਦੋਂ ਦੋ ਵਿਅਕਤੀਆਂ ਵਿੱਚ ਨਿਪਾਹ ਵਾਇਰਸ ਦੀ ਲਾਗ ਦੇ ਸੰਭਾਵੀ ਲੱਛਣ ਦੇਖੇ ਗਏ। ਅਧਿਕਾਰੀਆਂ ਨੂੰ ਸੂਬੇ ਵਿੱਚ ਮਹਾਂਮਾਰੀ ਦੇ ਮੁੜ ਫੈਲਣ ਦਾ ਡਰ ਪੈਦਾ ਹੋ ਗਿਆ ਹੈ। ਕੋਜ਼ੀਕੋਡ, ਮਲੱਪਪੁਰਮ ਅਤੇ ਪਲੱਕੜ ਜ਼ਿਲ੍ਹਿਆਂ ਵਿੱਚ ਸਿਹਤ ਸੰਬੰਧੀ ਚਿਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ।

## ਜ਼ਮੀਨਾਂ ਖੋਹਣ ਨਹੀਂ ਦੇਵਾਂਗੇ : ਜਾਖੜ

**ਚੰਡੀਗੜ੍ਹ** : ਸੁਨੀਲ ਜਾਖੜ ਦੀ ਅਗਵਾਈ 'ਚ ਲੈਂਡ ਪੂਲਿੰਗ ਨੀਤੀ ਤੋਂ ਪ੍ਰਭਾਵਤ ਲੁਧਿਆਣਾ ਜ਼ਿਲ੍ਹੇ ਦੇ ਕਿਸਾਨਾਂ ਦੇ ਵਫਦ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਇਸ ਮੌਕੇ ਭਾਜਪਾ ਦੇ ਕੌਮੀ ਆਗੂ ਤਰੁਣ ਚੁੱਘ ਅਤੇ ਸੂਬਾਈ ਆਗੂ ਵਿਨੀਤ ਜੋਸ਼ੀ ਵੀ ਉਨ੍ਹਾਂ ਦੇ ਨਾਲ ਸਨ। ਜਾਖੜ ਨੇ ਰਾਜਪਾਲ ਨਾਲ ਮਿਲਣੀ ਮਗਰੋਂ ਕਿਹਾ ਕਿ 'ਆਪ' ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨਾਲ ਕਿਸਾਨਾਂ ਦੀ ਜਬਰੀ ਜ਼ਮੀਨ ਖੋਹਣ ਦੇ ਮਨਸੂਬੇ ਸਫਲ ਨਹੀਂ ਹੋਣ ਦਿੱਤੇ ਜਾਣਗੇ।

## ਲੱਖ ਦੀ ਸਕੂਟੀ, 14 ਲੱਖ ਦਾ ਨੰਬਰ

**ਸ਼ਿਮਲਾ** : ਹਿਮਾਚਲ ਦੇ ਹਮੀਰਪੁਰ ਵਾਸੀ ਸੰਜੀਵ ਕੁਮਾਰ ਨੇ ਆਪਣੀ ਲਗਪਗ ਇੱਕ ਲੱਖ ਰੁਪਏ ਦੀ ਸਕੂਟੀ ਲਈ 14 ਲੱਖ ਰੁਪਏ ਦਾ ਨੰਬਰ ਖਰੀਦਿਆ। ਟਰਾਂਸਪੋਰਟ ਵਿਭਾਗ ਵੱਲੋਂ ਕਰਵਾਈ ਗਈ ਆਨਲਾਈਨ ਨਿਲਾਮੀ 'ਚ ਸੰਜੀਵ ਨੇ ਐੱਚ ਪੀ 21 ਸੀ-0001 ਨੰਬਰ ਪ੍ਰਾਪਤ ਕਰਨ ਲਈ 14 ਲੱਖ ਰੁਪਏ ਦੀ ਬੋਲੀ ਲਗਾਈ। ਨਿਲਾਮੀ 'ਚ ਸਿਰਫ ਦੋ ਲੋਕਾਂ ਨੇ ਭਾਗ ਲਿਆ। ਦੂਜਾ ਬੋਲੀ ਲਗਾਉਣ ਵਾਲਾ ਸੋਲਨ ਜ਼ਿਲ੍ਹੇ ਦਾ ਸੀ, ਜਿਸਨੇ 13.5 ਲੱਖ ਰੁਪਏ ਤਕ ਦੀ ਬੋਲੀ ਲਗਾਈ ਸੀ।

## ਰੂਸ ਦਾ ਯੂਕਰੇਨ ਦੀ ਰਾਜਧਾਨੀ 'ਤੇ ਵੱਡਾ ਹਵਾਈ ਹਮਲਾ

**ਕੀਵ** : ਰੂਸ ਨੇ ਸ਼ੁੱਕਰਵਾਰ ਰਾਤ ਯੂਕਰੇਨ ਦੀ ਰਾਜਧਾਨੀ ਕੀਵ ਨੂੰ ਡਰੋਨ ਅਤੇ ਮਿਜ਼ਾਈਲਾਂ ਨਾਲ ਲਗਾਤਾਰ ਹਮਲੇ ਕਰਕੇ ਨਿਸ਼ਾਨਾ ਬਣਾਇਆ। ਇਸ ਦੌਰਾਨ 23 ਲੋਕ ਜ਼ਖਮੀ ਹੋਏ ਅਤੇ ਕਈ ਥਾਵਾਂ 'ਤੇ ਭਾਰੀ ਨੁਕਸਾਨ ਹੋਇਆ।

ਰੂਸੀ ਹਵਾਈ ਸੈਨਾ ਨੇ ਕਿਹਾ ਕਿ ਰੂਸ ਨੇ ਰਾਤ ਭਰ ਯੂਕਰੇਨ 'ਤੇ 550 ਡਰੋਨ ਅਤੇ ਮਿਜ਼ਾਈਲਾਂ ਨਾਲ ਹਮਲਾ ਕੀਤਾ। ਇਨ੍ਹਾਂ ਵਿੱਚੋਂ ਜ਼ਿਆਦਾਤਰ ਡਰੋਨ ਸਨ, ਇਸ ਦੇ ਨਾਲ ਹੀ 11 ਮਿਜ਼ਾਈਲਾਂ ਦੀ ਵਰਤੋਂ ਵੀ ਕੀਤੀ ਗਈ।

ਯੂਕਰੇਨੀ ਹਵਾਈ ਰੱਖਿਆ ਪ੍ਰਣਾਲੀ ਨੇ 2 ਕਰੂਜ਼ ਮਿਜ਼ਾਈਲਾਂ ਸਮੇਤ 279 ਡਰੋਨਾਂ ਨੂੰ ਡੇਗਣ ਦਾ ਦਾਅਵਾ ਕੀਤਾ ਹੈ। ਯੂਕਰੇਨ ਨੇ ਇਹ ਵੀ ਕਿਹਾ ਹੈ ਕਿ ਹੋਰ 208 ਨਿਸ਼ਾਨੇ ਰਾਡਾਰ ਤੋਂ ਗਾਇਬ ਹੋ ਗਏ ਸਨ ਅਤੇ ਇਹ ਮੰਨਿਆ ਜਾਂਦਾ ਹੈ ਕਿ ਉਹ ਸਾਰੇ ਜਾਮ ਹੋ ਗਏ ਸਨ। ਇੱਕ ਹਫਤਾ ਪਹਿਲਾਂ ਹੀ ਰੂਸ ਨੇ ਯੂਕਰੇਨ 'ਤੇ ਸਭ ਤੋਂ ਵੱਡਾ ਹਵਾਈ ਹਮਲਾ ਕੀਤਾ ਸੀ।

ਇਸ ਹਮਲੇ ਬਾਰੇ, ਯੂਕਰੇਨ ਨੇ ਦਾਅਵਾ ਕੀਤਾ ਸੀ ਕਿ ਰੂਸ ਨੇ 537 ਡਰੋਨ ਅਤੇ 60 ਮਿਜ਼ਾਈਲਾਂ ਦਾਗੀਆਂ ਸਨ। ਇਸ ਹਮਲੇ ਵਿੱਚ ਕੀਵ ਵਿੱਚ ਘੱਟੋ-ਘੱਟ 10 ਥਾਵਾਂ ਨੂੰ ਨੁਕਸਾਨ ਪਹੁੰਚਿਆ ਸੀ।

## ਕਿਸਾਨ ਵੱਲੋਂ ਖੁਦਕੁਸ਼ੀ



**ਬਠਿੰਡਾ** : ਪਿੰਡ ਮਹਿਮਾ ਸਰਕਾਰੀ ਵਿੱਚ ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਗੁਰਸਾਹਿਬ ਸਿੰਘ (50) ਨੇ ਸ਼ੁੱਕਰਵਾਰ ਸਵੇਰੇ ਲਾਇਸੈਂਸੀ ਬੰਦੂਕ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੇ ਪਿਤਾ ਮੇਜਰ ਸਿੰਘ ਦੇ ਬਿਆਨ ਦੇ ਆਧਾਰ 'ਤੇ ਪੁਲਸ ਨੇ ਗੁਰਮੇਲ ਸਿੰਘ ਅਤੇ ਇੰਦਰਜੀਤ ਸਿੰਘ ਵਿਰੁੱਧ ਠੱਗੀ ਅਤੇ ਧੋਖਾਧੜੀ ਦੇ ਦੋਸ਼ ਹੇਠ ਥਾਣਾ ਨੇਹੀਆਂ ਵਾਲਾ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ।

ਗੁਰਸਾਹਿਬ ਨੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਅਤੇ ਧੀ ਦੇ ਵਿਆਹ ਲਈ ਕਰਜ਼ਾ ਲਿਆ ਸੀ, ਜੋ ਹਾਲੇ ਤੱਕ ਉਤਾਰਿਆ ਨਹੀਂ ਜਾ ਸਕਿਆ ਸੀ। ਇਸ ਕਾਰਨ ਉਸ ਨੂੰ ਪਿੰਡ ਦੇ ਰਹਿਣ ਵਾਲੇ ਗਿਆਨ ਚੰਦ ਦੇ ਕਹਿਣ 'ਤੇ ਗੁਰਮੇਲ ਸਿੰਘ ਤੇ ਉਸ ਦੇ ਸਾਥੀ ਇੰਦਰਜੀਤ ਸਿੰਘ ਨੇ ਤਿੰਨ ਕਰੋੜ ਰੁਪਏ ਦਾ ਕਰਜ਼ ਲੈ ਕੇ ਦੇਣ ਦਾ ਭਰੋਸਾ ਦਿਵਾਇਆ ਸੀ। ਇਸ ਦੇ ਬਦਲੇ ਉਨ੍ਹਾਂ ਉਸ ਤੋਂ 4 ਲੱਖ ਰੁਪਏ ਕਮਿਸ਼ਨ ਵਜੋਂ ਵੀ ਲਏ। ਕਈ ਮਹੀਨੇ ਬੀਤ ਜਾਣ ਉਪਰੰਤ ਵੀ ਉਸ ਨੂੰ ਤਿੰਨ ਕਰੋੜ ਰੁਪਏ ਕਰਜ਼ਾ ਨਹੀਂ ਮਿਲਿਆ ਤੇ ਮੁਲਜ਼ਮ ਉਸ ਨੂੰ ਲਾਰੇ ਲਾਉਣ ਲੱਗੇ ਤਾਂ ਗੁਰਸਾਹਿਬ ਨੇ ਤਣਾਅ 'ਚ ਆ ਕੇ ਜੀਵਨ ਲੀਲ੍ਹਾ ਸਮਾਪਤ ਕਰ ਲਈ।

## ਟੀਚਰ ਆਗੂਆਂ ਵੱਲੋਂ 30 ਹਜ਼ਾਰ ਦਾ ਯੋਗਦਾਨ



**ਮੋਗਾ** : ਸਾਬਕਾ ਅਧਿਆਪਕ ਆਗੂਆਂ ਵੱਲੋਂ ਪਾਰਟੀ ਨੂੰ 30 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਸਮੇਂ-ਸਮੇਂ 'ਤੇ ਉੱਚ ਅਹੁਦਿਆਂ 'ਤੇ ਰਹਿ ਕੇ ਜੱਥੇਬੰਦੀ ਦੀ ਯੋਗ ਅਗਵਾਈ ਕਰਦੇ ਰਹੇ ਮਾਸਟਰ ਬਲਵੀਰ ਸਿੰਘ ਰਾਮੂੰਵਾਲਾ, ਮਾਸਟਰ ਬਚਿੱਤਰ ਸਿੰਘ ਗਾਦੜੀਵਾਲਾ ਤੇ ਪ੍ਰਿੰਸੀਪਲ ਬਹਾਦਰ ਸਿੰਘ ਤਖਤੂਪੁਰਾ ਵੱਲੋਂ ਕਾਮਰੇਡ ਕੁਲਦੀਪ ਸਿੰਘ ਭੋਲਾ ਅਤੇ ਡਾਕਟਰ ਇੰਦਰਵੀਰ ਗਿੱਲ ਵੱਲੋਂ ਕੀਤੀ ਅਪੀਲ 'ਤੇ ਦਸ-ਦਸ ਹਜ਼ਾਰ ਰੁਪਏ ਪਾਰਟੀ ਦੀ 25ਵੀਂ ਕੌਮੀ ਕਾਂਗਰਸ ਲਈ ਸਹਾਇਤਾ ਰਾਸ਼ੀ ਭੇਟ ਕੀਤੀ ਗਈ ਹੈ। 30 ਹਜ਼ਾਰ ਦਾ ਚੈੱਕ ਇੱਥੇ ਪ੍ਰਿੰਸੀਪਲ ਬਹਾਦਰ ਸਿੰਘ ਵੱਲੋਂ ਪਾਰਟੀ ਦੇ ਪ੍ਰਮੁੱਖ ਆਗੂ ਕਾਮਰੇਡ ਜਗਰੂਪ ਸਿੰਘ ਨੂੰ ਭੇਟ ਕੀਤਾ ਗਿਆ।

## ਮੈਕਲੋਡਗੰਜ 'ਚ ਐੱਨ ਆਈ ਏ ਦੀ ਛਾਪੇਮਾਰੀ

**ਮੈਕਲੋਡਗੰਜ** : ਤਿੱਬਤੀ ਧਾਰਮਿਕ ਆਗੂ ਦਲਾਈਲਾਮਾ ਦੇ 90ਵੇਂ ਜਨਮ ਦਿਨ ਨੂੰ ਲੈ ਕੇ ਜਾਰੀ ਜਸ਼ਨਾਂ ਦਰਮਿਆਨ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਸ਼ੁੱਕਰਵਾਰ ਮੈਕਲੋਡਗੰਜ ਵਿੱਚ ਸਥਾਨਕ ਸੰਚਾਰ ਕੇਂਦਰ ਦੇ ਮਾਲਕ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਹਨ। ਉਸ ਦੇ ਭਾਰਤ ਅਤੇ ਵਿਦੇਸ਼ਾਂ ਵਿੱਚ ਕੰਮ ਕਰ ਰਹੇ ਖਾਲਿਸਤਾਨੀ ਕਾਰਕੁੰਨਾਂ ਨਾਲ ਸੰਬੰਧ ਹੋਣ ਦਾ ਸ਼ੱਕ ਹੈ। ਸੂਤਰਾਂ ਨੇ ਦੱਸਿਆ ਕਿ ਇਹ ਛਾਪੇ ਦਲਾਈ ਲਾਮਾ ਦੇ ਜਨਮ ਦਿਨ ਸਮਾਰੋਹਾਂ ਵਿੱਚ ਸ਼ਾਮਲ ਹੋਣ ਵਾਲੇ ਕਈ ਵੀ ਵੀ ਆਈ ਪੀਜ਼ ਦੇ ਸੁਰੱਖਿਆ ਫਿਕਰਾਂ ਨਾਲ ਜੁੜੇ ਹਨ।

ਮੈਕਲੋਡਗੰਜ ਪੁਲਸ ਸਟੇਸ਼ਨ ਦੇ ਐੱਸ ਐੱਚ ਓ ਦੀਪਕ ਕੁਮਾਰ ਨੇ ਕਿਹਾ ਕਿ ਉਨ੍ਹਾ ਕੋਲ ਐੱਨ ਆਈ ਏ ਦੀ ਇਸ ਕਾਰਵਾਈ ਬਾਰੇ ਪਹਿਲਾਂ ਤੋਂ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾ ਕਿਹਾ, "ਅਸੀਂ ਵੇਰਵਿਆਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਉੱਚ-ਪੱਧਰੀ ਸੁਰੱਖਿਆ ਫਿਕਰਾਂ ਨਾਲ ਜੁੜਿਆ ਮਾਮਲਾ ਜਾਪਦਾ ਹੈ।" ਧਰਮਸ਼ਾਲਾ ਸਥਿਤ ਇੱਕ ਹੋਰ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਛਾਪਾ ਖਾਲਿਸਤਾਨੀ ਜਥੇਬੰਦੀਆਂ ਨੂੰ ਲਾਭ ਪਹੁੰਚਾਉਣ ਵਾਲੀਆਂ ਕਥਿਤ ਦਹਿਸ਼ਤਗਰਦਾਂ ਦੀਆਂ ਵਿੱਤੀ ਸਰਗਰਮੀਆਂ ਨਾਲ ਜੁੜਿਆ ਹੋਇਆ ਹੈ। ਜਾਂਚ ਦੇ ਘੇਰੇ ਵਿੱਚ ਆਏ ਵਿਅਕਤੀ ਦੀ ਪਛਾਣ ਸੰਨੀ ਪੁੱਤਰ ਘਿੰਦਰੋ ਰਾਮ ਵਜੋਂ ਹੋਈ ਹੈ। ਉਹ ਮੁਕਾਮੀ ਨੌਜਵਾਨ ਹੈ ਅਤੇ ਦਲਾਈ ਲਾਮਾ ਦੀ ਮੌਨੈਸਟਰੀ ਨੇੜੇ ਸੰਚਾਰ ਕੇਂਦਰ ਚਲਾਉਂਦਾ ਹੈ। ਉਸ ਦਾ ਵਿਆਹ ਕਥਿਤ ਰੂਸੀ ਨਾਗਰਿਕ ਨਾਲ ਹੋਇਆ ਹੈ, ਜੋ ਕਈ ਸਾਲਾਂ ਤੋਂ ਮੈਕਲੋਡਗੰਜ ਵਿੱਚ ਉਸ ਦੇ ਨਾਲ ਰਹਿ ਰਹੀ ਹੈ। ਏਜੰਸੀ ਨੇ ਫੋਰੈਂਸਿਕ ਜਾਂਚ ਲਈ ਦਸਤਾਵੇਜ਼, ਕੰਪਿਊਟਰ ਹਾਰਡ ਡਰਾਈਵ ਅਤੇ ਮੋਬਾਈਲ ਫੋਨ ਸਮੇਤ ਕਈ ਚੀਜ਼ਾਂ ਜ਼ਬਤ ਕੀਤੀਆਂ ਹਨ। ਸੂਤਰਾਂ ਅਨੁਸਾਰ, ਸੰਨੀ ਦੇ ਬੈਂਕ ਲੈਣ-ਦੇਣ ਅਤੇ ਵਿਦੇਸ਼ੀ ਮੁਦਰਾ ਗਤੀਵਿਧੀਆਂ ਨੇ ਸ਼ੱਕ ਪੈਦਾ ਕੀਤਾ ਹੈ। ਵਿਦੇਸ਼ ਬੈਠੇ ਵਿਅਕਤੀਆਂ ਖਾਸ ਕਰਕੇ ਖਾਲਿਸਤਾਨੀ ਨੈੱਟਵਰਕ ਨਾਲ ਜੁੜੇ ਲੋਕਾਂ ਨਾਲ ਉਸ ਦੇ ਸੰਭਾਵੀ ਸੰਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਕੈਨੇਡਾ 'ਚ ਹਵਾਈ ਯਾਤਰੀ ਖੱਜਲ-ਖੁਆਰ

**ਵੈਨਕੂਵਰ** : ਕੈਨੇਡਾ ਵਿਚ ਵੀਰਵਾਰ ਸਵੇਰੇ ਉਪਰੋਥੱਲੀ ਮਿਲੀਆਂ ਬੰਬ ਦੀਆਂ ਧਮਕੀਆਂ ਮਗਰੋਂ ਲਗਪਗ ਸਾਰੇ ਪ੍ਰਮੁੱਖ ਹਵਾਈ ਅੱਡਿਆਂ ਨੂੰ ਖਾਲੀ ਕਰਵਾ ਲਿਆ ਗਿਆ। ਇਨ੍ਹਾਂ ਧਮਕੀਆਂ ਕਰਕੇ ਉਡਾਣਾਂ ਅਸਰਅੰਦਾਜ਼ ਹੋਈਆਂ ਤੇ ਯਾਤਰੀਆਂ ਨੂੰ ਖੱਜਲ-ਖੁਆਰ ਹੋਣਾ ਪਿਆ। ਸੁਰੱਖਿਆ ਏਜੰਸੀਆਂ ਨੇ ਫੌਰੀ ਹਰਕਤ ਵਿਚ ਆਉਂਦਿਆਂ ਹਵਾਈ ਅੱਡਿਆਂ ਤੇ ਉਡਾਣਾਂ ਦੀ ਬਾਰੀਕੀ ਨਾਲ ਜਾਂਚ ਕੀਤੀ, ਜਿਸ ਤੋਂ ਬਾਅਦ ਇਨ੍ਹਾਂ ਵਿੱਚੋਂ ਬਹੁਤੇ ਹਵਾਈ ਅੱਡਿਆਂ ਤੋਂ ਉਡਾਣਾਂ ਮੁੜ ਸ਼ੁਰੂ ਹੋ ਗਈਆਂ।

ਓਟਵਾ, ਮਾਂਟਰੀਅਲ, ਐਡਮੰਟਨ, ਵਿਨੀਪੈਗ, ਕੈਲਗਰੀ ਅਤੇ ਵੈਨਕੂਵਰ ਵਿੱਚ ਹਵਾਈ ਅੱਡਿਆਂ 'ਤੇ ਬੰਬ ਦੀਆਂ ਧਮਕੀਆਂ ਬਾਰੇ ਜਾਣਕਾਰੀ ਮਿਲੀ।

## ਕੋਟ ਈਸੇ ਖਾਂ ਦੇ ਨਾਮੀ ਡਾਕਟਰ 'ਤੇ ਫਾਇਰਿੰਗ



**ਕੋਟ ਈਸੇ ਖਾਂ (ਅਰੋੜਾ)**-ਇੱਥੋਂ ਦੇ ਨਾਮੀ ਡਾਕਟਰ ਅਤੇ ਹਰਬੰਸ ਨਰਸਿੰਗ ਹੋਮ ਦੇ ਮਾਲਕ ਅਨਿਲਜੀਤ ਕੰਬੋਜ ਨੰਨ੍ਹੀ ਨੂੰ ਸ਼ੁੱਕਰਵਾਰ ਬਾਅਦ ਦੁਪਹਿਰ ਇੱਕ ਵਜੇ ਦੇ ਕਰੀਬ ਗੈਂਗਸਟਰਾਂ ਨੇ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ।

ਉਹ ਕੋਟ ਈਸੇ ਖਾਂ ਦੇ ਮੁੱਖ ਚੌਕ ਵਿੱਚ ਸਥਿਤ ਆਪਣੇ ਕਲੀਨਿਕ ਵਿੱਚ ਬੈਠੇ ਹੋਏ ਸਨ। ਦੋ ਹਮਲਾਵਰਾਂ ਨੂੰ ਕਲੀਨਿਕ ਦੇ ਨਾਲ ਵਾਲੀ ਭੀੜੀ ਗਲੀ ਵਿੱਚ ਭੱਜੇ ਜਾਂਦੇ ਦੇਖਿਆ ਗਿਆ। ਡਾਕਟਰ ਨੰਨ੍ਹੀ ਨੂੰ ਕੁਝ ਸਮੇਂ ਤੋਂ ਗੈਂਗਸਟਰਾਂ ਵੱਲੋਂ ਫਿਰੌਤੀ ਲਈ ਧਮਕੀਆਂ ਵੀ ਮਿਲ ਰਹੀਆਂ ਸਨ ਅਤੇ ਪੁਲਸ ਵੱਲੋਂ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ ਸੀ। ਉਨ੍ਹਾ ਦੇ ਢਿੱਡ ਵਿੱਚ ਦੋ ਗੋਲੀਆਂ ਲੱਗੀਆਂ ਹਨ ਤੇ ਉਨ੍ਹਾ ਨੂੰ ਮੋਗਾ ਦੇ ਮੈਡੀਸਿਟੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

## ਅੱਜ-ਨਾਮਾ

ਫਸਿਆ ਪੁਲਸ ਦਾ ਇੱਕ ਹੈ ਹੋਰ ਅਫਸਰ,
ਜਿਸ ਨੇ ਬਾਹਲੀ ਆ ਕਰੀ ਕਮਾਈ ਮੀਆਂ।
ਪੀੜਤ ਔਰਤ ਇਨਸਾਫ ਦੀ ਅਰਜ਼ ਕੀਤੀ,
ਦਇਆ ਓਸ 'ਤੇ ਭੋਰਾ ਨਹੀਂ ਆਈ ਮੀਆਂ।
ਮੋਟੀ ਓਸ ਤੋਂ ਰਿਸ਼ਵਤ ਰਖਵਾਈ ਉਸ ਨੇ,
ਉਹ ਤੇ ਪਹਿਲਾਂ ਸੀ ਬਹੁਤ ਸਤਾਈ ਮੀਆਂ।
ਹੋਈ ਅਫਸਰ ਦੀ ਜਦੋਂ ਸ਼ਿਕਾਇਤ ਉੱਪਰ,
ਚੁਸਤੀ ਉਹਨੇ ਫਿਰ ਨਵੀਂ ਦਿਖਾਈ ਮੀਆਂ।
ਰਿਸ਼ਵਤ ਵਿੱਚੋਂ ਕੁਝ ਗਿਆ ਸੀ ਦੇਣ ਅੱਗੇ,
ਸਿਰ 'ਤੇ ਨਵੀਂ ਮੁਸੀਬਤ ਤਦ ਪਈ ਮੀਆਂ।
ਲੱਗ ਗਈ ਹੱਥਾਂ ਨੂੰ ਹੱਥਕੜੀ ਝੱਟ ਉਹਦੇ,
ਨੌਕਰੀ ਸਮਝ ਲਉ ਗਈ ਕਿ ਗਈ ਮੀਆਂ।

-ਤੀਸ ਮਾਰ ਖਾਂ

## ਹਿਮਾਚਲ ਨੂੰ ਮੌਨਸੂਨ 'ਚ ਵੱਡੀ ਜਾਨੀ ਤੇ ਮਾਲੀ ਮਾਰ



**ਸ਼ਿਮਲਾ** : ਹਿਮਾਚਲ ਵਿੱਚ 20 ਜੂਨ ਨੂੰ ਮੌਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ 495 ਕਰੋੜ ਤੋਂ ਵੱਧ ਦਾ ਨੁਕਸਾਨ ਅਤੇ 69 ਮੌਤਾਂ ਦਰਜ ਕੀਤੀਆਂ ਗਈਆਂ ਹਨ। ਰਾਜ ਐਮਰਜੈਂਸੀ ਅਪਰੇਸ਼ਨ ਸੈਂਟਰ ਵੱਲੋਂ ਸ਼ੁੱਕਰਵਾਰ ਨੂੰ ਜਾਰੀ ਸਥਿਤੀ ਰਿਪੋਰਟ ਅਨੁਸਾਰ ਸੜਕ ਹਾਦਸਿਆਂ ਵਿੱਚ 26 ਮੌਤਾਂ ਅਤੇ ਮੌਨਸੂਨ ਦੇ ਕਹਿਰ ਕਾਰਨ ਹੁਣ 43 ਮੌਤਾਂ ਹੋਈਆਂ ਹਨ।

ਇਸ ਦੌਰਾਨ 55 ਘਰ ਪੂਰੀ ਤਰ੍ਹਾਂ ਨੁਕਸਾਨੇ ਗਏ ਹਨ। ਇਸ ਤੋਂ ਇਲਾਵਾ 198 ਗਊਸ਼ਾਲਾਵਾਂ, ਕਈ ਜਨਤਕ ਸਹੂਲਤਾਂ ਜਿਵੇਂ ਕਿ ਸੜਕਾਂ, ਪਾਣੀ ਸਹੂਲਤਾਂ, ਬਿਜਲੀ ਦਾ ਬੁਨਿਆਦੀ ਢਾਂਚਾ, ਵਿਦਿਅਕ ਸੰਸਥਾਵਾਂ ਅਤੇ ਸਿਹਤ ਸੰਭਾਲ ਆਦਿ ਥਾਵਾਂ ਸ਼ਾਮਲ ਹਨ। ਸਿਰਫ ਜਨਤਕ ਬੁਨਿਆਦੀ ਢਾਂਚੇ ਨੂੰ 287.80 ਕਰੋੜ ਦਾ ਨੁਕਸਾਨ ਹੋਇਆ ਹੈ, ਜਿਸ ਵਿੱਚ ਲੋਕ ਨਿਰਮਾਣ ਵਿਭਾਗ ਦਾ ਸਭ ਤੋਂ ਵੱਧ ਹਿੱਸਾ ਹੈ। ਜਲ ਸ਼ਕਤੀ ਵਿਭਾਗ, ਬਿਜਲੀ, ਸਿਹਤ, ਸਿੱਖਿਆ, ਮੱਛੀ ਪਾਲਣ, ਪੇਂਡੂ ਵਿਕਾਸ, ਸ਼ਹਿਰੀ ਵਿਕਾਸ ਅਤੇ ਪਸ਼ੂ ਪਾਲਣ ਵਿਭਾਗ ਦੇ ਅਸਾਸਿਆਂ ਦਾ ਨੁਕਸਾਨ ਵੀ ਹੋਇਆ ਹੈ। ਨਿੱਜੀ ਸੰਪਤੀ ਨੂੰ 134.32 ਕਰੋੜ ਦਾ ਨੁਕਸਾਨ ਹੋਇਆ ਹੈ।

ਮੰਡੀ ਜ਼ਿਲ੍ਹੇ ਵਿੱਚ 20 ਮੌਤਾਂ ਹੋਈਆਂ ਹਨ ਅਤੇ 80 ਘਰ ਪੂਰੀ ਤਰ੍ਹਾਂ ਨੁਕਸਾਨੇ ਗਏ। ਜ਼ਿਲ੍ਹੇ ਦਾ ਵਿੱਤੀ ਨੁਕਸਾਨ 86.78 ਕਰੋੜ ਹੈ। ਕਾਂਗੜਾ ਜ਼ਿਲ੍ਹੇ ਵਿੱਚ 13 ਮੌਤਾਂ, 52 ਘਰ ਪੂਰੀ ਤਰ੍ਹਾਂ ਨੁਕਸਾਨੇ ਗਏ ਹਨ ਅਤੇ 84.93 ਕਰੋੜ ਦਾ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਕੁੱਲੂ, ਸ਼ਿਮਲਾ, ਸੋਲਨ ਅਤੇ ਚੰਬਾ ਵਿੱਚ ਵੀ ਮਹੱਤਵਪੂਰਨ ਬੁਨਿਆਦੀ ਢਾਂਚੇ ਅਤੇ ਨਿੱਜੀ ਸੰਪਤੀ ਦਾ ਨੁਕਸਾਨ ਦਰਜ ਕੀਤਾ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਸਾਲ ਜਨਵਰੀ ਤੋਂ 3 ਜੁਲਾਈ ਤੱਕ ਹਿਮਾਚਲ ਵਿੱਚ ਵੱਖ-ਵੱਖ ਆਫਤਾਂ ਵਿੱਚ ਕੁੱਲ 548 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਸ ਵਿੱਚ ਇਕੱਲੇ ਜੂਨ ਵਿੱਚ 132 ਮੌਤਾਂ ਸ਼ਾਮਲ ਹਨ। ਇਸ ਸਾਲ ਹੁਣ ਤੱਕ ਜ਼ਮੀਨ ਖਿਸਕਣ, ਬੱਦਲ ਫਟਣ, ਸੜਕ ਹਾਦਸਿਆਂ ਅਤੇ ਹੋਰ ਆਫਤਾਂ ਕਾਰਨ 958 ਲੋਕ ਜ਼ਖਮੀ ਹੋਏ ਹਨ।

ੴ ਸਤਿਗੁਰ ਪ੍ਰਸਾਦਿ ॥
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥



ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ
ਡਾ. ਕਸ਼ਮੀਰ ਸਿੰਘ ਸੋਹਲ
(ਐੱਮ ਐੱਲ ਏ, ਹਲਕਾ ਤਰਨ ਤਾਰਨ) ਸਤਿਗੁਰੂ ਦੇ ਹੁਕਮ ਅਨੁਸਾਰ ਮਿਤੀ 27 ਜੂਨ 2025 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ
ਸ਼ਰਧਾਂਜਲੀ ਸਮਾਗਮ
ਉਪਰੰਤ ਕੀਰਤਨ ਅਤੇ ਅਰਦਾਸ ਮਿਤੀ 6 ਜੁਲਾਈ 2025 ਦਿਨ ਐਤਵਾਰ ਨੂੰ 12.00 ਤੋਂ 1.00 ਵਜੇ "ਪ੍ਰੀਤਮ ਗਾਰਡਨ" ਅੰਮ੍ਰਿਤਸਰ-ਤਰਨ ਤਾਰਨ ਰੋਡ, ਤਰਨ ਤਾਰਨ ਵਿਖੇ ਹੋਵੇਗੀ।
ਆਪ ਜੀ ਨੇ ਅੰਤਮ ਅਰਦਾਸ 'ਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।
ਦੁਖੀ ਹਿਰਦੇ
ਸਰਦਾਰਨੀ ਨਵਜੋਤ ਕੌਰ ਹੁੰਦਲ
(ਪੀ ਏ) ਐਡ. ਕੋਮਲਪ੍ਰੀਤ ਸਿੰਘ
(ਜ਼ਿਲ੍ਹਾ ਸੀਨੀ. ਮੀਤ ਪ੍ਰਧਾਨ ਯੂਥ ਵਿੰਗ (ਆਪ) ਤਰਨ ਤਾਰਨ)
ਡਾ. ਨਵਪ੍ਰੀਤ ਸਿੰਘ (ਸਪੁੱਤਰ), ਡਾ. ਕਰਨਬੀਰ ਸਿੰਘ (ਜਵਾਈ)
ਅਤੇ ਸਮੂਹ ਆਮ ਆਦਮੀ ਪਾਰਟੀ
ਮੋਬਾਇਲ : 99146-44710, 79731-04759, 97795-71260

CMYK

5-JULY-PAGE-1.qxd 7/4/2025 10:47 PM Page 2



## ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ ਪੈਨਸ਼ਨ ਤੇ ਰਾਸ਼ਨ ਵੰਡ ਸਮਾਰੋਹ



**ਜਗਰਾਓਂ (ਸੰਜੀਵ ਅਰੋੜਾ, ਅਮਿਤ ਖੰਨਾ)**-ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਨੇ 184ਵਾਂ ਪੈਨਸ਼ਨ ਵੰਡ ਸਮਾਰੋਹ ਗੁਰਦੁਆਰਾ ਭਜਨਗੜ੍ਹ ਸਾਹਿਬ ਵਿਖੇ ਕੀਤਾ, ਜਿਸ ਦੇ ਮੁੱਖ ਮਹਿਮਾਨ ਭਾਈ ਜਰਨੈਲ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਭਜਨਗੜ੍ਹ ਸਾਹਿਬ ਤੇ ਗੈਸਟ ਆਫ ਆਨਰ ਮੀਤ ਗ੍ਰੰਥੀ ਭਾਈ ਚਰਨ ਸਿੰਘ ਸਨ। ਕੈਨੇਡਾ ਵਾਸੀ ਜਸਵੀਰ ਸਿੰਘ ਔਲਖ ਨੇ 25 ਬਜ਼ੁਰਗਾਂ ਦੀ ਪੈਨਸ਼ਨ ਦੀ ਸੇਵਾ ਭੇਜੀ, ਜੋ ਕਿ ਬਜ਼ੁਰਗਾਂ ਨੂੰ ਵੰਡੀ ਗਈ। ਜਸਵੀਰ ਸਿੰਘ ਔਲਖ ਲਗਭਗ 8-9 ਸਾਲਾਂ ਤੋਂ ਇਹ ਸੇਵਾ ਨਿਭਾ ਰਹੇ ਹਨ। ਹਰੇਕ ਬਜ਼ੁਰਗ ਨੂੰ ਆਟੇ ਦੀ ਥੈਲੀ ਦੀ ਸੇਵਾ ਆਰਯਨ ਬਾਂਸਲ ਨੇ ਆਪਣਾ ਜਨਮ ਦਿਨ ਮਨਾਉਂਦੇ ਹੋਏ ਕੀਤੀ। ਕੀਰਤ ਸਿੰਘ ਵੱਲੋਂ ਬਜ਼ੁਰਗਾਂ ਲਈ ਗਰਮੀ ਨੂੰ ਦੇਖਦੇ ਹੋਏ ਹਰੇਕ ਬਜ਼ੁਰਗ ਲਈ ਲਾਹੌਰੀ ਜ਼ੀਰੇ ਦੇ ਠੰਡੇ ਦੀ ਇਕ-ਇਕ ਪੇਟੀ ਦੀ ਸੇਵਾ ਕੀਤੀ। ਇਸ ਮੌਕੇ ਪ੍ਰਧਾਨ ਮਨਜਿੰਦਰਪਾਲ ਸਿੰਘ ਹਨੀ, ਸੈਕਟਰੀ ਡਾਇਰੈਕਟਰ ਰਾਜਨ ਬਾਂਸਲ, ਪੈਟਰਨ ਵਿਨੋਦ ਬਾਂਸਲ, ਸੈਕਟਰੀ ਸਟੇਜ ਦਮਨਦੀਪ ਸਿੰਘ, ਜੁਆਇੰਟ ਸੈਕਟਰੀ ਡਾ: ਜਸਨੀਤਪਾਲ ਸਿੰਘ, ਜੁਆਇੰਟ ਸੈਕਟਰੀ ਜਸਪਾਲ ਸਿੰਘ, ਪਬਲਿਸਿਟੀ ਅਫ਼ਸਰ ਆਸ਼ੀਸ਼ ਕਪੂਰ ਆਦਿ ਹਾਜ਼ਰ ਸਨ। ਅੰਤ 'ਚ ਸੰਸਥਾ ਵੱਲੋਂ ਬਜ਼ੁਰਗਾਂ ਲਈ ਚਾਹ, ਠੰਡਾ ਤੇ ਬਿਸਕੁਟਾਂ ਦੀ ਵੀ ਸੇਵੀ ਕੀਤੀ ਗਈ।

## ਗੁਰਬਖਸ਼ ਸਿੰਘ ਨੇ ਸੀਨੀਅਰ ਸਹਾਇਕ ਵਜੋਂ ਸੇਵਾਵਾਂ ਸੰਭਾਲੀਆਂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰਬਖਸ਼ ਸਿੰਘ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਦੇ ਦਫ਼ਤਰ ਫਿਰੋਜ਼ਪੁਰ ਵਿਖੇ ਸੀਨੀਅਰ ਸਹਾਇਕ ਦੇ ਅਹੁਦੇ 'ਤੇ ਸੇਵਾਵਾਂ ਸੰਭਾਲੀਆਂ। ਇਸ ਮੌਕੇ ਸਮੁੱਚੀ ਕਲੈਰੀਕਲ ਯੂਨੀਅਨ, ਜ਼ਿਲ੍ਹਾ ਫਿਰੋਜ਼ਪੁਰ ਤੇ ਦਫ਼ਤਰੀ ਸਟਾਫ਼ ਨੇ ਸ਼ਿਰਕਤ ਕੀਤੀ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਮੋਨੀਲਾ ਅਰੋੜਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਤੇ ਸੈਕਸ਼ਨ ਅਫਸਰ ਚਿਤਰਾ ਸੋਨੀ ਨੇ ਜਥੇਬੰਦੀ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕਰਦਿਆਂ ਗੁਰਬਖਸ਼ ਸਿੰਘ ਨੂੰ ਵਧਾਈ ਦਿੱਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਵਰੁਣ ਕੁਮਾਰ (ਐੱਮ.ਡੀ) ਤੇ ਜ਼ਿਲ੍ਹਾ ਜਨਰਲ ਸਕੱਤਰ ਅਮਨ ਸ਼ਰਮਾ ਨੇ ਪ੍ਰਮੋਟ ਹੋਏ ਸਾਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ। ਸਮਾਰੋਹ ਵਿੱਚ ਪ੍ਰਿੰਸੀਪਲ ਨੀਲਮ ਧਵਨ (ਲੁੰਬੜੀ ਵਾਲਾ) ਆਪਣੇ ਸਕੂਲ ਸਟਾਫ਼ ਸਮੇਤ, ਗੌਰਵ ਵਰਮਾ, ਸੁਖਚੈਨ ਸਿੰਘ, ਮਨਿੰਦਰ ਸਿੰਘ, ਰਮਿੰਦਰਪਾਲ ਸਿੰਘ, ਰਸ਼ਪਾਲ ਸਿੰਘ, ਅਮਰਨਾਥ, ਅਮਰ, ਜਤਿੰਦਰ ਕੁਮਾਰ, ਸੂਰਜ, ਗੋਲਡੀ, ਕਿਰਨਜੀਤ ਕੌਰ, ਹਰਜਿੰਦਰ ਕੌਰ, ਪਰਮਜੀਤ ਕੌਰ, ਸ਼ਮੀਨ ਅਰੋੜਾ, ਕਰਮਜੀਤ ਕੌਰ, ਪ੍ਰਦੀਪ, ਸਾਗਰ, ਰਮਨ ਆਦਿ ਹਾਜ਼ਰ ਸਨ।

## ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨ ਯੂਨੀਅਨ ਦੀ ਮੀਟਿੰਗ 'ਚ ਅਹਿਮ ਵਿਚਾਰਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨ ਯੂਨੀਅਨ ਪੰਜਾਬ ਸਬ-ਡਵੀਜ਼ਨ ਮਹਿਲ ਕਲਾਂ, ਠੁੱਲੀਵਾਲ ਦੇ ਪੈਨਸ਼ਨਰਾਂ ਦੀ ਅਹਿਮ ਮੀਟਿੰਗ ਅਨਾਜ ਮੰਡੀ ਮਹਿਲ ਕਲਾਂ ਵਿਖੇ ਇੰਜੀ: ਕੇਵਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸੂਬਾ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ ਨੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਆਪ ਸਰਕਾਰ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਟਾਲ-ਮਟੋਲ ਕਰ ਰਹੀ ਹੈ।ਡੀ ਏ ਦੀ ਬਕਾਇਆ ਰਹਿੰਦੀ 11 ਫੀਸਦੀ ਕਿਸ਼ਤ, 200 ਰੁਪਏ ਮਹੀਨਾ ਕੱਟ ਬੰਦ ਕਰਨ ਤੇ ਹੋਰ ਮੰਨੀਆਂ ਮੰਗਾਂ ਲਾਗੂ ਕਰਨ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਾਈ।ਉਨ੍ਹਾਂ ਕਿਹਾ ਕਿ ਜੇਕਰ ਮੰਗਾਂ ਨਾ ਲਾਗੂ ਕੀਤੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਮਹਿਕਮੇ ਦੀ ਹੋਵੇਗੀ।ਇਸ ਮੌਕੇ ਸੁਖਦੇਵ ਸਿੰਘ ਝਲੂਰ, ਸਾਧੂ ਸਿੰਘ ਬੜੀ, ਸ਼ਿਆਮ ਸਿੰਘ ਖੇੜੀ, ਦਰਸ਼ਨ ਸਿੰਘ ਜੌਹਲਾਂ, ਮਲਕੀਤ ਸਿੰਘ ਸਹੌਰ, ਬਿੱਕਰ ਸਿੰਘ ਛੀਨੀਵਾਲ, ਜਗਮੇਲ ਸਿੰਘ ਛੀਨੀਵਾਲ, ਸ਼ਿੰਗਾਰਾ ਸਿੰਘ ਕੁਰੜ, ਸ਼ਮਸ਼ੇਰ ਸਿੰਘ ਹਮੀਦੀ ਆਦਿ ਸ਼ਾਮਲ ਸਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਸਕੂਲਾਂ 'ਚ ਲਗਾਏ ਆਰ ਓ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਸਾਫ਼ ਪਾਣੀ ਦੇਣ ਲਈ ਵੱਡੀ ਗਿਣਤੀ ਵਿੱਚ ਮੁਫ਼ਤ ਆਰ ਓ ਸਿਸਟਮ ਲਗਾਏ ਜਾ ਰਹੇ ਹਨ।ਇਸ ਲੜੀ ਤਹਿਤ ਸ੍ਰ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਥਾਮ, ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਟਿੱਬੀ ਸਾਹਿਬ ਵਿੱਚ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਮੁਫ਼ਤ ਆਰ ਓ ਸਿਸਟਮ ਲਗਾਏ ਗਏ ਹਨ, ਜਿਨ੍ਹਾਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰਾਂ ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਵੱਲੋਂ ਮੌਕੇ 'ਤੇ ਜਾ ਕੇ ਫਿੱਟ ਕਰਵਾਏ ਗਏ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਮਾੜਾ ਹੋਣ ਕਾਰਨ ਲੋਕ ਵੱਖ ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਤੇ ਇਸ ਪਾਣੀ ਦਾ ਖਾਸਕਰ ਬੱਚਿਆਂ ਦੀ ਸਿਹਤ 'ਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ, ਕਿਉਂਕਿ ਬੱਚੇ ਮਜਬੂਰੀ ਵੱਸ ਇਹ ਮਾੜਾ ਪਾਣੀ ਪੀਣ ਲਈ ਮਜਬੂਰ ਸਨ ਤਾਂ ਸਕੂਲ ਸਟਾਫ ਵੱਲੋਂ ਡਾਕਟਰ ਓਬਰਾਏ ਨੂੰ ਸਕੂਲਾਂ ਵਿੱਚ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਆਰ ਓ ਸਿਸਟਮ ਲਗਾਉਣ ਦੀ ਮੰਗ ਕੀਤੀ ਗਈ ਸੀ।ਇਸ ਉਪਰੰਤ ਸਕੂਲ ਸਟਾਫ, ਬੱਚਿਆਂ ਤੇ ਸਕੂਲ ਕਮੇਟੀ ਵੱਲੋਂ ਡਾਕਟਰ ਐੱਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।

## ਕੇਂਦਰ ਸਰਕਾਰ ਬੰਦੀ ਸਿੰਘਾਂ ਨੂੰ ਰਿਹਾਅ ਕਰੇ : ਡਾ. ਦੀਪ



**ਅਜੀਤਵਾਲ (ਨਛੱਤਰ ਸੰਧੂ)**-ਬਾਮਸੇਫ ਤੇ ਬਹੁਜਨ ਮੁਕਤੀ ਪਾਰਟੀ ਵੱਲੋਂ ਚੱਲ ਰਹੇ ਦੇਸ਼ ਪੱਧਰੀ ਅੰਦੋਲਨ ਤਹਿਤ ਕਸਬਾ ਨਿਹਾਲ ਸਿੰਘ ਵਾਲਾ ਵਿਖੇ ਪਾਰਟੀ ਨਾਲ ਜੁੜੇ ਓ ਬੀ ਸੀ ਭਾਈਚਾਰੇ ਦੇ ਰਾਸ਼ਟਰੀ ਪਿੱਛੜਾ ਵਰਗ ਮੋਰਚਾ ਦੀ ਤਰਫੋਂ ਡਾ. ਦੀਪ ਦੀ ਅਗਵਾਈ ਵਿੱਚ ਇੱਕ ਵਫਦ ਵੱਲੋਂ ਐੱਸ.ਡੀ.ਐੱਮ. ਦਫ਼ਤਰ ਰਾਹੀਂ ਪ੍ਰਧਾਨ ਮੰਤਰੀ ਨੂੰ ਇੱਕ ਮੰਗ ਪੱਤਰ ਭੇਜਿਆ ਗਿਆ, ਜਿਸ ਵਿੱਚ ਘੱਟ ਗਿਣਤੀ ਸਿੱਖ ਭਾਈਚਾਰੇ ਤੇ ਸਮੂਹ ਪੰਜਾਬੀਆਂ ਦੀ ਪ੍ਰਮੁੱਖ ਮੰਗ ਕਿ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ, ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ ਗਿਆ।ਮੋਰਚੇ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦੀਪ ਨੇ ਮੰਗ ਉਠਾਈ ਕਿ ਪੂਰੇ ਦੇਸ਼ ਵਿੱਚੋਂ ਵੋਟਾਂ ਵੇਲੇ ਬੈਲਟ ਪੇਪਰ ਰਾਹੀਂ ਚੋਣਾਂ ਕਰਵਾਈਆਂ ਜਾਣ ਤੇ ਈ.ਵੀ.ਐੱਮ. ਨੂੰ ਬੈਨ ਕੀਤਾ ਜਾਵੇ।ਜਾਤ ਅਧਾਰਤ ਜਨ-ਸੰਖਿਆ ਗਿਣਤੀ ਨੂੰ ਪਾਰਦਰਸ਼ੀ ਢੰਗ ਨਾਲ ਕਰਵਾਇਆ ਜਾਵੇ।ਸਿੱਖ ਕੈਦੀਆਂ ਸਮੇਤ ਸਾਰੇ ਰਾਜਨੀਤਕ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ।ਕਿਸਾਨ, ਮਜ਼ਦੂਰ, ਆਦਿਵਾਸੀ ਵਿਰੋਧੀ ਕਾਲੇ ਕਨੂੰਨਾਂ ਨੂੰ ਵਾਪਸ ਲਿਆ ਜਾਵੇ।ਆਦਿਵਾਸੀ ਤੇ ਨਕਸਲਵਾਦੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ।ਇਸ ਮੌਕੇ ਡਾ. ਦੀਪ ਨੇ ਕਿਹਾ ਕਿ ਭਾਰਤ ਸਰਕਾਰ ਵੱਡੇ ਕਾਰਖ਼ਾਨੇਦਾਰਾਂ ਤੇ ਅਮੀਰਾਂ ਦਾ ਹੇਜ ਤਿਆਗ ਕੇ ਅਤੇ ਮਨੂੰਵਾਦੀ ਨੀਤੀਆਂ ਦਾ ਤਿਆਗ ਕਰਕੇ ਕਿਸਾਨਾਂ, ਮਜ਼ਦੂਰਾਂ, ਆਦਿਵਾਸੀਆਂ ਤੇ ਘੱਟ ਗਿਣਤੀਆਂ ਦੇ ਮੰਗਾਂ-ਮਸਲਿਆਂ ਨੂੰ ਜਲਦੀ ਤੋਂ ਜਲਦੀ ਹੱਲ ਕਰੇ, ਨਹੀਂ ਤਾਂ ਤਿੱਖੇ ਸੰਘਰਸ਼ਾਂ ਦਾ ਸੇਕ ਝੱਲਣ ਨੂੰ ਤਿਆਰ ਰਹੇ।ਕੇਂਦਰ ਸਰਕਾਰ ਨੂੰ ਗ਼ਰੀਬ ਲੋਕਾਂ ਦੇ ਦੁੱਖ ਦਰਦ ਨੂੰ ਸਮਝਣਾ ਤੇ ਉਸ ਦਾ ਹੱਲ ਕਰਨਾ ਹੀ ਪਵੇਗਾ।ਇਸ ਮੌਕੇ ਸ੍ਰ. ਸਤਨਾਮ ਸਿੰਘ ਮਾਛੀਕੇ, ਡਾ. ਮਨਪ੍ਰੀਤ ਸਿੰਘ ਮਾਣੂਕੇ, ਸ੍ਰ. ਗੁਰਦੀਪ ਸਿੰਘ ਬੱਧਣੀ ਕਲਾਂ, ਅਮਨਦੀਪ ਸਿੰਘ ਬੁਰਜ ਤੇ ਜਰਨੈਲ ਸਿੰਘ ਨਿਹਾਲ ਸਿੰਘ ਵਾਲਾ ਹਾਜ਼ਰ ਸਨ।

## ਮਨਰੇਗਾ ਕਾਮਿਆਂ ਦੀ ਟੀਚਰ ਹੋਮ ਬਠਿੰਡਾ ਵਿਖੇ ਕਨਵੈਨਸ਼ਨ 11 ਨੂੰ

**ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਪੰਜਾਬ ਵਿੱਚ ਤਿੰਨ ਕਨਵੈਨਸ਼ਨਾਂ ਕੀਤੀਆਂ ਜਾ ਰਹੀਆਂ ਹਨ। ਇਸ ਤਹਿਤ ਮਾਲਵੇ ਦੀ ਕਨਵੈਨਸ਼ਨ 11 ਜੁਲਾਈ ਨੂੰ ਬਠਿੰਡਾ ਦੇ ਟੀਚਰ ਹੋਮ ਵਿੱਚ ਹੋਵੇਗੀ, ਜਿਸ ਵਿੱਚ ਮਕਤਸਰ ਤੋਂ ਵੱਡੀ ਗਿਣਤੀ ਵਿੱਚ ਨਰੇਗਾ ਕਾਮੇ ਸ਼ਾਮਲ ਹੋਣਗੇ। ਸਾਂਝੇ ਪ੍ਰੈੱਸ ਬਿਆਨ ਰਾਹੀਂ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪੱਧਰੀ ਆਗੂ ਜਸਵਿੰਦਰ ਸਿੰਘ ਵੱਟੂ ਤੇ ਜਗਸੀਰ ਸਿੰਘ ਬਾਜਾ ਜ਼ਿਲ੍ਹਾ ਜਨਰਲ ਸਕੱਤਰ ਸ੍ਰੀ ਮੁਕਤਸਰ ਸਾਹਿਬ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ 100% ਨਰੇਗਾ ਦੇ ਪੈਸੇ ਨੂੰ 60% ਕਰ ਦਿੱਤਾ ਹੈ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਕੱਚੇ ਰਾਹਾਂ ਤੇ ਸੜਕਾਂ ਦਾ ਕੰਮ ਬੰਦ ਕਰਕੇ ਨਰੇਗਾ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਕਤ ਦੋਵਾਂ ਸਰਕਾਰਾਂ ਵੱਲੋਂ ਨਰੇਗਾ ਨੂੰ ਕਮਜ਼ੋਰ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਖੇਤੀ ਵਿੱਚ ਮਸ਼ੀਨਾਂ ਤੇ ਕੀਟਨਾਸ਼ਕ ਦਵਾਈਆਂ ਆਉਣ ਕਾਰਨ ਮਜ਼ਦੂਰਾਂ ਦਾ ਕੰਮ ਖੁਸ ਗਿਆ ਤੇ ਬਚਿਆ ਖੁਸਿਆ ਕੰਮ ਨਰੇਗਾ ਹੀ ਦਾ ਹੈ, ਉਸ ਦਾ ਵੀ ਇਨ੍ਹਾਂ ਸਰਮਾਏਦਾਰ ਸਰਕਾਰਾਂ ਵੱਲੋਂ ਭੋਗ ਪਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਮਨਰੇਗਾ ਵਰਕਰ ਯੂਨੀਅਨ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕਨਵੈਨਸ਼ਨਾਂ ਵਿੱਚ ਇਕੱਠੇ ਹੋ ਕੇ ਨਰੇਗਾ ਮਜ਼ਦੂਰਾਂ ਵੱਲੋਂ ਅਗਲੇ ਸੰਘਰਸ਼ ਦਾ ਬਿਗਲ ਵਜਾਇਆ ਜਾਏਗਾ ਅਤੇ ਜ਼ੋਰਦਾਰ ਲਗਾਤਾਰ ਵਿਸ਼ਾਲ ਤੇ ਬੱਝਵਾਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਸਮੁੱਚੇ ਨਰੇਗਾ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ 11 ਜੁਲਾਈ ਨੂੰ ਬਠਿੰਡਾ ਦੇ ਟੀਚਰ ਹੋਮ ਵਿੱਚ ਹੋਣ ਜਾ ਰਹੀ ਕਨਵੈਨਸ਼ਨ ਵਿੱਚ ਪਰਿਵਾਰਾਂ ਸਮੇਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ।

# ਧੂਰੀ ਰੇਲਵੇ ਬਰਿੱਜ ਕੇਂਦਰੀ ਮੰਤਰੀ ਤੇ ਪੰਜਾਬ ਸਰਕਾਰ 'ਚ ਤਣਾਅ ਕਾਰਨ ਮੁੜ ਲਟਕਣ ਦਾ ਡਰ



**ਧੂਰੀ, (ਮਹਿਤ ਗਰਗ, ਬਿੰਨੀ ਗਰਗ)** ਰੇਲਵੇ ਬਰਿੱਜ ਸੰਬੰਧੀ ਪ੍ਰੋਜੈਕਟ ਨੂੰ ਲੈ ਕੇ ਕੇਂਦਰੀ ਰੇਲ ਮੰਤਰੀ ਰਵਨੀਤ ਸਿੰਘ ਬਿੱਟੂ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਵਧ ਰਹੇ ਰਾਜਨੀਤਕ ਤਣਾਅ ਨੇ ਸ਼ਹਿਰ ਵਾਸੀਆਂ ਵਿੱਚ ਇੱਕ ਵਾਰੀ ਫਿਰ ਚਿੰਤਾ ਦੀ ਲਹਿਰ ਪੈਦਾ ਕਰ ਦਿੱਤੀ ਹੈ। ਲੋਕਾਂ ਨੂੰ ਡਰ ਹੈ ਕਿ ਕਿਤੇ ਇਹ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਮੁੜ ਫਾਈਲਾਂ ਵਿੱਚ ਹੀ ਨਾ ਦੱਬ ਕੇ ਰਹਿ ਜਾਵੇ।

ਸ਼ਹਿਰ ਵਿਚ ਰੇਲਵੇ ਲਾਈਨ ਸ਼ਹਿਰ ਨੂੰ ਦੋ ਭਾਗਾਂ ਵਿੱਚ ਵੰਡਦੀ ਹੈ। ਦਿਨ ਭਰ ਰੇਲ ਗੱਡੀਆਂ ਦੇ ਆਉਣ-ਜਾਣ ਕਰਕੇ ਰੇਲਵੇ ਫਾਟਕ ਬੰਦ ਰਹਿੰਦੇ ਹਨ, ਜਿਸ ਕਾਰਨ ਟ੍ਰੈਫਿਕ ਜਾਮ, ਐਂਬੂਲੈਂਸ ਜਾਂ ਫਾਇਰ ਬ੍ਰਿਗੇਡ ਵਰਗੀਆਂ ਐਮਰਜੈਂਸੀ ਸੇਵਾਵਾਂ ਨੂੰ ਵੀ ਘੰਟਿਆਂ ਰੁਕਣਾ ਪੈਂਦਾ ਹੈ। ਇਸ ਕਰਕੇ ਕਈ ਵਾਰ ਲੋਕਾਂ ਦੀ ਜਾਨ ਵੀ ਖਤਰੇ ਵਿਚ ਪਈ ਹੈ। ਸਥਾਨਕ ਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਰੇਲਵੇ ਉੱਤੇ ਅੰਡਰਪਾਸ ਜਾਂ ਓਵਰ ਬਰਿੱਜ ਦੀ ਮੰਗ ਕੀਤੀ ਜਾ ਰਹੀ ਸੀ। 2022 ਤੋਂ ਪਹਿਲਾਂ ਧੂਰੀ ਤੋਂ ਵਿਧਾਇਕ ਰਹੇ ਦਲਵੀਰ ਸਿੰਘ ਗੋਲਡੀ ਨੇ ਵੀ ਆਪਣੇ ਕਾਰਜਕਾਲ ਦੇ ਆਖਰੀ ਬਜਟ ਵਿਚ ਰੇਲਵੇ ਫਾਟਕਾਂ 'ਤੇ ਅੰਡਰ ਬਰਿੱਜ ਬਣਾਉਣ ਲਈ ਰਾਸ਼ੀ ਮਨਜ਼ੂਰ ਐਲਾਨ ਕਰਾਉਣ ਦਾ ਐਲਾਨ ਕੀਤਾ ਸੀ, ਪਰ ਪਤਾ ਨਹੀਂ ਕਿਉਂ ਪੁਲ ਦੀ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਰੇਲਵੇ ਮੰਤਰੀ ਦੀ ਧੂਰੀ ਫੇਰੀ ਤੋਂ ਕੁੱਝ ਸਮਾਂ ਪਹਿਲਾਂ ਹੀ ਟਵੀਟ ਰਾਹੀਂ ਐਲਾਨ ਕੀਤਾ ਸੀ ਕਿ ਧੂਰੀ 'ਚ ਰੇਲਵੇ ਓਵਰ ਬਰਿੱਜ ਦੀ ਮਨਜ਼ੂਰੀ ਮਿਲ ਗਈ ਹੈ। ਉਨ੍ਹਾਂ ਨੇ ਇਹ ਹਲਕੇ ਦੀ ਜਨਤਾ ਨੂੰ ਇਹ ਸੌਗਾਤ ਦੱਸਦਿਆਂ ਧੂਰੀ ਵਾਸੀਆ ਨੂੰ ਮੁਬਾਰਕਬਾਦ ਦਿੱਤੀ ਸੀ। ਇਸ ਤੋਂ ਕੁਝ ਸਮੇਂ ਬਾਅਦ ਹੀ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਇਸ ਨੂੰ 'ਟਵੀਟ ਸਿਆਸਤ' ਉੱਤੇ ਪ੍ਰਤੀਕਿਰਿਆ ਜਤਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਰੇਲਵੇ ਮੰਤਰਾਲੇ ਕੋਲੋਂ ਕਿਸੇ ਵੀ ਤਰ੍ਹਾਂ ਦੀ ਅਧਿਕਾਰਤ ਪੱਤਰ ਨਹੀਂ ਮਿਲਿਆ ਹੈ। ਇਸ ਤਣਾਅ ਭਰੀ ਸਥਿਤੀ ਕਾਰਨ ਧੂਰੀ ਦੇ ਵਾਸੀਆਂ 'ਚ ਮੁੜ ਨਿਰਾਸ਼ਾ ਦਾ ਮਾਹੌਲ ਹੈ। ਲੋਕਾਂ ਨੂੰ ਲੱਗਦਾ ਹੈ ਜਿਵੇਂ ਪਿਛਲੇ ਕਈ ਦਹਾਕਿਆਂ ਤੋਂ ਇਹ ਪ੍ਰੋਜੈਕਟ ਰਾਜਨੀਤਕ ਦਾਅਵਿਆਂ ਤੇ ਚੋਣ ਵਾਅਦਿਆਂ ਦੀ ਭੇਟ ਚੜ੍ਹਿਆ ਰਿਹਾ ਹੈ, ਉਥੇ ਹੀ ਹੁਣ ਫਿਰ ਇਹ ਵਿਵਾਦ ਦੇ ਚੱਕਰ ਵਿੱਚ ਫਸ ਨਾ ਜਾਵੇ। ਸਮਾਜਿਕ ਅਤੇ ਵਪਾਰਿਕ ਸੰਸਥਾਵਾਂ ਨੇ ਵੀ ਮੰਗ ਕੀਤੀ ਹੈ ਕਿ ਭਾਵੇਂ ਕੇਂਦਰ ਹੋਵੇ ਜਾਂ ਰਾਜ ਸਰਕਾਰ, ਦੋਵੇਂ ਪੱਖ ਰਾਜਨੀਤਕ ਦਾਅਵਾਂ ਤੋਂ ਉਪਰ ਉੱਠ ਕੇ ਸਾਂਝੀ ਰਣਨੀਤੀ ਬਣਾਉਣ। ਕੌਮਾਂਤਰੀ ਮੰਚ 'ਤੇ ਵੀ ਇਹ ਸਾਬਤ ਹੋਇਆ ਹੈ ਕਿ ਇਨਫਰਾਸਟਰਕਚਰ ਪ੍ਰੋਜੈਕਟਾਂ ਲਈ ਰਾਜ ਅਤੇ ਕੇਂਦਰ ਵਿਚ ਤਾਲਮੇਲ ਹੋਣਾ ਬੇਹੱਦ ਜ਼ਰੂਰੀ ਹੈ। ਧੂਰੀ ਵਿਕਾਸ ਮੰਚ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਚੀਮਾ ਅਤੇ ਸਕੱਤਰ ਮਨਜਲ ਸਿੰਘ ਰਾਜ ਬਜਾਜ ਨੇ ਕਿਹਾ ਕਿ ਅਸੀਂ ਕੇਂਦਰੀ ਮੰਤਰੀ ਅਤੇ ਮੁੱਖ ਮੰਤਰੀ ਦੋਵਾਂ ਨੂੰ ਬੇਨਤੀ ਕਰਦੇ ਹਾਂ ਕਿ ਰਾਜਨੀਤਕ ਵਿਰੋਧੀ ਭੂਮਿਕਾਵਾਂ ਛੱਡ ਕੇ ਲੋਕ-ਹਿੱਤ ਲਈ ਇਕਜੁਟ ਹੋ ਕੇ ਕੰਮ ਕਰਨਾ ਚਾਹੀਦਾ ਹੈ।

## ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ : ਡਾ. ਅਰੋੜਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣਗੀਆਂ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮੈਂ ਹਮੇਸ਼ਾ ਤਤਪਰ ਰਹਾਂਗੀ ਤੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੋਗਾ ਦੀ ਹਲਕਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਆਪਣੇ ਦਫ਼ਤਰ ਵਿਖੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਮੌਕੇ ਕੀਤਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਅਧਿਕਾਰੀ ਹਾਜ਼ਰ ਸਨ।ਇਸ ਮੌਕੇ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਂਦੀਆਂ ਹਨ ਤੇ ਉਨ੍ਹਾਂ ਸਮੱਸਿਆਵਾਂ ਨੂੰ ਮੌਕੇ 'ਤੇ ਹੀ ਹੱਲ ਕਰਨ ਦਾ ਹਮੇਸ਼ਾ ਯਤਨ ਕੀਤਾ ਜਾਂਦਾ ਹੈ, ਉਹ ਇਸੇ ਤਰ੍ਹਾਂ ਆਪਣੇ ਹਲਕੇ ਦੀ ਸੇਵਾ ਲਈ ਯਤਨਸ਼ੀਲ ਰਹਿਣਗੇ।ਉਨ੍ਹਾਂ ਮੋਗਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਪੇਸ਼ ਆ ਰਹੀ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

## ਪਾਵਰਕਾਮ ਪੈਨਸ਼ਨਰਜ਼ 12 ਨੂੰ ਗੋਰਾਇਆ ਅਜਲਾਸ 'ਚ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਨਗੇ : ਅਕਾਲ



**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਸਰਕਲ ਖੰਨਾ ਦੇ ਸਕੱਤਰ ਇੰਦਰਜੀਤ ਸਿੰਘ ਅਕਾਲ ਨੇ ਇਥੇ ਦੱਸਿਆ ਕਿ ਪੈਨਸ਼ਨਰਜ਼ ਦੀਆਂ ਚਿਰੋਕਣੀ ਮੰਗਾਂ ਨੂੰ ਲੈ ਕੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਨ ਲਈ 12 ਜੁਲਾਈ ਨੂੰ ਗੋਰਾਇਆ ਵਿਖੇ ਡੈਲੀਗੇਟ ਅਜਲਾਸ ਹੋਣ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਪੈਨਸ਼ਨਰਜ਼ ਭਾਗ ਲੈਣਗੇ।ਅਜਲਾਸ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ 'ਤੇ ਵਿਚਾਰ ਕਰਕੇ ਸਰਕਾਰ ਖਿਲਾਫ ਸੰਘਰਸ਼ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਰਕਲ ਖੰਨਾ ਤੋਂ ਸਮੂਹ ਪੈਨਸ਼ਨਰਜ਼ ਅਜਲਾਸ ਵਿੱਚ ਭਾਗ ਲੈਣਗੇ।ਇਹ ਫੈਸਲਾ ਸਰਕਲ ਵਰਕਿੰਗ ਕਮੇਟੀ ਦੀ ਸਰਕਲ ਪ੍ਰਧਾਨ ਹਰਬੰਸ ਸਿੰਘ ਦਬੁਰਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਲਿਆ ਗਿਆ। ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਵਿੱਚ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ 200 ਰੁਪਏ ਦੀ ਕਟੌਤੀ ਬੰਦ ਕਰਨਾ, 1-1-2016 ਤੋਂ ਪਹਿਲਾਂ ਰਿਟਾਇਰ ਹੋਏ ਰਿਟਾਇਰੀਆਂ ਨੂੰ 2.59 ਦਾ ਫੈਕਟਰ ਲਾਗੂ ਕਰਨ, 01-01-2016 ਤੋਂ 30-06-2021 ਤੱਕ ਦਾ ਬਕਾਇਆ ਯਕਮੁਸ਼ਤ ਦਿੱਤਾ ਜਾਵੇ, ਡੀ ਏ ਕੇਂਦਰ ਅਨੁਸਾਰ 55 ਪ੍ਰਤੀਸ਼ਤ ਦਿੱਤਾ ਜਾਵੇ, ਜੋ ਹੁਣ 42 ਪ੍ਰਤੀਸ਼ਤ ਮਿਲ ਰਿਹਾ ਹੈ, 2006 ਤੋਂ 25 ਸਾਲਾਂ ਦੀ ਮੁਕੰਮਲ ਸਰਵਿਸ ਵਾਲੇ ਨੂੰ ਪੂਰੀ ਪੈਨਸ਼ਨ ਦਿੱਤੀ ਜਾਵੇ, 23 ਸਾਲਾ ਐਡਵਾਂਸ ਪ੍ਰਮੋਸ਼ਨ ਇਨਕਰੀਮੈਂਟ ਸਮੂਹ ਪੈਨਸ਼ਨਰਾਂ ਨੂੰ ਬਣਦੀ ਮਿਤੀ ਤੋਂ ਦਿੱਤੀ ਜਾਵੇ ਆਦਿ।ਮੀਟਿੰਗ ਦੀ ਕਾਰਵਾਈ ਬਾਰੇ ਇਕ ਸਾਂਝੇ ਪ੍ਰੈੱਸ ਬਿਆਨ ਰਾਹੀਂ ਸਰਕਲ ਪ੍ਰੈੱਸ ਸਕੱਤਰ ਪ੍ਰਦੀਪ ਕੁਮਾਰ, ਸਰਕਲ ਸਕੱਤਰ ਇੰਦਰਜੀਤ ਸਿੰਘ ਅਕਾਲ ਨੇ ਦੱਸਿਆ ਕਿ ਮੀਟਿੰਗ ਵਿੱਚ ਸਮੂਹ ਮੰਡਲਾਂ ਦੇ ਪ੍ਰਧਾਨ, ਸਕੱਤਰ ਤੇ ਸਰਕਲ ਕਮੇਟੀ ਅਹੁਦੇਦਾਰਾਂ ਨੇ ਭਾਗ ਲਿਆ।ਇਸ ਮੀਟਿੰਗ ਵਿੱਚ ਸੁਖਵਿੰਦਰ ਸਿੰਘ ਸੁੱਖਾ, ਗੁਰਸੇਵਕ ਸਿੰਘ ਮੋਹੀ, ਧਰਮ ਸਿੰਘ ਸੈਣੀ, ਰਾਮ ਗੋਪਾਲ, ਮੇਹਰ ਪਾਲ ਸਿਆਣ, ਬਲਜੀਤ ਸਿੰਘ ਖਟੜਾ, ਨੇਤਰ ਸਿੰਘ ਫੈਜਗੜ੍ਹ, ਹਰਜਿੰਦਰ ਸਿੰਘ, ਸੁਰਜੀਤ ਸਿੰਘ, ਪ੍ਰਦੀਪ ਕੁਮਾਰ, ਰਛਪਾਲ ਸਿੰਘ, ਸੰਤੋਖ ਸਿੰਘ, ਨਰਿੰਦਰ ਕੁਮਾਰ, ਮਹਿੰਦਰਪਾਲ ਸਿੰਘ, ਤਰਸੇਮ ਲਾਲ, ਜੋਗਿੰਦਰ ਸਿੰਘ ਜੱਲ੍ਹਾ ਤੇ ਜਗੀਰ ਸਿੰਘ ਆਦਿ ਸ਼ਾਮਲ ਹੋਏ ਅਤੇ ਆਪਣੇ ਆਪਣੇ ਵਿਚਾਰ ਰੱਖੇ।

## ਜਬਰ-ਜ਼ਨਾਹ ਦੀ ਸ਼ਿਕਾਰ ਦਸ ਸਾਲਾ ਬੱਚੀ ਦੀ ਮੌਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਅੱਜ 10 ਸਾਲਾ ਬੱਚੀ ਦੀ ਮੌਤ ਹੋ ਗਈ। ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਮ੍ਰਿਤਕ ਬੱਚੀ ਦੇ ਦਾਦਾ ਨੇ ਦੱਸਿਆ ਕਿ ਉਹ ਸ੍ਰੀ ਮੁਕਤਸਰ ਸਾਹਿਬ ਦੀ ਇਕ ਮੰਡੀ ਵਿਚ ਸ਼ੈੱਡ ਹੇਠਾਂ ਰਹਿੰਦੇ ਹਨ।ਉਸ ਦੀ 10 ਸਾਲਾ ਪੋਤਰੀ ਜੰਗਲ ਪਾਣੀ ਲਈ ਬਾਹਰ ਗਈ ਸੀ। ਜਦੋਂ 15-20 ਮਿੰਟ ਤੱਕ ਵਾਪਸ ਨਹੀਂ ਆਈ ਤਾਂ ਲੜਕੀ ਦੀ ਮਾਤਾ ਅਤੇ ਦਾਦੀ ਉਸਨੂੰ ਦੇਖਣ ਗਈਆਂ ਪਰ ਬੱਚੀ ਨਾ ਮਿਲੀ।ਉਹ ਹੋਰਨਾਂ ਨੂੰ ਨਾਲ ਲੈ ਕੇ ਵੀ ਲੜਕੀ ਨੂੰ ਲੱਭਣ ਗਏ, ਪਰ ਬੱਚੀ ਦਾ ਪਤਾ ਨਹੀਂ ਲੱਗਿਆ।

ਦੇਖਿਆ ਕਿ ਸਰਕੰਡਿਆਂ ਵਿਚੋਂ ਇਕ ਵਿਅਕਤੀ ਭੱਜਣ ਲੱਗਾ, ਜਿਸਨੂੰ ਅਸੀਂ ਮੌਕੇ 'ਤੇ ਹੀ ਫੜ ਲਿਆ। ਜਦ ਅਸੀਂ ਆਪਣੀ ਬੱਚੀ ਨੂੰ ਦੇਖਿਆ ਤਾਂ ਉਹ ਨਗਨ ਹਾਲਤ ਵਿਚ ਬੇਹੋਸ਼ ਸੀ। ਜਦੋਂ ਅਸੀਂ ਉਕਤ ਵਿਅਕਤੀ ਅਤੇ ਆਪਣੀ ਬੱਚੀ ਨੂੰ ਬਾਹਰ ਸੜਕ 'ਤੇ ਲਿਆਂਦਾ ਤਾਂ ਉਸ ਸਮੇਂ ਤੱਕ ਬੱਚੀ ਦੀ ਮੌਤ ਹੋ ਚੁੱਕੀ ਸੀ।ਪੁਲਸ ਨੂੰ ਸੂਚਨਾ ਦੇਣ 'ਤੇ ਮੌਕੇ 'ਤੇ ਪੁਲਸ ਆ ਗਈ ਅਤੇ ਉਕਤ ਵਿਅਕਤੀ ਨੂੰ ਪੁਲਸ ਹਵਾਲੇ ਕਰ ਦਿੱਤਾ। ਵਿਅਕਤੀ ਦੀ ਪਹਿਚਾਣ ਤਾਰਾ ਸਿੰਘ ਪੁੱਤਰ ਬਿੱਲੂ ਸਿੰਘ ਵਾਸੀ ਪਿੰਡ ਭਿੱਖੀ ਜ਼ਿਲ੍ਹਾ ਮਾਨਸਾ ਵਜੋਂ ਹੋਈ, ਜਿਸਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।ਪੁਲਸ ਨੇ ਉਕਤ ਵਿਅਕਤੀ ਵਿਰੁੱਧ 103 (1) ਬੀਐੱਨਐੱਸ ਅਤੇ 6 ਪੋਕਸੋ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਗੁਰੂ ਨਾਨਕ ਨੈਸ਼ਨਲ ਕਾਲਜ ਦੇ ਵਿਦਿਆਰਥੀ ਯੂਥ ਲੀਡਰਸ਼ਿਪ ਕੈਂਪ 'ਚ ਸਰਵੋਤਮ ਵਲੰਟੀਅਰ ਚੁਣੇ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੇ ਯੂਥ ਲੀਡਰਸ਼ਿਪ ਕੈਂਪ 'ਚ ਭਾਗ ਲੈਂਦਿਆਂ ਸਰਵੋਤਮ ਵਲੰਟੀਅਰਾਂ ਦਾ ਇਨਾਮ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਡੀਨ ਐਕਸਟੈਂਸ਼ਨ ਐਕਟੀਵਿਟੀਜ ਡਾ. ਲਵਲੀਨ ਬੈਂਸ ਦੀ ਅਗਵਾਈ ਹੇਠ ਕਾਲਜ ਦੇ ਪੰਜ ਵਿਦਿਆਰਥੀਆਂ ਨਵਨੀਤ ਕੌਰ, ਰੋਹਿਤ ਕੁਮਾਰ, ਯੁਵਰਾਜ ਸਿੰਘ, ਪ੍ਰਿਯਕਾ ਤੇ ਅਮਨਦੀਪ ਸਿੰਘ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਯੁਵਕ ਭਲਾਈ ਵਿਭਾਗ ਵੱਲੋਂ 21 ਤੋਂ 27 ਜੂਨ ਤੱਕ ਲਾਏ ਗਏ ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ ਵਿੱਚ ਭਾਗ ਲਿਆ। ਕੈਂਪ ਦੌਰਾਨ ਵੱਖ-ਵੱਖ ਸਰੀਰਕ, ਅਕਾਦਮਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਦਿਆਂ ਬੀਕਾਮ ਭਾਗ ਤੀਜਾ ਦੀ ਵਿਦਿਆਰਥਣ ਨਵਨੀਤ ਕੌਰ ਨੇ ਦੂਜਾ ਰਨਰਅਪ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬੀਏ ਭਾਗ ਤੀਜਾ ਦੇ ਵਿਦਿਆਰਥੀ ਰੋਹਿਤ ਕੁਮਾਰ ਨੇ ਆਪਣੀ ਸਾਨਦਾਰ ਰੰਗਮੰਚੀ ਪੇਸ਼ਕਾਰੀ ਅਤੇ ਸੰਚਾਰਯੋਗਤਾ ਦੇ ਹੁਨਰ ਨੂੰ ਉਜਾਗਰ ਕਰਦੇ ਹੋਏ ਸਰਵੋਤਮ ਸਟੇਜ ਪ੍ਰਦਰਸਨ ਪੁਰਸਕਾਰ ਹਾਸਲ ਕੀਤਾ। ਜ਼ਿਕਰਯੋਗ ਹੈ ਕਿ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਸੁਖਜਿੰਦਰ ਸਿੰਘ ਤੇ ਅਸਿਸਟੈਂਟ ਡਾਇਰੈਕਟਰ ਡਾ. ਤੇਜਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਤ ਕੈਂਪ ਵਿੱਚ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਐਡਮਿਨਿਸਟ੍ਰੇਟਿਵ ਅਫ਼ਸਰ ਦੇ ਤੌਰ 'ਤੇ ਮਹੱਤਵਪੂਰਨ ਭੂਮਿਕਾ ਨਿਭਾਈ।

## ਬੁੱਧ ਗਯਾ ਮੁਕਤੀ ਅੰਦੋਲਨ ਤਹਿਤ ਬੁੱਧਿਸ਼ਟ ਭਾਈਚਾਰੇ ਵੱਲੋਂ ਡਾ. ਅੰਬੇਡਕਰ ਚੌਕ ਵਿਖੇ ਧਰਨਾ



**ਜਲੰਧਰ (ਨ ਜ਼ ਸ)**-ਬੁੱਧਿਸ਼ਟ ਭਾਈਚਾਰੇ ਦੇ ਨੁਮਾਇੰਦਿਆਂ, ਅੰਬੇਡਕਰੀ ਤੇ ਬੁੱਧੀਜੀਵੀਆਂ ਵੱਲੋਂ ਬੋਧ ਗਯਾ ਮੁਕਤੀ ਅੰਦੋਲਨ ਨੂੰ ਸਫਲ ਬਣਾਉਣ ਲਈ ਡਾ. ਅੰਬੇਡਕਰ ਚੌਕ ਜਲੰਧਰ ਵਿਖੇ ਧਰਨਾ ਦਿੱਤਾ ਗਿਆ।ਧਰਨੇ ਨੂੰ ਸੰਬੋਧਨ ਕਰਦਿਆਂ ਭਿਖਸ਼ੂ ਚੰਦਰ ਕੀਰਤੀ ਤੇ ਭਿਖਸ਼ੂ ਰੇਵਤ ਨਕੋਦਰ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਬੋਧ ਗਯਾ ਮੰਦਿਰ ਐਕਟ 1949 ਨੂੰ ਰੱਦ ਕੀਤਾ ਜਾਵੇ ਤੇ ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆ ਨੂੰ ਸੌਂਪਿਆ ਜਾਵੇ।ਯਾਦ ਰਹੇ ਕਿ ਇਸ ਸਬੰਧ ਵਿੱਚ ਆਲ ਇੰਡੀਆ ਬੁੱਧਿਸ਼ਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਤੇ ਭਿਖਸ਼ੂ ਸੰਘ ਦੀ ਅਗਵਾਈ ਵਿੱਚ 12 ਫਰਵਰੀ 2025 ਤੋਂ ਲਗਾਤਾਰ ਧਰਨਾ ਬੋਧ ਗਯਾ ਮੰਦਰ ਮਹਾਬੁੱਧ ਵਿਹਾਰ (ਬਿਹਾਰ) ਦੇ ਨਜ਼ਦੀਕ ਦਿੱਤਾ ਜਾ ਰਿਹਾ ਹੈ।ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਦੇ ਜਨਰਲ ਸਕੱਤਰ ਐਡਵੋਕੇਟ ਹਰਭਜਨ ਸਾਂਪਲਾ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਇੱਕਜੁੱਟ ਹੋ ਕੇ ਭਿਖਸ਼ੂ ਸੰਘ ਤੇ ਆਲ ਇੰਡੀਆ ਬੁੱਧਿਸ਼ਟ ਸੁਸਾਇਟੀ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਜੀ ਦਾ ਤਨ, ਮਨ ਤੇ ਧਨ ਨਾਲ ਸਹਿਯੋਗ ਦੇਣਾ ਹੋਵੇਗਾ, ਜੋ ਸਾਡੇ ਹੱਕਾਂ ਲਈ ਜੂਝ ਰਹੇ ਹਨ। ਕੇਂਦਰ ਸਰਕਾਰ ਤੇ ਬਿਹਾਰ ਸਰਕਾਰ ਨੂੰ ਉਪਰੋਕਤ ਮਸਲੇ ਦਾ ਹੱਲ ਤੁਰੰਤ ਕੱਢਣਾ ਚਾਹੀਦਾ ਹੈ।ਅਸ਼ਵਨੀ ਕੁਮਾਰ ਬਲਾਚੌਰ ਬਾਮਸੇਫ ਮਿਸ਼ਨਰੀ ਸਾਥੀ ਨੇ ਕਿਹਾ ਕਿ ਤਥਾਗਤ ਬੁੱਧ ਨੇ ਪ੍ਰੇਮ ਤੇ ਸ਼ਾਂਤੀ ਦਾ ਸੰਦੇਸ਼ ਵਿਸ਼ਵ ਦੇ ਲੋਕਾਂ ਨੂੰ ਦਿੱਤਾ ਹੈ, ਜਿਸ ਨੂੰ ਅਜੋਕੇ ਸਮੇਂ ਵਿੱਚ ਅਪਨਾਉਣ ਦੀ ਵੱਡੀ ਲੋੜ ਹੈ।ਬੋਧੀ ਆਗੂ ਹੁਸਨ ਲਾਲ ਬੌਧ ਪ੍ਰਧਾਨ ਭਾਰਤੀਆਂ ਬੋਧ ਮਹਾਂਸਭਾ ਪੰਜਾਬ ਬੁੱਧਿਸ਼ਟ ਨੇ ਕਿਹਾ ਕਿ ਤਥਾਗਤ ਬੁੱਧ ਨੇ ਸਾਨੂੰ ਪੰਚਸ਼ੀਲ ਦਿੱਤੇ ਹਨ, ਜਿਸ ਨੂੰ ਗ੍ਰਹਿਣ ਕਰਨ ਨਾਲ ਮਨੁੱਖਤਾ ਵਿੱਚ ਸਮਾਨਤਾ, ਸੁਤੰਤਰਤਾ ਤੇ ਭਾਈਚਾਰਾ ਕਾਇਮ ਹੁੰਦਾ ਹੈ।ਰਮੇਸ਼ ਕੌਲ ਫਗਵਾੜਾ ਐਕਸ ਐੱਮ. ਸੀ. ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਘੱਟ ਗਿਣਤੀ ਕਮਿਸ਼ਨ ਵਿੱਚ ਬੋਧੀਆਂ ਦੇ ਇਕ ਨੁਮਾਇੰਦੇ ਨੂੰ ਸ਼ਾਮਲ ਕੀਤਾ ਜਾਵੇ।ਸੁਰੇਸ਼ ਕੁਮਾਰ ਬੋਧ ਨੇ ਕਿਹਾ ਕਿ ਸਾਨੂੰ ਬਹੁਜਨ ਮਹਾਂਪੁਰਸ਼ਾਂ-ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ, ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਵਿਚਾਰਧਾਰਾ ਤੇ ਸਿੱਖਿਆਵਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਣਾ ਚਾਹੀਦਾ ਹੈ, ਜਿਸ ਨਾਲ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਦਾ ਸੰਦੇਸ਼ ਘਰ-ਘਰ ਜਾਂਦਾ ਹੈ।

ਇਸ ਧਰਨੇ ਵਿੱਚ ਸੀਤਾ ਕੌਲ ਸਾਬਕਾ ਐੱਮ.ਸੀ. ਫਗਵਾੜਾ, ਚੰਚਲ ਬੌਧ ਸਿਧਾਰਥ ਨਗਰ, ਮੁੰਨਾ ਲਾਲ ਬੌਧ, ਐਡਵੋਕੇਟ ਦੀਪਕ ਕੁਮਾਰ, ਪ੍ਰਸ਼ੋਤਮ ਲਾਲ ਜੇਤਵੰਨ ਬੁੱਧ ਵਿਹਾਰ ਨਕੋਦਰ, ਹਰਭਜਨ ਲਾਲ ਨਿਮਤਾ, ਪ੍ਰਿੰਸੀਪਲ ਪਰਮਜੀਤ ਜੱਸਲ, ਗੌਤਮ ਬੋਧ, ਨਰਿੰਦਰ ਬੌਧ, ਰਜਿੰਦਰ ਕੁਮਾਰ ਜੱਸਲ, ਚਮਨ ਸਾਂਪਲਾ ਤੇ ਹੋਰ ਬਹੁਤ ਸਾਰੇ ਆਗੂਆਂ ਨੇ ਸੰਬੋਧਨ ਕੀਤਾ।ਇਨ੍ਹਾਂ ਤੋਂ ਇਲਾਵਾ ਰਮੇਸ਼ ਬੰਗੜ, ਤੇਜਪਾਲ ਸਿੰਘ ਕਪੂਰਥਲਾ ਆਰ.ਸੀ.ਐੱਫ., ਗੁਰਮੀਤ ਸਾਂਪਲਾ, ਡਾ. ਸਤਪਾਲ, ਵਿੱਕੀ, ਲਵ ਗੌਤਮ, ਵਿਜੇ ਕੁਮਾਰ ਬੋਧੀ, ਸੰਦੀਪ ਕੁਮਾਰ, ਜਤਿੰਦਰ ਕੁਮਾਰ, ਮਨਜੀਤ ਸਿੰਘ, ਮੇਹਰ ਚੰਦ, ਐਡਵੋਕੇਟ ਰਾਜ ਕੁਮਾਰ ਬੈਂਸ, ਰਾਮ ਖੇਲਾਵਨ ਲਾਲ ਆਰ.ਸੀ.ਐੱਫ. ਕਪੂਰਥਲਾ, ਮੁਲਖ ਰਾਜ ਆਦਿ ਧਰਨੇ ਵਿੱਚ ਸ਼ਾਮਲ ਸਨ।

## ਭਾਜਪਾ ਵਰਕਰਾਂ ਨੇ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਪੌਦੇ ਲਗਾਏ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੇ ਦਿਸ਼ਾ-ਨਿਰਦੇਸ਼ਾਂ 'ਤੇ ਭਾਜਪਾ ਦਫ਼ਤਰ ਦੇ ਵਰਕਰਾਂ ਨੇ ਨਿੰਮ, ਬੋਹੜ, ਕਿੱਕਰ ਦੇ ਰੁੱਖ ਲਗਾਏ।ਇਸ ਮੌਕੇ ਸੁੱਖਾ ਸਿੰਘ, ਗੋਲਡੀ ਕੌਰ, ਵੀਰਪਾਲ ਕੌਰ, ਆਕਾਸ਼, ਸ਼ਸ਼ੀਕਾਂਤ ਪਾਂਡੇ, ਮਹਿਕ ਕੁਮਾਰੀ, ਨਿਰਭੈ ਸਿੰਘ ਆਦਿ ਮੌਜੂਦ ਸਨ।ਇਸ ਮੌਕੇ ਡਾ. ਸੀਮਾਂਤ ਗਰਗ ਨੇ ਕਿਹਾ ਕਿ ਅੱਜ ਦੇ ਪ੍ਰਦੂਸ਼ਿਤ ਵਾਤਾਵਰਨ ਵਿੱਚ ਸਿਹਤ ਨੂੰ ਤੰਦਰੁਸਤ ਰੱਖਣ ਤੇ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਆਪਣੇ ਆਲੇ ਦੁਆਲੇ ਦੇ ਵਾਤਾਵਰਨ ਨੂੰ ਹਰਾ-ਭਰਾ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਖਾਲੀ ਜਗ੍ਹਾ 'ਤੇ ਇੱਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ, ਤਾਂ ਜੋ ਵੱਧ ਤੋਂ ਵੱਧ ਰੁੱਖ ਲਗਾ ਕੇ ਅਸੀਂ ਵਾਤਾਵਰਨ ਨੂੰ ਸ਼ੁੱਧ ਕਰ ਸਕੀਏ।

## ...ਸਫ਼ਾ 1 ਦੇ ਬਾਕੀ

### ਰੂਸ ਤਾਲਿਬਾਨ ਸਰਕਾਰ...

ਸੁਪਰੀਮ ਕੋਰਟ ਨੇ ਤਾਲਿਬਾਨ ਨੂੰ ਲਾਇਆ ਦਹਿਸ਼ਤਗਰਦ ਜਥੇਬੰਦੀ ਦਾ ਤਮਗਾ ਹਟਾ ਦਿੱਤਾ ਸੀ। ਲਵਰੋਵ ਨੇ ਉਦੋਂ ਕਿਹਾ ਸੀ ਕਿ ਤਾਲਿਬਾਨ ਸਰਕਾਰ ਹਕੀਕਤ ਹੈ ਅਤੇ ਰੂਸ ਨੂੰ ਤਾਲਿਬਾਨ ਪ੍ਰਤੀ ਵਿਚਾਰਧਾਰਕ ਦੀ ਥਾਂ ਹਕੀਕੀ ਪਹੁੰਚ ਅਪਨਾਉਣੀ ਚਾਹੀਦੀ ਹੈ।

ਰੂਸ ਦਾ ਤਾਲਿਬਾਨ ਪ੍ਰਤੀ ਨਜ਼ਰੀਆ ਪਿਛਲੇ ਦੋ ਦਹਾਕਿਆਂ ਵਿੱਚ ਕਾਫੀ ਬਦਲਿਆ ਹੈ। ਤਾਲਿਬਾਨ ਦੀ ਸਥਾਪਨਾ 1980ਵਿਆਂ ਵਿੱਚ ਸੋਵੀਅਤ ਯੂਨੀਅਨ ਖਿਲਾਫ ਅਮਰੀਕੀ ਹਮਾਇਤ ਹਾਸਲ ਮੁਜਾਹਿਦੀਨ ਵੱਲੋਂ ਛੇੜੀ ਲੜਾਈ ਦੌਰਾਨ 1994 ਵਿੱਚ ਹੋਈ ਸੀ। ਫਿਰ ਸੋਵੀਅਤ ਯੂਨੀਅਨ ਨੂੰ ਅਫਗਾਨਿਸਤਾਨ ਵਿੱਚੋਂ ਨਿਕਲਣਾ ਪਿਆ ਸੀ। ਰੂਸ ਨੇ ਉੱਤਰੀ ਕਾਕੇਸ਼ੀਆ ਵਿੱਚ ਵੱਖਵਾਦੀਆਂ ਦੀ ਹਮਾਇਤ ਕਰਨ 'ਤੇ ਤਾਲਿਬਾਨ ਨੂੰ 2003 ਵਿੱਚ ਦਹਿਸ਼ਤਗਰਦ ਜਥੇਬੰਦੀ ਐਲਾਨ ਦਿੱਤਾ ਸੀ। ਪਰ ਤਾਲਿਬਾਨ ਦੀ 2021 ਵਿੱਚ ਸੱਤਾ 'ਚ ਵਾਪਸੀ ਨੇ ਰੂਸ ਤੇ ਹੋਰਨਾਂ ਦੇਸ਼ਾਂ ਨੂੰ ਨਜ਼ਰੀਆ ਬਦਲਣ ਲਈ ਮਜਬੂਰ ਕੀਤਾ ਹੈ। ਤਾਲਿਬਾਨ ਦੇ ਕਾਬੁਲ ਵਿੱਚ ਮੁੜ ਸੱਤਾਧਾਰੀ ਹੋਣ 'ਤੇ ਸਭ ਤੋਂ ਪਹਿਲਾਂ ਰੂਸ ਨੇ ਵਪਾਰ ਪ੍ਰਤੀਨਿਧ ਨਿਯੁਕਤ ਕੀਤਾ ਸੀ। ਉਸਨੇ ਦੱਖਣ-ਪੂਰਬੀ ਏਸ਼ੀਆ ਤਕ ਗੈਸ ਪਹੁੰਚਾਉਣ ਲਈ ਅਫਗਾਨਿਸਤਾਨ ਨੂੰ ਲਾਂਘਾ ਬਣਾਉਣ ਦਾ ਐਲਾਨ ਵੀ ਕੀਤਾ ਸੀ। ਅਫਗਾਨ ਸਰਕਾਰ ਨੂੰ ਕਿਸੇ ਵੀ ਸੰਸਾਰ ਜਥੇਬੰਦੀ ਨੇ ਅਜੇ ਮਾਨਤਾ ਨਹੀਂ ਦਿੱਤੀ ਹੈ। ਸੰਯੁਕਤ ਰਾਸ਼ਟਰ ਤਾਲਿਬਾਨ ਪ੍ਰਸ਼ਾਸਨ ਨੂੰ 'ਤਾਲਿਬਾਨ ਡੀ ਫੈਕਟੋ ਅਥਾਰਟੀਜ਼' ਕਹਿੰਦਾ ਹੈ।

ਹਾਲਾਂਕਿ ਚੀਨ ਤੇ ਯੂ ਏ ਏ ਸਣੇ ਵੱਖ-ਵੱਖ ਦੇਸ਼ ਤਾਲਿਬਾਨ ਦੇ ਡਿਪਲੋਮੇਟਾਂ ਨੂੰ ਪ੍ਰਵਾਨ ਕਰ ਚੁੱਕੇ ਹਨ ਪਰ ਉਨ੍ਹਾਂ ਅਜੇ ਅਫਗਾਨ ਸਰਕਾਰ ਨੂੰ ਬਾਕਾਇਦਾ ਮਾਨਤਾ ਨਹੀਂ ਦਿੱਤੀ ਹੈ।

## ਪੰਜਾਬੀ ਸਾਹਿਤ ਸਭਾ ਦੁਸਾਂਝ ਕਲਾਂ ਦਾ ਜਨਰਲ ਅਜਲਾਸ

**ਜਲੰਧਰ (ਨ ਜ਼ ਸ)** : ਬੀਤੇ ਦਿਨ ਇੱਥੇ ਪੰਜਾਬੀ ਸਾਹਿਤ ਸਭਾ (ਰਜਿ.) ਦੁਸਾਂਝ ਕਲਾਂ ਦਾ ਜਨਰਲ ਅਜਲਾਸ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਗਿਆਨ ਸਿੰਘ ਦੁਸਾਂਝ ਦੀ ਪ੍ਰਧਾਨਗੀ ਵਿੱਚ ਹੋਇਆ। ਇਸ ਵਿੱਚ ਸਭਾ ਦੇ ਜਨਰਲ ਸਕੱਤਰ ਰਾਮ ਪ੍ਰਕਾਸ਼ ਟੋਨੀ ਦੁਸਾਂਝ ਵੱਲੋਂ ਪ੍ਰਸਤੁਤ ਪਿਛਲੀਆਂ ਸਰਗਰਮੀਆਂ ਤੇ ਆਮਦਨ ਖਰਚ ਦੀਆਂ ਰਿਪੋਰਟਾਂ ਪਾਸ ਕੀਤੀਆਂ ਗਈਆਂ ਅਤੇ ਸਭਾ ਸਕੱਤਰੇਤ ਦੀ ਕਾਰਗੁਜ਼ਾਰੀ ਦੀ ਪ੍ਰਸੰਸਾ ਕੀਤੀ ਗਈ।

ਸਭਾ ਦੀ ਦੇਸ਼ ਭਗਤ ਪਬਲਿਕ ਲਾਇਬਰੇਰੀ ਦੀ ਮੀਂਹਾਂ ਕਾਰਨ ਢਹਿ-ਢੇਰੀ ਹੋਈ ਬਿਲਡਿੰਗ ਗ੍ਰਾਮ ਪੰਚਾਇਤ, ਐੱਨ ਆਰ ਆਈਜ਼, ਸਥਾਨਕ ਪਤਵੰਤੇ ਸੱਜਣਾਂ ਤੇ ਸਭਾ ਪਦ-ਅਧਿਕਾਰੀਆਂ ਦੇ ਯੋਗਦਾਨ ਨਾਲ ਮੁੜ ਉਸਾਰੀ ਗਈ ਹੈ। ਸਭਾ ਦਾ ਮਾਇਕ ਮਦਦ ਵਾਸਤੇ ਧੰਨਵਾਦ ਕੀਤਾ ਗਿਆ। ਸਭਾ ਨੇ ਸ੍ਰ. ਪਰਮਿੰਦਰ ਸਿੰਘ ਦੁਸਾਂਝ ਨੂੰ ਨਵਾਂ ਲਾਇਬਰੇਰੀਅਨ ਨਿਯੁਕਤ ਕੀਤਾ ਹੈ। ਸਭਾ ਨੇ ਫੈਸਲਾ ਕੀਤਾ ਕਿ ਇਸ ਦਾ 41ਵਾਂ ਸਥਾਪਨਾ ਦਿਵਸ 18 ਅਗਸਤ ਨੂੰ ਮਨਾਇਆ ਜਾਵੇਗਾ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਪੰਜਾਬ ਲਾਇਬਰੇਰੀ ਐਕਟ ਪਾਸ ਕਰੇ ਤੇ ਇਸ ਦਾ ਭਾਸ਼ਾ ਵਿਭਾਗ ਪਹਿਲਾਂ ਵਾਂਗ ਹੀ ਰਜਿ. ਸਭਾਵਾਂ/ਲਾਇਬਰੇਰੀਆਂ ਨੂੰ ਗਰਾਂਟਾਂ ਦੇਵੇ ਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਸਰਪ੍ਰਸਤੀ ਕਰੇ।

ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਸੁਪਰ ਸਟਾਰ ਐਕਟਰ ਤੇ ਸਿੰਗਰ ਦਿਲਜੀਤ ਦੁਸਾਂਝ ਵਿਰੁੱਧ ਕੁਝ ਸ਼ਰੀਕ ਕਲਾਕਾਰਾਂ ਤੇ ਕੱਟੜ ਸਿਆਸੀ ਆਗੂਆਂ ਵੱਲੋਂ ਕੀਤਾ ਜਾ ਰਿਹਾ ਨਫਰਤ ਭਰਿਆ ਪ੍ਰਚਾਰ ਤੁਰੰਤ ਬੰਦ ਕਰਾਇਆ ਜਾਵੇ ਅਤੇ ਉਸ ਦੀ ਫ਼ਿਲਮ 'ਸਰਦਾਰ ਜੀ 3' ਰਿਲੀਜ਼ ਕੀਤੀ ਜਾਵੇ ਤਾਂ ਕਿ ਦਰਸ਼ਕ ਹੀ ਫੈਸਲਾ ਕਰ ਸਕਣ। ਮੀਟਿੰਗ ਵਿੱਚ ਪ੍ਰਿੰ. ਦੁਸਾਂਝ, ਕੁੱਕੂ ਦੁਸਾਂਝ, ਪਰਮਿੰਦਰ ਦੁਸਾਂਝ, ਬਲਵੀਰ ਸਿੰਘ ਪ੍ਰਧਾਨ ਤੇ ਜੱਸੂ ਗੁਪਤਾ ਆਦਿ ਨੇ ਮਤਿਆਂ ਉੱਪਰ ਭਰਪੂਰ ਚਰਚਾ ਕੀਤੀ ਅਤੇ ਕਵੀ ਦਰਬਾਰ ਵਿੱਚ ਵੀ ਭਾਗ ਲਿਆ।

## ਕਿਸਾਨ ਜਥੇਬੰਦੀਆਂ ਦੀ ਬੰਗਲੌਰ ਮੀਟਿੰਗ ਭਲਕੇ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਦੱਸਿਆ ਕਿ ਕਿਸਾਨਾਂ ਦਾ ਪੰਜ ਮੈਂਬਰੀ ਵਫ਼ਦ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਬਲਦੇਵ ਸਿੰਘ ਸਿਰਸਾ, ਅਭਿਮਨਿਊ ਕੋਹਾੜ, ਬਲਪ੍ਰੀਤ ਸਿੰਘ 5 ਜੁਲਾਈ ਨੂੰ ਦਿੱਲੀ ਤੋਂ ਦੱਖਣੀ ਸਟੇਟਾਂ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਨਾਲ ਕਿਸਾਨਾਂ ਦੀਆਂ ਭਖਦੀਆਂ ਮੰਗਾਂ ਬਾਰੇ ਵਿਚਾਰ ਚਰਚਾ ਕਰੇਗਾ ਕਿਉਂਕਿ ਦਿਨ ਪ੍ਰਤੀ ਦਿਨ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਅਰਬਾਂ-ਖਰਬਾਂ ਰੁਪਏ ਦੇ ਕਰਜ਼ਾਈ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ ਤੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਬੜੇ ਲੁਕਵੇਂ ਏਜੰਡੇ ਤਹਿਤ ਦੇਸ ਦੇ ਕਿਸਾਨਾਂ ਉੱਤੇ ਕਾਰਪੋਰੇਟਰ ਮਾਡਲ ਲੈ ਕੇ ਆ ਰਹੀ ਹੈ ਤੇ ਦੇਸ ਦੇ ਕਿਸਾਨਾਂ ਦੀ ਐੱਮ ਐਸ ਪੀ ਦੀ ਕਾਨੂੰਨੀ ਗਾਰੰਟੀ ਦੇਣ ਤੋਂ ਵੀ ਪੱਲਾ ਝਾੜ ਦੀ ਨਜ਼ਰ ਆ ਰਹੀ ਹੈ। ਇਸ ਲਈ ਕਿਸਾਨਾਂ ਕੋਲ ਆਪਣੇ ਬੱਚਿਆਂ ਦੇ ਭਵਿੱਖ ਨੂੰ ਬਚਾਉਣ ਲਈ ਇੱਕੋ ਇਕ ਰਸਤਾ ਕਿਸਾਨ ਅੰਦੋਲਨ ਹੀ ਬਚਿਆ ਹੈ।

ਬਹਿਰੂ ਨੇ ਦੱਸਿਆ ਕਿ ਪੰਜਾਬ ਤੋਂ ਗਿਆ ਕਿਸਾਨ ਵਫਦ 5 ਜੁਲਾਈ ਨੂੰ ਤਾਮਿਲਨਾਡੂ ਦੇ ਵੱਡੇ ਸ਼ਹਿਰ ਕੋਇੰਬਟੂਰ ਵਿਖੇ ਵੱਡੀ ਕਿਸਾਨ ਰੈਲੀ ਨੂੰ ਸੰਬੋਧਨ ਕਰੇਗਾ ਅਤੇ ਰੈਲੀ ਤੋਂ ਬਾਅਦ ਕਿਸਾਨ ਤਾਮਿਲਨਾਡੂ ਦੇ ਕਿਸਾਨ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕਰਕੇ ਨੋਟ ਕਰਾਂਗੇ। ਕਿਸਾਨ ਆਪਣੇ ਭਵਿੱਖ ਦੀ ਕਿਹੜੀ ਅਤੇ ਕਿੰਨੀ ਲੜਾਈ ਲੜਨਾ ਚਾਹੁੰਦੇ ਹਨ। ਉਸੇ ਦਿਨ ਹੀ ਕਿਸਾਨਾਂ ਦਾ ਇੱਕ ਕਾਫਲਾ ਬੰਗਲੌਰ ਨੂੰ ਰਵਾਨਾ ਹੋਵੇਗਾ। ਉਨ੍ਹਾਂ ਦੱਸਿਆ ਕਿ ਕਰਨਾਟਕਾ ਦੀਆਂ ਕਿਸਾਨ ਜਥੇਬੰਦੀਆਂ ਦੀ ਦੇਖ-ਰੇਖ ਹੇਠ ਬਹੁਤ ਸਾਰੇ ਦੱਖਣੀ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ 6 ਜੁਲਾਈ ਨੂੰ ਬੰਗਲੌਰ ਵਿਖੇ ਹੰਗਾਮੀ ਮੀਟਿੰਗ ਕਰਨਗੇ, ਜਿਸ ਵਿੱਚ ਅਗਲੀ ਰਣਨੀਤੀ ਕੇਂਦਰ ਸਰਕਾਰ ਖਿਲਾਫ ਤੈਅ ਹੋਵੇਗੀ, ਜਿਸ ਦਾ ਐਲਾਨ 7 ਜੁਲਾਈ ਨੂੰ ਬੰਗਲੌਰ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਕੀਤਾ ਜਾਵੇਗਾ।

## ਰੋਟਰੀ ਕਲੱਬ ਪਾਤੜਾਂ ਰਾਇਲ ਦੀ ਨਵੀਂ ਟੀਮ ਦਾ ਗਠਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰੋਇਲ ਦੀ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਸਾਲ 2025-26 ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ। ਇਸ ਦੌਰਾਨ ਹਰਮੇਸ਼ ਸਿੰਗਲਾ ਨੂੰ ਪ੍ਰਧਾਨ, ਰਾਕੇਸ਼ ਗੋਇਲ ਨੂੰ ਸੈਕਟਰੀ ਤੇ ਮਿੰਕਲ ਗਰਗ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਹਰਮੇਸ਼ ਸਿੰਗਲਾ ਤੇ ਅਹੁਦੇਦਾਰਾਂ ਨੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਤੇ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਲਗਨ ਤੇ ਮਿਹਨਤ ਨਾਲ ਨਿਭਾਉਣਗੇ ਅਤੇ ਕਲੱਬ ਦੀ ਸ਼ਾਨ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਕਾਰਜਕਾਲ 'ਚ ਆਪਣੀ ਟੀਮ ਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਬਹੁਤ ਸਾਰੇ ਸਮਾਜ ਸੇਵਾ ਦੇ ਪ੍ਰੋਜੈਕਟ ਲਗਾਉਣਗੇ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਦੀ ਤਰਫ਼ੋਂ ਨਵ-ਨਿਯੁਕਤ ਟੀਮ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਵੀ ਨਵੀਂ ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।

## ਗੁੰਮਰਾਹਕੁਨ ਦੀ ਬਜਾਏ ਮਿਆਰੀ ਬਿਆਨਬਾਜ਼ੀ ਕਰਨ ਮੰਤਰੀ ਬਿੱਟੂ : ਐਡਵੋਕੇਟ ਗਰਗ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਸ਼ਹਿਰੀ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਰੇਲ ਮੰਤਰੀ ਰਵਨੀਤ ਬਿੱਟੂ ਵੱਲੋਂ ਧੂਰੀ ਓਵਰ ਬ੍ਰਿਜ ਸਬੰਧੀ ਦਿੱਤੇ ਗਏ ਬਿਆਨਾਂ ਦੀ ਤਿੱਖੀ ਨਿੰਦਾ ਕੀਤੀ।ਉਨ੍ਹਾਂ ਕਿਹਾ ਕਿ ਰਵਨੀਤ ਬਿੱਟੂ ਵੱਲੋਂ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਜੋ ਸਰਾਸਰ ਨਿੰਦਣਯੋਗ ਹੈ।ਐਡਵੋਕੇਟ ਗਰਗ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਧੂਰੀ ਓਵਰ ਬ੍ਰਿਜ ਲਈ ਪੰਜਾਬ ਸਰਕਾਰ ਨੇ ਪੂਰੀ ਤਰ੍ਹਾਂ ਸੰਕਲਪਬੱਧਤਾ ਨਾਲ ਕੰਮ ਕੀਤਾ ਹੈ ਤੇ ਇਸ ਓਵਰ ਬਰਿੱਜ ਲਈ ਕਰੀਬ 55 ਕਰੋੜ ਰੁਪੈ ਪੰਜਾਬ ਸਰਕਾਰ ਹੀ ਖਰਚ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਗਲਤ ਜਾਣਕਾਰੀ ਦੇ ਕੇ ਰਾਜਨੀਤਕ ਰੋਟੀਆਂ ਸੇਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਿ ਕਦੇ ਵੀ ਕਾਮਯਾਬ ਨਹੀਂ ਹੋਵੇਗੀ।ਉਨ੍ਹਾਂ ਕਿਹਾ ਕਿ ਬਿੱਟੂ ਨੂੰ ਚਾਹੀਦਾ ਹੈ ਕਿ ਉਹ ਗੰਭੀਰਤਾ ਨਾਲ ਮਸਲੇ ਨੂੰ ਲੈ ਕੇ ਮਿਆਰੀ ਰਾਜਨੀਤੀ ਕਰਨ ਤੇ ਝੂਠੇ ਦਾਅਵਿਆਂ ਦੀ ਬਜਾਏ ਜ਼ਮੀਨੀ ਹਕੀਕਤਾਂ ਨੂੰ ਸਮਝਣ।ਆਖ਼ਰ 'ਚ ਹੈਪੀ ਗਰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਭਲਾਈ ਲਈ ਤਨਦੇਹੀ ਨਾਲ ਕੰਮ ਕਰ ਰਹੀ ਹੈ ਤੇ ਵਿਰੋਧੀ ਪੱਖ ਵੱਲੋਂ ਕੀਤੀ ਜਾ ਰਹੀ ਗਲਤ ਪ੍ਰਚਾਰ ਮੁਹਿੰਮ ਦਾ ਮੁਕਾਬਲਾ ਤੱਥਾਂ ਦੇ ਆਧਾਰ 'ਤੇ ਕੀਤਾ ਜਾਵੇਗਾ।

## ਆਕਸਫੋਰਡ ਸਕੂਲ 'ਚ ਤਿੰਨ ਰੋਜ਼ਾ ਸੈਮੀਨਾਰ



**ਬਠਿੰਡਾ (ਰਾਜੀਵ ਗੋਇਲ)**-ਕਸਬਾ ਭਗਤਾ ਭਾਈ ਕਾ ਦੀ ਵਿੱਦਿਅਕ ਸੰਸਥਾ ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਅਜਿਹੀ ਮਾਣਮੱਤੀ ਸੰਸਥਾ ਹੈ, ਜਿਸ ਵਿੱਚ ਵਿਦਿਆਰਥੀਆਂ ਦੀ ਬੌਧਿਕਤਾ ਨੂੰ ਤਰਾਸ਼ਣ ਦੇ ਨਾਲ-ਨਾਲ ਅਧਿਆਪਕਾਂ ਦੀ ਟੀਚਿੰਗ ਸਕਿੱਲ ਨੂੰ ਨਿਖਾਰਨ ਲਈ ਵੀ ਸੈਮੀਨਾਰ ਕਰਾਏ ਜਾਦੇ ਹਨ।ਇਸੇ ਮਕਸਦ ਤਹਿਤ ਸੰਸਥਾ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੇ ਅੰਤ ਵਿੱਚ ਤਿੰਨ ਰੋਜ਼ਾ ਸੈਮੀਨਾਰ ਕਰਾਇਆ ਗਿਆ।ਸੈਮੀਨਾਰ ਦੇ ਪਹਿਲੇ ਸਰੋਤ 'ਜੁਆਹਨਾ ਫਰਨਾਂਡਿਜ਼' ਵੱਲੋਂ '21ਵੀਂ ਸਦੀ ਵਿੱਚ ਪੜ੍ਹਾਈ ਦਾ ਪੱਧਰ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਕੇ ਅਧਿਆਪਕਾਂ ਨੂੰ ਆਉਣ ਵਾਲੇ ਸਮੇ ਵਿੱਚ ਪੜ੍ਹਾਈ ਕਰਾਉਣ ਦੇ ਨਵੇਂ-ਨਵੇਂ ਤਰੀਕਿਆਂ ਤੋਂ ਜਾਣੂ ਕਰਾਇਆ।ਸੈਮੀਨਾਰ ਦੇ ਦੂਜੇ ਸਰੋਤ ਪੂਜਾ ਵਾਸ਼ਿਸ਼ਤਾ ਵੱਲੋਂ ਸਿਲੇਬਸ, ਐਕਟਿਵ ਲਰਨਿੰਗ, ਟੀਚਿੰਗ ਸਕਿੱਲ ਆਦਿ ਵਿਸ਼ੇ ਉੱਤੇ ਵਿਚਾਰ ਸਾਂਝੇ ਕਰਦੇ ਹੋਏ ਅਧਿਆਪਕਾਂ ਨੂੰ ਐਕਟੀਵਿਟੀ ਤੇ ਸਿੱਖਣ ਵਿਧੀ ਅਪਨਾਉਣ ਲਈ ਕਿਹਾ ਤਾਂ ਜੁ ਵਿਦਿਆਰਥੀਆਂ ਸਹਿਜੇ ਹੀ ਸਿੱਖ ਸਕਣ।ਇਸੇ ਤਰ੍ਹਾਂ 3 ਜੁਲਾਈ ਨੂੰ ਨੇਹਾ ਸੂਦ ਨੇ ਸਟਰੈੱਸ ਮੈਨੇਜਮੈਂਟ ਤੇ ਐਗਜ਼ੀਕਿਊਟਿਵ ਲਰਨਿੰਗ ਵਿਸ਼ੇ ਉੱਤੇ ਚਾਨਣਾ ਪਾਉਂਦੇ ਹੋਏ ਪੜ੍ਹਾਈ ਵਿੱਚ ਹੋਰ ਵਧੇਰੇ ਸੌਖੇ ਤਰੀਕੇ ਅਪਨਾਉਣ ਦੇ ਗੁਰ ਸਮਝਾਏ।ਸਕੂਲ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਕਿਹਾ ਕਿ ਸਕੂਲ ਦੀ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਅਜਿਹੇ ਸੈਮੀਨਾਰ ਆਯੋਜਤ ਕਰਦੀ ਹੈ, ਜੋ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਬੇਹੱਦ ਲਾਹੇਵੰਦ ਸਾਬਤ ਹੁੰਦੇ ਹਨ।

## ਛਾਜਲੀ ਸਟੇਸ਼ਨ 'ਤੇ ਰੇਲ ਗੱਡੀਆਂ ਰੋਕਣ ਦੀ ਮੰਗ



**ਦਿੜ੍ਹਬਾ (ਜਸਵੀਰ ਲਾਡੀ)**-ਦਿੱਲੀ ਕਿਸਾਨ ਅੰਦੋਲਨ ਸਮੇਂ ਪੰਜਾਬ ਦੇ ਕਈ ਰੇਲਵੇ ਸਟੇਸ਼ਨਾਂ 'ਤੇ ਰੇਲ ਗੱਡੀਆਂ ਨਹੀਂ ਰੁਕਦੀਆਂ ਸਨ। ਇਸ ਸਮੱਸਿਆ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦਾ ਵਫ਼ਦ ਦਰਬਾਰਾ ਸਿੰਘ ਛਾਜਲਾ ਜ਼ਿਲ੍ਹਾ ਜਨਰਲ ਸਕੱਤਰ ਦੀ ਪ੍ਰਧਾਨਗੀ ਹੇਠ ਸਟੇਸ਼ਨ ਮਾਸਟਰ ਨੂੰ ਮਿਲਿਆ ਤੇ ਮੰਗ ਪੱਤਰ ਸੌਂਪਿਆ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਜੋ ਰੇਲ ਗੱਡੀਆਂ ਲੁਧਿਆਣਾ-ਹਿਸਾਰ ਜਾਂ ਦਿੱਲੀ, ਸ੍ਰੀ ਅੰਮ੍ਰਿਤਸਰ ਸਾਹਿਬ ਆਉਣ-ਜਾਣ ਵਾਲੀਆਂ ਪਸੰਜਰ ਤੇ ਐਕਸਪ੍ਰੈਸ ਰੇਲ ਗੱਡੀਆਂ ਜੋ ਪਹਿਲਾਂ ਰੁਕਦੀਆਂ ਸਨ, ਉਹ ਸਾਰੀਆਂ ਰੇਲ ਗੱਡੀਆਂ ਦੁਬਾਰਾ ਰੁਕਣੀਆਂ ਚਾਹੀਦੀਆਂ ਹਨ, ਕਿਉਂਕਿ ਛਾਜਲੀ ਦੇ ਇਸ ਰੇਲਵੇ ਸਟੇਸ਼ਨ ਨਾਲ ਆਲੇ-ਦੁਆਲੇ ਦੇ ਕਾਫੀ ਪਿੰਡ ਜੁੜੇ ਹੋਏ ਹਨ।

ਦਰਬਾਰਾ ਸਿੰਘ ਛਾਜਲਾ ਨੇ ਕਿਹਾ ਕਿ ਲੋਕਾਂ ਦੀ ਇਸ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਇਹ ਬੰਦ ਕੀਤੀਆਂ ਰੇਲ ਗੱਡੀਆਂ ਦੇ ਰੇਲਵੇ ਸਟੇਸ਼ਨ ਛਾਜਲੀ ਤੇ ਜਲਦੀ ਤੋਂ ਜਲਦੀ ਠਹਿਰਾਅ ਕੀਤਾ ਜਾਵੇ ਤਾਂ ਜੁ ਲੋਕ ਇਸ ਸਹੂਲਤ ਦਾ ਲਾਭ ਲੈ ਸਕਣ।



**ਨਗਰ ਕੌਂਸਲ ਦੇ ਪ੍ਰਧਾਨ ਜਗਦੀਪ ਸਿੰਘ ਗਟਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਰੱਤੀ ਰਾਮ ਦੀ ਅਗਵਾਈ ਹੇਠ ਨਿਹਾਲ ਸਿੰਘ ਵਾਲਾ ਦੇ ਨਾਲਿਆਂ ਦੀ ਸਫਾਈ ਕਰਦੇ ਹੋਏ ਸਮੂਹ ਸਫਾਈ ਸੇਵਕ। (ਫੋਟੋ ਤੇ ਵੇਰਵਾ : ਲਵਲੀ ਮਾਛੀਕੇ)**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

# ਲੋਕ ਨਿਰਮਾਣ ਮੰਤਰੀ ਈਟੀਓ ਵੱਲੋਂ ਮੱਲ੍ਹੀਆਂ ਤੋਂ ਤਿੰਮੋਵਾਲ ਸੜਕ ਦਾ ਉਦਘਾਟਨ

**ਟਾਂਗਰਾ (ਲਾਡੀ ਮੱਲ੍ਹੀ)**- ਪਿਛਲੇ ਕਰੀਬ ਸਾਢੇ ਤਿੰਨ ਸਾਲਾਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਮੁੜ ਲੀਹਾਂ 'ਤੇ ਲਿਆਂਦਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਹਲਕਾ ਜੰਡਿਆਲਾ ਵਿਖੇ ਵੱਖ ਵੱਖ ਸੜਕਾਂ ਅਤੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਜੰਡਿਆਲਾ ਹਲਕੇ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ, ਸੂਬੇ ਵਿਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ ਤਾਂ ਜੋ ਸੂਬੇ ਦੀ ਤਰੱਕੀ ਦੀ ਰਫਤਾਰ ਨੂੰ ਵਧਾਇਆ ਜਾ ਸਕੇ। ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ 1 ਕਰੋੜ 11 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਮੱਲ੍ਹੀਆਂ ਤੋਂ ਤਿੰਮੋਵਾਲ, ਖੇਲਾ, ਛੱਜਲਵੱਡੀ, ਟਾਂਗਰਾ ਤੋਂ ਹੋਰ ਸੜਕਾਂ ਅਤੇ



ਡਰੇਨ ਜਿਸ ਦੀ ਕੁੱਲ ਲੰਬਾਈ 3.15 ਕਿਲੋਮੀਟਰ ਆਦਿ ਦੀ ਉਸਾਰੀ ਕਰਵਾਈ। ਸਾਰੇ ਕੰਮ ਸੰਬੰਧਤ ਠੇਕੇਦਾਰਾਂ ਨੂੰ ਅਲਾਟ ਕਰ ਦਿੱਤੇ ਗਏ ਹਨ ਅਤੇ ਆਉਂਦਿਆਂ 6 ਮਹੀਨੇ ਦੌਰਾਨ ਕੰਮ ਮੁਕੰਮਲ ਕਰਨ ਦਾ ਟੀਚਾ ਹੈ। ਇਸ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।ਇਸ ਮੌਕੇ ਭਰਾਤਾ ਈ ਟੀ ਓ ਸਤਿੰਦਰ ਸਿੰਘ, ਚੇਅਰਮੈਨ ਛਨਾਖ ਸਿੰਘ, ਆਪ ਆਗੂ ਅਮਰੀਕ ਸਿੰਘ ਸੰਧੀ ਦੇਵੀਦਾਸਪੁਰ, ਸਿੰਘ, ਨਵਕਿਰਨ ਸਿੰਘ ਮੱਲ੍ਹੀਆਂ, ਸਤਨਾਮ ਸਿੰਘ ਮੱਲ੍ਹੀਆਂ, ਸੋਨੂੰ ਭਨੋਟ, ਗੁਰਮੁਖ ਸਿੰਘ ਸਰਪੰਚ ਸਰਜਾ, ਹਰਪਾਲ ਸਿੰਘ ਚੌਹਾਨ, ਡਾ. ਗੁਰਦੀਪ ਸਿੰਘ ਸਰਪੰਚ ਕੋਟਲਾ, ਦਵਿੰਦਰ ਸਿੰਘ ਮੰਨ੍ਹ ਸਰਪੰਚ, ਸਵਿੰਦਰ ਸਿੰਘ ਫੌਜੀ ਮੁੱਛਲ, ਲਖਵਿੰਦਰ ਕੌਰ ਟਾਂਗਰਾ, ਲਵਪ੍ਰੀਤ ਕੌਰ ਟਾਂਗਰਾ, ਕੁਲਵੰਤ ਸਿੰਘ ਸੰਗਰਾਵਾਂ, ਰਮਨਜੀਤ ਸਿੰਘ ਸਿੱਧੂ ਜੋਧਾਨਗਰੀ, ਪਰਮਿੰਦਰ ਸਿੰਘ ਸਰਪੰਚ ਡੇਹਰੀਵਾਲ, ਗੁਰਦੇਵ ਸਿੰਘ ਸਰਪੰਚ ਟਾਂਗਰਾ ਤੇ ਹੋਰ ਪਿੰਡ ਵਾਸੀ ਮੌਜੂਦ ਸਨ।

# ਨਗਰ ਨਿਗਮ ਬਟਾਲਾ ਦੀ ਟੀਮ ਨੇ ਨਾਜਾਇਜ਼ ਉਸਾਰੀ ਨੂੰ ਢਾਹਿਆ



**ਬਟਾਲਾ (ਤਰਲੋਕ ਢੱਗਾ)**- ਕਮਿਸ਼ਨਰ ਨਗਰ ਨਿਗਮ, ਬਟਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀ.ਐਚ ਸਕੱਅਰ ਜਲੰਧਰ ਬਾਈਪਾਸ ਰੋਡ ਦੇ ਨਜ਼ਦੀਕ ਬਿਨਾਂ ਨਕਸ਼ਾ ਪਾਸ ਕਰਾਏ ਨਜਾਇਜ਼ ਉਸਾਰੀ ਕੀਤੀ ਗਈ ਸੀ, ਨੂੰ ਬਿਲਡਿੰਗ ਬ੍ਰਾਂਚ ਦੇ ਅਧਿਕਾਰੀਆਂ ਵੱਲੋਂ ਢਾਹਿਆ ਗਿਆ। ਇਸ ਮੌਕੇ ਸੁਖਵਿੰਦਰ ਕੁਮਾਰ ਬਿਲਡਿੰਗ ਇੰਸਪੈਕਟਰ, ਸ੍ਰੀਮਤੀ ਮਨਿੰਦਰ ਕੌਰ ਬਿਲਡਿੰਗ ਇੰਸਪੈਕਟਰ, ਗੁਰਮੁਖ ਸਿੰਘ, ਡਰਾਫਟਮੈਨ ਅਤੇ ਫੀਲਡ ਸਟਾਫ ਕੇਵਲ ਕ੍ਰਿਸ਼ਨ, ਹਰਮਨਜੀਤ ਸਿੰਘ, ਰਮੇਸ਼ ਕੁਮਾਰ ਲਾਲੀ, ਰਜਿੰਦਰ ਕੁਮਾਰ ਅਤੇ ਪ੍ਰਦੀਪ ਕੁਮਾਰ ਵੱਲੋਂ ਐਕਸ਼ਨ ਲੈਂਦੇ ਹੋਏ ਢਾਹੁਣ ਦੀ ਕਾਰਵਾਈ ਨੂੰ ਅਮਲ ਵਿੱਚ ਲਿਆਂਦੀ ਗਈ।ਇਸ ਸਬੰਧ ਵਿੱਚ ਵਿਕਰਮਜੀਤ ਸਿੰਘ ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ ਨੇ ਬਟਾਲਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਇਮਾਰਤ ਦੀ ਉਸਾਰੀ ਕਰਨ ਤੋਂ ਪਹਿਲਾਂ ਨਗਰ ਨਿਗਮ ਤੋਂ ਨਕਸ਼ਾ ਪਾਸ ਕਰਵਾਉਣ ਉਪਰੰਤ ਹੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਹੋਰ ਵੀ ਅਣਅਧਿਕਾਰਤ ਉਸਾਰੀਆਂ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਜਲਦੀ ਹੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਮਾਊਂਟ ਐਲਬ੍ਰਸ ਸਰ ਕਰਨ ਵਾਲੇ ਤੇਗਬੀਰ ਸਿੰਘ ਦਾ ਸਨਮਾਨ



**ਸ੍ਰੀ ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਬੀਤੇ ਦਿਨੀਂ ਰੂਸ ਅਤੇ ਯੂਰਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਲਬ੍ਰਸ ਨੂੰ ਸਰ ਕਰਨ ਵਾਲੇ ਛੇ ਸਾਲਾ ਤੇਗਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਤੇ ਸ੍ਰੀ ਸਾਹਿਬ ਦੇ ਕੇ ਸਨਮਾਨ ਦਿੱਤਾ ਗਿਆ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਕਾਕਾ ਤੇਗਬੀਰ ਸਿੰਘ 5 ਸਾਲ ਦੀ ਉਮਰ ਵਿੱਚ ਅਪ੍ਰੈਲ 2024 ਵਿੱਚ ਮਾਊਂਟ ਐਵਰੈਸਟ ਬੇਸ ਕੈਂਪ ਨੇਪਾਲ ਪਹੁੰਚਣ ਵਾਲਾ ਸਭ ਤੋਂ ਛੋਟੀ ਉਮਰ ਦਾ ਬੱਚਾ ਹੈ ਤੇ ਅਗਸਤ 2024 ਵਿੱਚ ਮਾਊਂਟ ਕਿਲਿਮੰਜਾਰੋ (ਅਫ਼ਰੀਕਾ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ) ਨੂੰ ਸਭ ਤੋਂ ਘੱਟ ਉਮਰ ਵਿੱਚ ਸਰ ਕਰਨ ਵਾਲਾ ਭਾਰਤੀ ਤੇ ਏਸ਼ੀਆ ਖੇਤਰ ਦਾ ਬੱਚਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਕਾਕਾ ਤੇਗਬੀਰ ਸਿੰਘ ਦਾ ਸਮੁੱਚਾ ਪਰਿਵਾਰ ਗੁਰਸਿੱਖ ਹੈ ਅਤੇ ਬੱਚੇ ਨੇ ਛੋਟੀ ਉਮਰ ਵਿੱਚ ਉੱਚੀ ਚੋਟੀ ਸਰ ਕਰਕੇ ਸਮੁੱਚੀ ਸਿੱਖ ਕੌਮ ਦਾ ਨਾਂਅ ਦੇਸ਼ ਦੁਨੀਆਂ ਅੰਦਰ ਰੋਸ਼ਨ ਕੀਤਾ ਹੈ, ਜੋ ਕਿ ਪ੍ਰੇਰਨਾਸਰੋਤ ਹੈ। ਜਥੇਦਾਰ ਗੜਗੱਜ ਨੇ ਕਾਕਾ ਤੇਗਬੀਰ ਸਿੰਘ ਨੂੰ ਭਵਿੱਖ ਵਿੱਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸਮੁੱਚੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਵੀ ਕੀਤੀ। ਤੇਗਬੀਰ ਸਿੰਘ ਦੇ ਪਿਤਾ ਸੁਖਿੰਦਰਦੀਪ ਸਿੰਘ, ਮਾਤਾ ਡਾ. ਮਨਪ੍ਰੀਤ ਕੌਰ, ਭੈਣ ਪਵਿਤਜੋਤ ਕੌਰ, ਨਾਨਾ ਗੁਰਚਰਨ ਸਿੰਘ, ਦਾਦੀ ਨਰਿੰਦਰਜੀਤ ਕੌਰ, ਪਰਨਾਨੀ ਬੀਬੀ ਬਲਵਿੰਦਰ ਕੌਰ ਨੂੰ ਵੀ ਸਿੰਘ ਸਾਹਿਬਾਨ ਵੱਲੋਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ, ਸਹਾਇਕ ਇੰਚਾਰਜ ਜਸਵੀਰ ਸਿੰਘ ਲੌਂਗੋਵਾਲ ਵੀ ਮੌਜੂਦ ਸਨ।

# ਨਾਥਪੁਰ ਛੱਪੜ ਦੀ ਚਾਰਦੀਵਾਰੀ ਜ਼ਮੀਨ 'ਚ ਧੱਸਣ ਕਾਰਨ ਪਾਣੀ ਹੋਇਆ ਓਵਰਫਲੋ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਅੰਦਰ ਪਾਣੀ ਦੀ ਨਿਕਾਸੀ ਨੂੰ ਲੈ ਕੇ ਥਾਪਰ ਮਾਡਲ ਛੱਪੜ ਬਣਾਉਣ ਦੀ ਉਲੀਕੀ ਗਈ ਸਕੀਮ ਦੇ ਤਹਿਤ ਹਲਕਾ ਕਾਦੀਆਂ ਦੇ ਪਿੰਡ ਨਾਥਪੁਰ 'ਚ ਕੁਝ ਸਾਲ ਪਹਿਲਾਂ ਲੱਖਾਂ ਰੁਪਿਆਂ ਦੀ ਲਾਗਤ ਨਾਲ ਬਣਾਇਆ ਗਿਆ ਥਾਪਰ ਮਾਡਲ ਛੱਪੜ ਅੱਜ ਮੀਂਹ ਦੇ ਪਾਣੀ ਕਾਰਨ ਛੱਪੜ ਦੀ ਚਾਰਦੀਵਾਰੀ ਜ਼ਮੀਨ ਦੇ ਅੰਦਰ ਧੱਸ ਗਈ ਅਤੇ ਪਾਣੀ ਓਵਰਫਲੋ ਹੋ ਕੇ ਸੜਕ 'ਤੇ ਆ ਗਿਆ। ਇਸ ਸਬੰਧੀ ਸਥਾਨਕ ਲੋਕਾਂ ਨੇ ਦੱਸਿਆ ਕਿ ਪਿੰਡ ਦੇ ਅੰਦਰ ਬਣਾਏ ਗਏ ਥਾਪਰ ਮਾਡਲ ਛੱਪੜ ਜਿਸ ਦੀ ਚਾਰਦੀਵਾਰੀ ਜੋ ਬਣਾਈ ਗਈ ਹੈ, ਉਹ ਪਾਣੀ ਓਵਰਫਲੋ ਹੋਣ ਕਾਰਨ ਚਾਰਦੀਵਾਰੀ ਵੱਖ-ਵੱਖ ਥਾਵਾਂ ਤੋਂ ਜ਼ਮੀਨ ਅੰਦਰ ਧੱਸ ਗਈ ਹੈ ਅਤੇ ਉਸ ਦੇ ਆਸੇ ਦੁਆਲੇ ਇੰਟਰਲਾਕ ਟਾਈਲਾਂ ਲਗਾ ਕੇ ਬਣਾਈ ਗਈ ਸੜਕ ਵੀ ਜ਼ਮੀਨ ਅੰਦਰ ਧੱਸ ਗਈ ਹੈ। ਕਿਸੇ ਵੇਲੇ ਵੀ ਇੱਕ ਦੋ ਬਰਸਾਤਾਂ 'ਚ ਇਹ ਸੜਕ ਪੂਰੀ ਦੀ ਪੂਰੀ ਜ਼ਮੀਨ ਵਿੱਚ ਧੱਸ ਸਕਦੀ ਹੈ ਅਤੇ ਛੱਪੜ



ਦਾ ਪਾਣੀ ਲੋਕਾਂ ਦੇ ਘਰਾਂ ਤੱਕ ਪਹੁੰਚ ਸਕਦਾ ਜਿਸ ਨਾਲ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਲੱਖਾਂ ਰੁਪਿਆਂ ਲਾ ਕੇ ਬਣਾਏ ਗਏ ਥਾਪਰ ਮਾਡਲ ਦੀ ਹਾਲਤ ਕੁਝ ਹੀ ਸਮੇਂ ਵਿੱਚ ਇੰਨੀ ਤਰਸਯੋਗ ਹੋ ਗਈ ਹੈ ਕਿ ਇਸ ਲੱਗਦਾ ਹੈ ਕਿ ਜਿਵੇਂ ਘਟੀਆ ਮਟੀਰੀਅਲ ਜਾਂ ਫਿਰ ਵੱਡੀ ਅਣਗਹਿਲੀ ਕਾਰਨ ਇਹ ਛੱਪੜ ਬਣਾਇਆ ਗਿਆ, ਜਿਸ ਕਾਰਨ ਅੱਜ ਲੋਕਾਂ ਨੂੰ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਰਿਹਾ। ਸਥਾਨਕ ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਸੰਬੰਧਤ ਮਹਿਕਮੇ ਦੇ ਅਧਿਕਾਰੀਆਂ ਦੇ ਕੋਲੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਥਾਪਰ ਮਾਡਲ ਛੱਪੜ ਨੂੰ ਮੁਕੰਮਲ ਤੌਰ 'ਤੇ ਬਣਾਇਆ ਜਾਵੇ ਤਾਂ ਜੋ ਕੋਈ ਵੀ ਵੱਡਾ ਹਾਦਸਾ ਨਾ ਵਾਪਰ ਸਕੇ। ਜਦੋਂ ਬੀਡੀਪੀਓ ਕਾਦੀਆਂ ਬਲਜੀਤ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਹ ਮਾਮਲਾ ਉਹਨਾਂ ਦੇ ਧਿਆਨ ਵਿੱਚ ਆ ਗਿਆ ਹੈ ਅਤੇ ਉਹ ਜਲਦ ਹੀ ਮੌਕੇ 'ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲੈਣਗੇ ਅਤੇ ਜਾਇਜ਼ਾ ਲੈਣ ਉਪਰੰਤ ਅਗਲੀ ਕਾਰਵਾਈ ਨੂੰ ਅਮਲ ਵਿੱਚ ਲਿਆਉਣਗੇ।

# ਆਰ ਬੀ ਐੱਸ ਕੇ ਦੀ ਟੀਮ ਨੇ ਚੌਥੀ ਕਲਾਸ ਦੀ ਨਵਨੀਤ ਕੌਰ ਦੇ ਦਿਲ 'ਚ ਛੇਕ ਦਾ ਆਪ੍ਰੇਸ਼ਨ ਕਰਵਾਇਆ

**ਚੋਹਲਾ ਸਾਹਿਬ (ਰਮਨ ਚੱਢਾ)**- ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਆਰ ਬੀ ਐਸ ਕੇ ਦੀ ਟੀਮ ਵੱਲੋਂ ਚੌਥੀ ਕਲਾਸ ਦੀ ਵਿਦਿਆਰਥਣ ਦੇ ਦਿਲ ਦੇ ਛੇਕ ਦਾ ਸਫਲ ਆਪ੍ਰੇਸ਼ਨ ਕਰਵਾਇਆ ਗਿਆ। ਇਸ ਸੰਬੰਧੀ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਸਰਕਾਰੀ ਐਲੀਮੈਂਟਰੀ ਸਕੂਲ ਲੜਕੀਆਂ ਵਿਖੇ ਪੜ੍ਹ ਰਹੀ ਚੌਥੀ ਕਲਾਸ ਦੀ ਵਿਦਿਆਰਥਣ ਨਵਨੀਤ ਕੌਰ ਪੁੱਤਰੀ ਜਗਤਾਰ ਸਿੰਘ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਇਸ ਦੇ ਦਿਲ ਵਿੱਚ ਛੇਕ ਸੀ ਜਿਸ ਦਾ ਡਾ. ਵਿਵੇਕ ਸ਼ਰਮਾ ਆਰ ਬੀ ਐਸ



ਕੇ ਟੀਮ ਵੱਲੋਂ ਲੋੜੀਂਦੀਆਂ ਕਾਰਵਾਈਆਂ ਪੂਰੀਆਂ ਕਰਦੇ ਹੋਏ ਛੋਟੀ ਬੱਚੀ ਦੇ ਦਿਲ ਦਾ ਆਪ੍ਰੇਸ਼ਨ ਕਰਵਾਇਆ ਗਿਆ ਅਤੇ ਇਹ ਆਪ੍ਰੇਸ਼ਨ ਸਫਲ ਹੋਣ 'ਤੇ ਵਿਦਿਆਰਥਣ ਸਕੂਲ ਵਿੱਚ ਆਪਣੀ ਪੜ੍ਹਾਈ ਕਰਨ ਲਈ ਪਹੁੰਚੀ। ਡਾਕਟਰਜ਼ ਡੇ ਵਾਲੇ ਦਿਨ ਸਕੂਲ ਟੀਚਰ ਪਰਮਿੰਦਰ ਕੌਰ ਗਿੱਲ ਅਤੇ ਵਿਦਿਆਰਥੀ ਫੁੱਲਾਂ ਦਾ ਗੁਲਦਸਤਾ ਲੈ ਕੇ ਡਾ. ਜਤਿੰਦਰ ਸਿੰਘ ਗਿੱਲ ਨੂੰ ਸਨਮਾਨਤ ਕਰਨ ਲਈ ਸੀ ਐਚ ਸੀ ਸਰਹਾਲੀ ਵਿਖੇ ਪਹੁੰਚੇ ਜਿੱਥੇ ਨਵਨੀਤ ਕੌਰ ਨੂੰ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਨੇ ਆਪਣੀ ਕੁਰਸੀ 'ਤੇ ਬਿਠਾ ਕੇ ਉਸ ਦਾ ਸਨਮਾਨ ਕੀਤਾ ਅਤੇ ਹੌਸਲਾ ਵਧਾਇਆ। ਇਸ ਸਮੇਂ ਡਾਕਟਰ ਵਿਵੇਕ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਨਿਰੰਤਰ ਸਕੂਲੀ ਵਿਦਿਆਰਥੀਆਂ ਦੀ ਮੈਡੀਕਲ ਜਾਂਚ ਕੀਤੀ ਜਾਂਦੀ ਹੈ ਅਤੇ ਲੋੜਵੰਦ ਵਿਦਿਆਰਥੀਆਂ ਦੇ ਮੁਫ਼ਤ ਆਪ੍ਰੇਸ਼ਨ ਕਰਵਾਏ ਜਾਂਦੇ ਹਨ। ਇਸ ਸਮੇਂ ਕਵਲਪ੍ਰੀਤ ਕੌਰ ਸਟਾਫ ਨਰਸ, ਅਮਨਦੀਪ ਕੌਰ ਸਟਾਫ ਨਰਸ, ਪਰਮਿੰਦਰ ਕੌਰ ਗਿੱਲ ਟੀਚਰ ਆਦਿ ਹਾਜ਼ਰ ਸਨ।

# ਸਕੂਲਾਂ ਦੇ ਸਫ਼ਾਈ ਕਰਮਚਾਰੀ ਪਿਛਲੇ ਪੰਜ ਮਹੀਨਿਆਂ ਤੋਂ ਤਨਖ਼ਾਹ ਨਾ ਮਿਲਣ ਕਾਰਨ ਪ੍ਰੇਸ਼ਾਨ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ ਵਿੱਚ ਕੰਮ ਕਰਦੇ ਸਫਾਈ ਕਰਮਚਾਰੀ ਪਿਛਲੇ ਪੰਜ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ ਪ੍ਰੇਸ਼ਾਨ ਹਨ। ਤਨਖਾਹਾਂ ਨਾ ਮਿਲਣ ਕਾਰਨ ਉਨ੍ਹਾਂ ਵਿੱਚ ਪੰਜਾਬ ਸਰਕਾਰ ਵਿਰੁੱਧ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਐਲੀਮੈਂਟਰੀ ਟੀਚਰਜ਼ ਯੂਨੀਅਨ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਅਸ਼ਵਨੀ ਫੱਜੂਪੁਰ, ਸੂਬਾਈ ਆਗੂ ਹਰਪ੍ਰੀਤ ਪਰਮਾਰ ਅਤੇ ਜ਼ਿਲ੍ਹਾ ਜਨਰਲ ਸਕੱਤਰ ਸੁਖਦੀਪ ਸਿੰਘ ਜੌਲੀ ਨੇ ਦੱਸਿਆ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ ਵਿੱਚ ਕੰਮ ਕਰਦੇ 173 ਸਫਾਈ ਕਰਮਚਾਰੀ ਪਿਛਲੇ ਪੰਜ ਮਹੀਨਿਆਂ ਤੋਂ ਨਿਗੂਣੀਆਂ ਤਨਖਾਹਾਂ ਨਾ ਮਿਲਣ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਲੰਘ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ ਵਿੱਚ ਕੰਮ ਕਰਦੇ ਸਫਾਈ ਕਰਮਚਾਰੀਆਂ ਨੂੰ ਫਰਵਰੀ 2025 ਤੋਂ ਲੈ ਕੇ ਜੂਨ 2025 ਤੱਕ ਪੰਜ ਮਹੀਨਿਆਂ ਦੀ ਤਨਖਾਹ ਨਹੀਂ ਮਿਲੀ। ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਉਹ ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਨੂੰ ਮਿਲੇ ਹਨ, ਜਿਸ ਤੇ ਉਨ੍ਹਾਂ ਨੇ ਜ਼ਿਲ੍ਹਾ ਸਿੱਖਿਆ ਅਫਸਰਾਂ ਨੇ ਦੱਸਿਆ ਕਿ ਇਨ੍ਹਾਂ ਸਫਾਈ ਕਰਮਚਾਰੀਆਂ ਦੀਆਂ ਤਨਖਾਹਾਂ ਦੇ ਬਿੱਲ ਬਣਾ ਕੇ ਖਜ਼ਾਨਾ ਦਫਤਰ ਗੁਰਦਾਸਪੁਰ ਨੂੰ ਭੇਜੇ ਜਾ ਚੁੱਕੇ ਹਨ ਅਤੇ ਹੁਣ ਖਜ਼ਾਨਾ ਦਫਤਰ ਨੇ ਹੀ ਇਨ੍ਹਾਂ ਕਰਮਚਾਰੀਆਂ ਦੀਆਂ ਤਨਖਾਹਾਂ ਸਕੂਲਾਂ ਦੇ ਖਾਤਿਆਂ ਵਿੱਚ ਪਾਉਣੀਆਂ ਹਨ। ਜਥੇਬੰਦੀ ਦੇ ਆਗੂਆਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਖਜ਼ਾਨਾ ਦਫਤਰ ਗੁਰਦਾਸਪੁਰ ਤੋਂ ਮੰਗ ਕੀਤੀ ਹੈ ਕਿ ਸਕੂਲਾਂ ਵਿੱਚ ਕੰਮ ਕਰਦੇ ਸਫਾਈ ਕਰਮਚਾਰੀਆਂ ਦੀਆਂ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ। ਇਸ ਮੌਕੇ ਸੂਬਾ ਆਗੂ ਰਛਪਾਲ ਉਦੋਕੇ, ਸਤਿਬੀਰ ਕਾਹਲੋਂ, ਗੁਰਵਿੰਦਰ ਸਿੰਘ […] ਆਦਿ ਹਾਜ਼ਰ ਸਨ।

# ਪ੍ਰਿੰ. ਮੁਕਤਾ ਤਰੇਹਨ ਨੇ ਅਧਿਆਪਕਾਂ ਦਾ ਵਿਸ਼ੇਸ਼ ਸੈਸ਼ਨ ਲਗਾਇਆ




**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਵਿਖੇ ਨਵੇਂ ਨਿਯੁਕਤ ਹੋਏ ਪ੍ਰਿੰਸੀਪਲ ਮੈਡਮ ਮੁਕਤਾ ਤਰੇਨ ਨੇ ਸੀ ਬੀ ਐਸ ਈ ਵੱਲੋਂ ਐਨ ਈ ਪੀ ਨੀਤੀ ਸਕੂਲਾਂ ਵਿੱਚ ਲਾਗੂ ਕਰਨ ਕਰਕੇ ਇਸ ਸੰਬੰਧੀ ਅਧਿਆਪਕਾਂ ਦਾ ਵਿਸ਼ੇਸ਼ ਸੈਸ਼ਨ ਲਗਾਇਆ ਗਿਆ। ਜਿਸ ਵਿੱਚ ਉਨ੍ਹਾਂ ਨੇ ਆਪ ਆਪਣੇ ਸਟਾਫ ਨੂੰ ਵੱਖ -ਵੱਖ ਤਕਨੀਕਾਂ ਅਤੇ ਐਕਟੀਵਿਟੀਜ਼ ਦੀ ਮਦਦ ਨਾਲ ਜਾਣੂ ਕਰਵਾਇਆ ਤਾਂ ਜੋ ਉਪਰੋਕਤ ਜਾਣਕਾਰੀ ਪ੍ਰਾਪਤ ਕਰਕੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦਾ ਸਿੱਖਿਆ ਮਿਆਰ ਨੂੰ ਉੱਚਾ ਚੁੱਕਿਆ ਜਾ ਸਕੇ।ਇਸ ਟ੍ਰੇਨਿੰਗ ਸੈਸ਼ਨ ਵਿੱਚ ਸ਼ਾਮਿਲ ਹੋਏ ਅਧਿਆਪਕਾਂ ਨੇ ਦੱਸਿਆ ਕਿ ਸੈਸ਼ਨ ਵਿੱਚ ਪ੍ਰਾਪਤ ਹੋਈ ਜਾਣਕਾਰੀ ਨਾਲ ਬੱਚਿਆਂ ਨੂੰ ਪੜ੍ਹਾਉਣ ਵਿੱਚ ਬਹੁਤ ਮਦਦ ਮਿਲੇਗੀ ਅਤੇ ਸਕੂਲ ਸਟਾਫ ਵੱਲੋਂ ਐਨ ਈ ਪੀ ਨੀਤੀ ਦੇ ਸੈਸ਼ਨ ਬਾਰੇ ਸਕੂਲ ਪ੍ਰਿੰਸੀਪਲ ਵੱਲੋਂ ਕੀਤੀ ਅਗਵਾਈ ਦੀ ਸ਼ਲਾਘਾ ਕੀਤੀ ਤੇ ਮੰਗ ਕੀਤੀ ਗਈ ਕਿ ਸਕੂਲ ਵਲੋਂ ਸਮੇਂ ਸਮੇਂ ਅਨੁਸਾਰ ਇਸ ਤਰ੍ਹਾਂ ਦੇ ਟ੍ਰੇਨਿੰਗ ਸੈਸ਼ਨ ਲੱਗਦੇ ਰਹਿਣੇ ਚਾਹੀਦੇ ਹਨ।

# ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਖੇਡਾਂ ਨਾਲ ਜੋੜਨਾ ਜ਼ਰੂਰੀ : ਗੁਪਤਾ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਉਸ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਨਸ਼ਿਆਂ ਵਿਰੁੱਧ ਖੁੱਲ੍ਹ ਕੇ ਬਾਹਰ ਆਏ ਹਨ ਅਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਸ ਨੂੰ ਸਾਂਝੀ ਕਰ ਰਹੇ ਹਨ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਹਲਕਾ ਕੇਂਦਰੀ ਦੇ ਵਿਧਾਇਕ ਡਾ. ਅਜੈ ਗੁਪਤਾ ਨੇ ਪਿੰਡ ਕੀਰਤਨ ਗੜ੍ਹ ਵਿੱਚ ਸਕੂਲੀ ਬੱਚਿਆਂ ਨੂੰ 100 ਖੇਡ ਕਿੱਟਾਂ ਵੰਡਦੇ ਸਮੇਂ ਕੀਤਾ। ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਹਾਲ ਹੀ ਵਿੱਚ ਇਸ ਪਿੰਡ ਵਿੱਚ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸ 'ਤੇ ਪਿੰਡ ਦੇ ਲੋਕਾਂ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦੀ ਮੰਗ ਕੀਤੀ ਸੀ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਇਸ ਪਿੰਡ ਵਿੱਚ ਇੱਕ ਗਰਾਊਂਡ ਸਾਫ਼ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਦੀ ਖੇਡਾਂ ਵਿੱਚ ਦਿਲਚਸਪੀ ਵਧਾਉਣ ਲਈ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ 100 ਖੇਡ ਕਿੱਟਾਂ ਉਪਲਬਧ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅੱਜ ਪਿੰਡ ਕੀਰਤਨ ਗੜ੍ਹ ਵਿੱਚ 100 ਬੱਚਿਆਂ ਨੂੰ ਕਿੱਟਾਂ ਵੰਡੀਆਂ ਗਈਆਂ। ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਜੇਕਰ ਪਿੰਡ ਦੇ ਸਰਪੰਚ ਅਤੇ ਪੰਚਾਂ ਵੱਲੋਂ ਬੱਚਿਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਲਈ ਕੋਈ ਹੋਰ ਮੰਗ ਕੀਤੀ ਜਾਂਦੀ ਹੈ ਤਾਂ ਉਸ ਨੂੰ ਪੂਰਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ।ਵਿਧਾਇਕ ਗੁਪਤਾ ਨੇ ਕਿਹਾ ਕਿ ਸਾਡੀ ਸਰਕਾਰ ਰਿਸ਼ਵਤਖੋਰੀ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ 'ਤੇ ਕੰਮ ਕਰ ਰਹੀ ਹੈ ਅਤੇ ਕਿਸੇ ਵੀ ਭ੍ਰਿਸ਼ਟਾਚਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ।ਇਸ ਮੌਕੇ ਰੈਡ ਕਰਾਸ ਦੇ ਕਾਰਜਕਾਰੀ ਸਕੱਤਰ ਸੈਮਸਨ ਮਸੀਹ ਵੀ ਹਾਜ਼ਰ ਸਨ।



# ਹੜ੍ਹਾਂ ਵਰਗੀ ਸਥਿਤੀ ਨਾਲ ਨਜਿੱਠਣ ਲਈ ਨਗਰ ਕੌਂਸਲ ਮਜੀਠਾ ਦੀ ਕੋਈ ਅਗਾਊਂ ਨੀਤੀ ਦਿਖਾਈ ਨਹੀਂ ਦਿੰਦੀ

**ਮਜੀਠਾ (ਸੋਇਮ ਆਨੰਦ)**- ਮੌਸਮ ਵਿਭਾਗ ਪੰਜਾਬ ਵਲੋਂ ਪੰਜਾਬ ਵਿਚ ਇਹ ਚਿਤਾਵਨੀ ਦਿੱਤੀ ਜਾ ਰਹੀ ਹੈ ਕਿ ਇਸ ਵਾਰ ਆਉਂਦੇ ਦਿਨਾਂ ਵਿਚ ਭਾਰੀ ਬਰਸਾਤ ਹੋ ਸਕਦੀ ਹੈ ਜਿਸ ਦੇ ਚਲਦਿਆਂ ਪ੍ਰਸ਼ਾਸਨ ਵਲੋਂ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਅਗਾਊਂ ਪ੍ਰਬੰਧ ਕੀਤੇ ਜਾਂਦੇ ਹਨ ਪਰ ਨਗਰ ਕੌਂਸਲ ਮਜੀਠਾ ਵਲੋਂ ਅਜਿਹੀ ਕੋਈ ਨੀਤੀ ਨਹੀ ਅਪਨਾਈ ਗਈ।ਸ਼ਹਿਰ ਵਿਚ ਸਾਰੇ ਬਰਸਾਤੀ ਨਾਲੇ ਅਤੇ ਸ਼ਹਿਰ ਦੀਆਂ ਨਿਕਾਸੀ ਨਾਲੀਆਂ ਅਤੇ ਨਾਲੇ ਗਾਰ ਅਤੇ ਪਾਣੀ ਨਾਲ ਭਰੇ ਪਏ ਹਨ, ਸ਼ਹਿਰ ਦੀਆਂ ਗਲੀਆਂ ਬਜ਼ਾਰਾਂ ਵਿਚ ਪਾਣੀ ਫਿਰ ਰਿਹਾ ਹੈ। ਸ਼ਹਿਰ ਦੇ ਨਿਕਾਸ ਦਾ ਪਾਣੀ ਜਿਹੜੇ ਨਖਾਸੂ ਵਿਚ ਡਿਗਦਾ ਹੈ, ਉਸ ਦੀ ਵੀ ਅਜੇ ਤੱਕ ਖਲਾਈ ਨਹੀਂ ਕਰਵਾਈ ਗਈ। ਸ਼ਹਿਰ ਦੇ ਬਾਹਰਵਾਰ ਲਗਦੇ ਸਾਰੇ ਨਖਾਸੂਆਂ ਦੀ ਖਲਾਈ ਨਹੀਂ ਕਰਾਈ ਗਈ, ਜਿਸ ਕਰਕੇ ਸ਼ਹਿਰ ਵਾਸੀ ਹੋਣ ਵਾਲੀਆਂ ਭਾਰੀਆਂ ਬਰਸਾਤਾਂ ਕਾਰਨ ਸ਼ਹਿਰ ਵਿਚ ਇਕੱਠਾ ਹੋਣ ਵਾਲੇ ਪਾਣੀ ਤੋਂ ਕਾਫੀ ਭੈਭੀਤ ਹਨ। ਇਸ ਦੇ ਨਾਲ ਹੀ ਸ਼ਹਿਰ ਵਿਚ ਕੂੜੇ ਦੀ ਵੀ ਵੱਡੀ ਸਮੱਸਿਆ ਹੈ। ਸ਼ਹਿਰ ਦੇ ਗਲੀਆਂ ਬਜ਼ਾਰਾਂ ਦੇ ਚੌਂਕ ਚੁਰਾਹਿਆਂ ਵਿਚ ਪਿਆ ਕੂੜਾ ਨਾਲੀਆਂ ਅਤੇ ਨਾਲਿਆਂ ਵਿਚ ਡਿੱਗਦਾ ਹੈ ਜਿਸ ਕਾਰਨ ਇਨ੍ਹਾਂ ਦਾ ਨਿਕਾਸ ਦਾ ਪਾਣੀ ਰੁਕ ਜਾਦਾ ਹੈ ਅਤੇ ਨੀਵੇ ਘਰਾਂ ਵਿਚ ਪਾਣੀ ਜਾ ਵੜਦਾ ਹੈ।ਜਿਸ ਕਾਰਨ ਸ਼ਹਿਰ ਵਾਸੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੇਂਦਾ ਹੈ ਪਰ ਨਗਰ ਕੌਂਸਲ ਮਜੀਠਾ ਵਲੋਂ ਸਰਕਾਰ ਦੀ ਚਿਤਾਵਨੀ ਦੇ ਬਾਵਜੂਦ ਹੁਣ ਤੱਕ ਅਜਿਹੀ ਸਥਿਤੀ ਨਾਲ ਨਿਪਟਣ ਲਈ ਕੋਈ ਨੀਤੀ ਨਹੀਂ ਬਣਾਈ ਗਈ।ਇਸ ਸਬੰਧੀ ਕਾਰਜ ਸਾਧਕ ਅਫਸਰ ਅਨਿਲ ਚੋਪੜਾ ਨੇ ਉਨ੍ਹਾਂ ਕਿਹਾ ਕਿ ਉਨ੍ਹਾਂ ਪਾਸ ਪੰਜ ਨਗਰ ਕੌਂਸਲਾਂ ਦਾ ਚਾਰਜ ਹੈ। ਨਗਰ ਕੌਂਸਲ ਮਜੀਠਾ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ। ਫਿਰ ਵੀ ਉਹ ਮਜੀਠਾ ਆ ਕੇ ਵੇਖਣਗੇ ਅਤੇ ਸਫਾਈ ਕਰਮਚਾਰੀਆਂ ਦੀ ਡਿਊਟੀ ਲਗਾਉਣਗੇ। ਸ਼ਹਿਰ ਵਿਚ ਨਿਕਾਸੀ ਪਾਣੀ ਦੀ ਸਮੱਸਿਆ ਦਾ ਹੱਲ ਕਰਵਾ ਦਿੱਤਾ ਜਾਵੇਗਾ।



# ਮੱਟੂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਅੱਜ



**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਪਿੰਡ ਜਹਾਂਗੀਰ ਜ਼ਿਲ੍ਹਾ ਜਲੰਧਰ ਵਿਖੇ ਐਨ ਆਰ ਆਈ ਵੀਰਾਂ ਅਤੇ ਸਮੂਹ ਇਲਾਕੇ ਦੇ ਸਹਿਯੋਗ ਨਾਲ ਮੱਟੂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 5 ਜੁਲਾਈ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਬਲਦੇਵ ਕੁਮਾਰ ਅਤੇ ਲੱਖੀ ਟੇਲਰ ਨੇ ਦੱਸਿਆ ਕਿ ਮੇਲੇ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਆਪਣੀ ਗਾਇਕੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਲੰਗਰ ਅਤੁੱਟ ਵਰਤੇਗਾ।

# ਅਮਿਤ ਜਵੈਲਰ ਦੇ ਨਵੇਂ ਸ਼ੋਅਰੂਮ ਦਾ ਉਦਘਾਟਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਅਮਿਤ ਜਵੈਲਰ ਮੇਨ ਬਜ਼ਾਰ ਸ਼ਿਵਾਲਾ ਚੌਂਕ ਕਾਦੀਆਂ ਵਿਖੇ ਨਵੇਂ ਉਸਾਰੇ ਗਏ ਸ਼ੋਰੂਮ ਦਾ ਉਦਘਾਟਨ ਵਿਸ਼ੇਸ਼ ਤੌਰ 'ਤੇ ਪਹੁੰਚੇ ਇੰਪਰੂਵਮੈਂਟ ਟਰੱਸਟ ਬਟਾਲਾ ਦੇ ਚੇਅਰਮੈਨ ਯਸ਼ਪਾਲ ਚੌਹਾਨ ਨੇ ਕੀਤਾ। ਇਸ ਮੌਕੇ ਉਹਨਾਂ ਨਾਲ ਅਮਿਤ ਜਵੈਲਰ ਦੇ ਮਾਲਕ ਜੋਗਿੰਦਰ ਪਾਲ ਬਿੱਟੂ, ਭਾਰਤੀ ਜਨਤਾ ਪਾਰਟੀ ਮੰਡਲ ਕਾਦੀਆਂ ਦੇ ਪ੍ਰਧਾਨ ਗੁਲਸ਼ਨ ਵਰਮਾ, ਅਮਿਤ ਕੁਮਾਰ ਵਰਮਾ ਵੀ ਸਨ। ਇਸ ਮੌਕੇ ਯਸ਼ਪਾਲ ਚੋਹਾਨ ਨੇ ਕਿਹਾ ਕਿ ਸੋਨਾ ਖ਼੍ਰੀਦਣ ਤੋਂ ਪਹਿਲਾਂ ਹਾਲ ਮਾਰਕ ਦੀ ਪਹਿਚਾਣ ਕਰਕੇ ਖ਼੍ਰੀਦਣਾ ਚਾਹੀਦਾ ਹੈ। ਇਸ ਮੌਕੇ ਅਮਿਤ ਜਵੈਲਰ ਵੱਲੋਂ ਯਸ਼ਪਾਲ ਚੌਹਾਨ ਨੂੰ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾਕਟਰ ਕਮਲ ਜੋਤੀ ਸ਼ਰਮਾ, ਰਿੰਕੂ ਸਹਿਦੇਵ, ਕੇਵਲ ਕ੍ਰਿਸ਼ਨ ਗੁਪਤਾ, ਰਾਹੁਲ ਰੋਪੜ ਵਾਲੇ, ਬਲਦੇਵ ਰਾਜ, ਨਰਿੰਦਰ ਭਾਟੀਆ, ਸੋਨੂ ਟਰੈਂਡ ਗਾਰਮੈਂਟ ਵਾਲੇ, ਅਸ਼ੋਕ ਨਈਅਰ, ਜੱਜੀ ਡੇਰੇ ਵਾਲੇ, ਗੁਰਜੀਤ ਕੁਮਾਰ ਰਿੰਕੂ, ਸਿਕੰਦਰ ਭਗਤ, ਸੰਦੀਪ ਭਾਰਤ ਆਦ ਹਾਜ਼ਰ ਸਨ।



# ਹਲਕਾ ਫਿਲੌਰ ਦੇ 'ਆਪ' ਦੇ ਇੰਚਾਰਜ ਵੱਲੋਂ ਸਰਪੰਚਾਂ ਨਾਲ ਮੀਟਿੰਗ




**ਫਿਲੌਰ (ਨਿਰਮਲ)**- ਬਲਾਕ ਰੁੜਕਾ ਕਲਾਂ ਦੇ ਪਿੰਡਾਂ ਦੇ ਸਤਿਕਾਰਤ ਸਰਪੰਚ ਸਹਿਬਾਨ ਨਾਲ ਆਮ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਮੀਟਿੰਗ ਕੀਤੀ ਗਈ ਅਤੇ ਪਿੰਡਾਂ ਵਿੱਚ ਆ ਰਹੀਆਂ ਸਮੱਸਿਆਵਾਂ ਸੁਣੀਆਂ ਅਤੇ ਜਲਦ ਹੱਲ ਕਰਨ ਦਾ ਭਰੋਸਾ ਦਿਵਾਇਆ। ਇਸ ਮੌਕੇ ਬੀ ਡੀ ਪੀ ਓ ਰੁੜਕਾ ਕਲਾਂ ਸਵਨੀਤ ਕੌਰ, ਬਲਾਕ ਪ੍ਰਧਾਨ ਅਵਤਾਰ ਸਿੰਘ, ਬਲਾਕ ਪ੍ਰਧਾਨ ਸੋਢੀ ਰਾਮ, ਬਲਾਕ ਪ੍ਰਧਾਨ ਮਨਦੀਪ ਕੁਮਾਰ, ਬਲਾਕ ਪ੍ਰਧਾਨ ਸੰਤੋਖ ਸਿੰਘ, ਬਲਾਕ ਪ੍ਰਧਾਨ ਇਕਬਾਲ ਸਿੰਘ, ਬਲਾਕ ਪ੍ਰਧਾਨ ਰਣਜੀਤ ਸਿੰਘ ਅਤੇ ਪਾਰਟੀ ਮੈਂਬਰ ਸਹਿਬਾਨ ਮੌਜੂਦ ਸਨ।

# ਜਲ ਸ਼ਕਤੀ ਅਭਿਆਨ 'ਕੈਚ ਦਾ ਰੇਨ' ਮੁਹਿੰਮ ਤਹਿਤ ਮੀਟਿੰਗ

**ਪੱਟੀ (ਬਲਦੇਵ ਸਿੰਘ ਸੰਧੂ)**- ਜਲ ਸ਼ਕਤੀ ਅਭਿਆਨ ਕੈਚ ਦਾ ਰੇਨ ਤਹਿਤ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਦੇ ਨਿਰਦੇਸ਼ਾਂ ਹੇਠ ਹੋਈ ਮੀਟਿੰਗ ਦੌਰਾਨ ਐੱਸ ਡੀ ਐੱਮ ਤਰਨ ਤਾਰਨ ਅਰਵਿੰਦਰਪਾਲ ਸਿੰਘ ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਭਿਨਵ ਗੋਇਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਕੇਂਦਰ ਤੋਂ ਆਏ ਹੋਏ ਸੀ. ਐੱਨ. ਓਜ਼ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਸਿਮਰਨਜੀਤ ਸਿੰਘ ਉਪ ਮੰਡਲ ਇੰਜੀਨੀਅਰ ਨੋਡਲ ਅਫਸਰ ਜਲ ਸ਼ਕਤੀ ਅਭਿਆਨ ਤਰਨ ਤਾਰਨ ਵੱਲੋਂ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਾਰੇ ਪ੍ਰਤੀਭਾਗੀਆਂ ਅਤੇ ਆਏ ਹੋਏ ਮੁੱਖ ਮਹਿਮਾਨ ਕੇਂਦਰ ਤੋਂ ਆਏ ਹੋਏ ਸੀ. ਐੱਨ. ਓਜ਼ ਦਾ ਨਿੱਘਾ ਸਵਾਗਤ ਕੀਤਾ ਗਿਆ।ਸਿਮਰਨਜੀਤ ਸਿੰਘ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਵਿਖੇ ਵੱਖ-ਵੱਖ ਵਿਭਾਗਾਂ ਵੱਲੋਂ ਮੀਂਹ ਦੇ ਪਾਣੀ ਨੂੰ ਬਚਾਉਣ, ਸਾਂਭ- ਸੰਭਾਲ ਅਤੇ ਸਹੀ ਵਰਤੋਂ ਸਬੰਧੀ ਉਪਰਾਲੇ ਕੀਤੇ ਜਾ ਰਹੇ ਹਨ। ਜ਼ਿਲ੍ਹੇ ਵੱਲੋਂ ਜ਼ਿਲ੍ਹਾ ਵਾਟਰ ਕੰਜ਼ਰਵੇਸ਼ਨ ਪਲਾਨ ਤਹਿਤ ਜਲ ਸ਼ਕਤੀ ਕੇਂਦਰ ਸਥਾਪਤ ਕੀਤਾ ਗਿਆ ਹੈ । ਜਿੱਥੇ ਕੋਈ ਵੀ ਵਿਅਕਤੀ ਜਲ ਸ਼ਕਤੀ ਅਭਿਆਨ ਤਹਿਤ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ ।ਵੱਖ-ਵੱਖ ਪਿੰਡਾਂ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਰਿਚਾਰਜ ਸਟਰਕਚਰ ਬਣਾਏ ਜਾ ਰਹੇ ਹਨ, ਵਣ ਵਿਭਾਗ ਦੇ ਸਹਿਯੋਗ ਨਾਲ ਵੱਖ-ਵੱਖ ਵਿਭਾਗਾਂ ਵੱਲੋਂ ਟ੍ਰੀ ਪਲਾਂਟੇਸ਼ਨ ਕਰਵਾਈ ਜਾ ਰਹੀ ਹੈ ।ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਨਹਿਰੀ ਪਾਣੀ ਪ੍ਰੋਜੈਕਟ ਰਾਹੀਂ ਸਰਹੱਦੀ 99 ਪਿੰਡਾਂ ਨੂੰ ਆਰਸੈਨਿਕ ਮੁਕਤ ਪਾਣੀ ਮੁਹੱਈਆ ਕਰਵਾਉਣ ਲਈ ਮੈਗਾ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ, ਜਿੱਥੇ ਪ੍ਰੋਜੈਕਟ ਰਾਹੀਂ ਪੇਂਡੂ ਖੇਤਰ ਦੇ ਲੋਕਾ ਨੂੰ ਸਾਫ ਅਤੇ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਵੇਗਾ, ਉਥੇ ਨਾਲ ਦੀ ਨਾਲ ਇਹ ਪ੍ਰੋਜੈਕਟ ਧਰਤੀ ਹੇਠਲੇ ਪਾਣੀ ਪੱਧਰ ਨੂੰ ਉੱਪਰ ਚੁੱਕਣ ਵਿੱਚ ਵੀ ਸਹਿਯੋਗ ਦੇਵੇਗਾ।



# ਡੀ ਆਈ ਜੀ ਬਾਰਡਰ ਰੇਂਜ ਤੇ ਐੱਸ ਐੱਸ ਪੀ ਵੱਲੋਂ ਡੇਰਾ ਬਾਬਾ ਨਾਨਕ ਦਾ ਦੌਰਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਡੀ ਜੀ ਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਦੇ ਸਰਹੱਦੀ ਇਲਾਕੇ ਅੰਦਰ ਵਧ ਰਹੇ ਕਰਾਇਮ ਨੂੰ ਰੋਕਣ ਤੇ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਦੇਰ ਰਾਤ ਪੰਜਾਬ ਪੁਲਸ ਵੱਲੋਂ ਜੋਗਾ ਸਿੰਘ ਡੀ ਐੱਸ ਪੀ ਡੇਰਾ ਬਾਬਾ ਨਾਨਕ ਦੀ ਅਗਵਾਈ ਹੇਠ ਭਾਰੀ ਪੁਲਸ ਪਾਰਟੀ ਸਮੇਤ ਸਪੈਸ਼ਲ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਅਤੇ ਬਿਨਾਂ ਅਧੂਰੇ ਕਾਗਜ਼ਾਂ ਵਾਲੇ ਵਹੀਕਲਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਪੁਲਸ ਵੱਲੋਂ ਅਧੂਰੇ ਕਾਗਜ਼ਾਂ ਵਾਲੇ ਵਾਹਨਾਂ ਦੇ ਚਲਾਨ ਕੱਟੇ ਗਏ ਅਤੇ ਕਈ ਸ਼ੱਕੀ ਵਾਹਨਾਂ ਨੂੰ ਜ਼ਬਤ ਵੀ ਕੀਤਾ ਗਿਆ।ਇਹਨਾਂ ਸਪੈਸ਼ਲ ਨਾਕਿਆਂ ਦਾ ਜਾਇਜ਼ਾ ਲੈਣ ਲਈ ਦੇਰ ਰਾਤ ਡੀ ਆਈ ਜੀ ਬਾਰਡਰ ਰੇਂਜ ਅੰਮ੍ਰਿਤਸਰ ਸਤਿੰਦਰ ਸਿੰਘ, ਐਸ ਐਸ ਪੀ ਬਟਾਲਾ ਸਹੇਲ ਕਾਸਮ ਮੀਰ ਵੱਲੋਂ ਅਚਨਚੇਤ ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦਾ ਦੌਰਾ ਕਰਕੇ ਇਹਨਾਂ ਨਾਕਿਆਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਅੱਡਾ ਧਰਮਕੋਟ ਰੰਧਾਵਾ ਵਿਖੇ ਪਹੁੰਚੇ ਡੀ ਆਈ ਜੀ ਸਤਿੰਦਰ ਸਿੰਘ, ਐੱਸ ਐੱਸ ਪੀ ਬਟਾਲਾ ਤੇ ਐੱਸ ਐੱਸ ਪੀ ਗੁਰਦਾਸਪੁਰ ਵੱਲੋਂ ਸਪੈਸ਼ਲ ਨਾਕਾਬੰਦੀ ਦਾ ਜਾਇਜ਼ਾ ਲੈਂਦੇ ਹੋਏ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਲਸ ਵੱਲੋਂ ਕਰਾਇਮ ਰੋਕਣ ਤੇ ਨਸ਼ਿਆਂ ਨੂੰ ਠੱਲ ਪਾਉਣ ਲਈ ਅੱਜ ਸਾਰੀ ਰੇਂਜ ਦੇ ਵਿੱਚ ਸਪੈਸਲ ਨਾਕਾਬੰਦੀ ਕੀਤੀ ਹੋਈ ਹੈ ਤਾਂ ਜੋ ਪੰਜਾਬ ਵਿੱਚੋਂ ਕਰਾਇਮ ਰੋਕਣ ਲਈ ਭੈੜੇ ਅਨਸਰਾਂ ਨੂੰ ਨੱਥ ਪਾਈ ਜਾ ਸਕੇ। ਉਹਨਾਂ ਕਿਹਾ ਕਿ ਜਿਹੜੇ ਸ਼ੱਕੀ ਲੋਕ ਬਿਨਾਂ ਨੰਬਰੀ ਵਹੀਕਲਾਂ 'ਤੇ ਘੁੰਮ ਰਹੇ ਹਨ ਉਹਨਾਂ ਉੱਪਰ ਸਖਤ ਐਕਸ਼ਨ ਲਿਆ ਜਾ ਰਿਹਾ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ ਨਸ਼ੇ ਦੇ ਸੌਦਾਗਰਾਂ ਤੇ ਭੈੜੇ ਅਨਸਰਾਂ ਦੀ ਸੂਚਨਾ ਤੁਰੰਤ ਪੁਲਸ ਨੂੰ ਦੇਣ ਤਾਂ ਜੋ ਪੰਜਾਬ ਵਿੱਚੋਂ ਕਰਾਇਮ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਇਸ ਮੌਕੇ ਡੀ ਐਸ ਪੀ ਜੋਗਾ ਸਿੰਘ, ਐਸ ਐਚ ਓ ਸੱਤਪਾਲ ਸਿੰਘ, ਐਡੀਸ਼ਨਲ ਐੱਸ ਐਚ ਓ ਕੈਲਾਸ਼ ਚੰਦਰ ਤੇ ਨੰਦ ਭੱਟੀ ਚੌਂਕੀ ਇੰਚਾਰਜ ਧਰਮਕੋਟ ਰੰਧਾਵਾ ਆਦਿ ਹਾਜ਼ਰ ਸਨ।



# ਏਵੰਨ ਮੈਡੀਕਲ ਸਟੋਰ 'ਤੇ ਡਰੱਗ ਇੰਸਪੈਕਟਰ ਵੱਲੋਂ ਅਚਨਚੇਤ ਛਾਪਾ

**ਮਜੀਠਾ (ਸੋਇਮ ਆਨੰਦ)**-ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਯੁੱਧ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਸਰਕਾਰ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਪੁਲਸ ਮੁਖੀ ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ. ਮਜੀਠਾ ਪਵਨ ਕੁਮਾਰ ਵਲੋਂ ਇਲਾਕੇ ਵਿਚ ਇਸ ਮੁਹਿੰਮ ਤਹਿਤ ਗਸ਼ਤ ਕਰ ਰਹੇ ਸਨ ਕਿ ਇਤਲਾਹ ਮਿਲੀ ਕਿ ਏਵੰਨ ਮੈਡੀਕਲ ਸਟੋਰ ਮਜੀਠਾ ਵਿਖੇ ਨਸ਼ੀਲੀਆਂ ਦਵਾਈਆਂ ਵੇਚੀਆਂ ਜਾ ਰਹੀਆਂ ਹਨ। ਜਿਸ 'ਤੇ ਉਨ੍ਹਾਂ ਨੇ ਡਰੱਗ ਇਸਪੈਕਟਰ ਗੁਰਦੀਪ ਸਿੰਘ ਦੀ ਟੀਮ ਨਾਲ ਰਾਬਤਾ ਕਰਕੇ ਬੀਤੀ ਦੇਰ ਸ਼ਾਮ ਮੈਡੀਕਲ ਸਟੋਰ 'ਤੇ ਛਾਪਾਮਾਰੀ ਕੀਤੀ। ਡਰੱਗ ਇੰਸਪੈਕਟਰ ਗੁਰਦੀਪ ਸਿੰਘ ਨੇ ਦੱਸਿਆ ਕਿ ਦੁਕਾਨ ਵਿਚੋਂ ਕੋਈ ਵੀ ਇਤਰਾਜ਼ ਯੋਗ ਜਾਂ ਨਸ਼ੀਲੀ ਦਵਾਈ ਨਹੀਂ ਮਿਲੀ ਜਦ ਕਿ ਦੁਕਾਨ 'ਤੇ ਫਾਰਮਾਸਿਸਟ ਗੈਰ ਹਾਜ਼ਰ ਪਾਇਆ ਗਿਆ।ਦੁਕਾਨ 'ਤੇ ਹਾਜਰ ਸੇਲਜ਼ਮੈਨ ਵਲੋਂ ਕੋਈ ਸੇਲ ਰਿਕਾਰਡ ਪੇਸ਼ ਨਹੀਂ ਕੀਤਾ ਗਿਆ। ਜਿਸ 'ਤੇ ਡਰੱਗ ਇੰਸਪੈਕਟਰ ਵਲੋਂ ਆਪਣੀ ਰਿਪੋਰਟ ਬਣਾ ਕੇ ਉਚ ਅਧਿਕਾਰੀਆਂ ਨੂੰ ਕਾਰਵਾਈ ਕਰਨ ਵਾਸਤੇ ਭੇਜ ਦਿੱਤੀ ਗਈ ਹੈ।ਡੀ.ਐਸ.ਪੀ. ਮਜੀਠਾ ਨੇ ਸਖਤ ਸ਼ਬਦਾਂ ਵਿਚ ਨਸ਼ੇ ਦਾ ਕੰਮ ਕਰਨ ਵਾਲਿਆਂ ਨੂੰ ਚਿਤਾਵਨੀ ਦਿੱਤੀ ਕਿ ਜਾਂ ਤਾਂ ਉਹ ਆਪਣੇ ਨਸ਼ੇ ਵੇਚਣ ਦਾ ਕੰਮ ਬੰਦ ਕਰ ਦੇਣ ਨਹੀ ਤਾਂ ਫੜੇ ਜਾਣ 'ਤੇ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।



# ਰਵਾਇਤੀ ਪਾਰਟੀਆਂ ਦੇ ਆਗੂਆਂ ਦਾ 'ਆਪ' 'ਚ ਸ਼ਾਮਲ ਹੋਣਾ ਜਾਰੀ : ਈ ਟੀ ਓ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਆਮ ਆਦਮੀ ਪਾਰਟੀ ਨੂੰ ਉਦੋਂ ਵੱਡਾ ਹੁਲਾਰਾ ਮਿਲਿਆ ਜਦੋਂ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਅਮਰਕੋਟ ਦੇ ਮੌਜੂਦਾ ਸਰਪੰਚ ਮੇਜਰ ਸਿੰਘ ਸਮੇਤ ਮੈਂਬਰ ਪੰਚਾਇਤ ਸਰਬਜੀਤ ਕੌਰ, ਮੈਂਬਰ ਪ੍ਰਤਾਪ ਸਿੰਘ, ਮੈਂਬਰ ਰਮਨ ਕੁਮਾਰ ਕਾਂਗਰਸ ਪਾਰਟੀ ਛੱਡ ਕੇ ਦਰਜਨਾਂ ਪਰਵਾਰਾਂ ਸਮੇਤ ਸਰਗਰਮ ਕਾਰਕੁੰਨ ਆਪਣੀਆਂ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈ ਟੀ ਓ ਦੀ ਰਹਿਨੁਮਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਈ ਟੀ ਓ ਦੀ ਅਗਵਾਈ ਵਿੱਚ ਸ਼ਾਮਲ ਹੋਣ ਵਾਲਿਆਂ ਨੇ ਐਲਾਨ ਕੀਤਾ ਕਿ ਉਹ ਕੈਬਨਿਟ ਮੰਤਰੀ ਈ ਟੀ ਓ ਵਲੋਂ ਜੰਡਿਆਲਾ ਗੁਰੂ ਹਲਕੇ 'ਚ ਸੜਕਾਂ, ਸਕੂਲਾਂ ਤੇ ਹੋਰ ਬੁਨਿਆਦੀ ਢਾਂਚੇ ਦੇ ਵਿਕਾਸ ਸਮੇਤ ਨਸ਼ਿਆਂ ਦੇ ਖਾਤਮੇ ਲਈ ਲਿਆਂਦੀ ਗਈ ਕ੍ਰਾਂਤੀ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਹਨ। ਕੈਬਨਿਟ ਮੰਤਰੀ ਨੇ ਪਾਰਟੀ 'ਚ ਸ਼ਾਮਲ ਹੋਏ ਵਰਕਰਾਂ ਨੂੰ ਸਨਮਾਨਤ ਕਰਦਿਆਂ ਭਰੋਸਾ ਦਿੱਤਾ ਕਿ ਪਾਰਟੀ 'ਚ ਆਉਣ ਵਾਲੇ ਹਰੇਕ ਵਿਅਕਤੀ ਨੂੰ ਸਰਕਾਰੇ ਦਰਬਾਰੇ ਮਾਣ ਸਨਮਾਨ ਦਿੱਤਾ ਜਾਵੇਗਾ।



# ਝੋਨੇ ਦੀ ਫ਼ਸਲ ਤੋਂ ਚੋਖੀ ਪੈਦਾਵਾਰ ਲਈ ਸੰਤੁਲਿਤ ਖਾਦਾਂ ਦੀ ਵਰਤੋਂ ਜ਼ਰੂਰੀ : ਮੁੱਖ ਖੇਤੀਬਾੜੀ ਅਫ਼ਸਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਝੋਨੇ ਦੀ ਫ਼ਸਲ ਤੋਂ ਵਧੇਰੇ ਪੈਦਾਵਾਰ ਲੈਣ ਲਈ ਸੰਤੁਲਿਤ ਖਾਦਾਂ ਦੀ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ, ਆਮ ਕਰਕੇ ਕਿਸਾਨਾਂ ਵਲੋਂ ਯੂਰੀਆ ਅਤੇ ਡੀ ਏ ਪੀ ਜਾਂ ਸੁਪਰ ਖਾਦ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਮਿੱਟੀ ਵਿਚ ਖੁਰਾਕੀ ਤੱਤਾਂ ਦਾ ਸੰਤੁਲਨ ਵਿਗੜ ਜਾਂਦਾ ਹੈ, ਨਤੀਜਤਨ ਫ਼ਸਲ ਦੀ ਪੈਦਾਵਾਰ ਪ੍ਰਭਾਵਤ ਹੁੰਦੀ ਹੈ। ਝੋਨੇ ਅਤੇ ਬਾਸਮਤੀ ਦੀ ਫ਼ਸਲ ਤੋਂ ਵਧੇਰੇ ਪੈਦਾਵਰ ਲੈਣ ਲਈ ਵੱਡੇ ਅਤੇ ਲਘੂ ਖੁਰਾਕੀ ਤੱਤਾਂ ਦੀ ਲੋੜੀਂਦੀ ਮਾਤਰਾ ਅਤੇ ਜ਼ਰੂਰਤ ਅਨੁਸਾਰ ਵਰਤੋਂ ਕਰਨੀ ਚਾਹੀਦੀ ਹੈ। ਝੋਨੇ ਦੀ ਫ਼ਸਲ ਵਿਚ ਲਘੂ ਖੁਰਾਕੀ ਤੱਤਾਂ ਦੀ ਮਹੱਤਤਾ ਬਾਰੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਵਧੇਰੇ ਪੈਦਾਵਾਰ ਦੇਣ ਵਾਲੀਆ ਕਿਸਮਾਂ ਦੀ ਲਵਾਈ ਕਰਨ, ਲਘੂ ਤੱਤਾਂ ਵਾਲੀਆਂ ਅਤੇ ਜੈਵਿਕ ਖਾਦਾਂ ਦੀ ਘੱਟ ਵਰਤੋਂ, ਮਿੱਟੀ ਵਿੱਚ ਲਘੂ ਤੱਤਾਂ ਦੀ ਘਾਟ ਦਾ ਮੁੱਖ ਕਾਰਨ ਹਨ, ਜਿਸ ਦੀ ਪੂਰਤੀ ਕਰਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੀ ਫ਼ਸਲ ਤੋਂ ਵਧੇਰੇ ਪੈਦਾਵਾਰ ਲੈਣ ਲਈ, ਲਘੂ ਤੱਤਾਂ ਦੀ ਘਾਟ ਦੀ ਪਹਿਚਾਣ ਅਤੇ ਪੂਰਤੀ ਬਾਰੇ ਕਿਸਾਨਾਂ ਨੂੰ ਸਮੇਂ ਸਿਰ ਜਾਗਰੂਕ ਕਰਨਾ ਲਾਜ਼ਮੀ ਹੈ। ਝੋਨੇ ਦੀ ਫ਼ਸਲ ਵਿਚ ਮੁੱਖ ਤੌਰ 'ਤੇ ਜ਼ਿੰਕ ਅਤੇ ਲੋਹੇ ਦੀ ਘਾਟ ਦੇਖਣ ਨੂੰ ਮਿਲਦੀ ਹੈ । ਉਨ੍ਹਾਂ ਦਸਿਆ ਕਿ ਜ਼ਿੰਕ ਖੁਰਾਕੀ ਤੱਤਾਂ ਝੋਨੇ ਦੀ ਫ਼ਸਲ ਦੇ ਵਾਧੇ ਅਤੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਜੋ ਵੱਖ-ਵੱਖ ਐਂਜ਼ਾਈਮਾਂ ਦਾ ਹਿੱਸਾ ਹੁੰਦਾ ਹੈ।



# 9 ਦੀ ਹੜਤਾਲ ਨੂੰ ਸਫਲ ਬਣਾਉਣ ਲਈ ਵੱਧ ਤੋਂ ਮਜ਼ਦੂਰ ਸਾਥੀ ਬੱਸ ਅੱਡਾ ਅੰਮ੍ਰਿਤਸਰ ਪਹੁੰਚਣ : ਕਰਮਪੁਰਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- 9 ਜੁਲਾਈ ਨੂੰ ਟ੍ਰੇਡ ਯੂਨੀਅਨਾਂ ਅਤੇ ਐਸ.ਕੇ.ਐਮ. ਵੱਲੋਂ ਵੱਖ-ਵੱਖ ਅਦਾਰਿਆਂ ਦੀਆਂ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਨੂੰ ਸਫ਼ਲ ਕਰਨ ਵਾਸਤੇ ਅੰਮ੍ਰਿਤਸਰ ਵਿਖੇ ਟ੍ਰੇਡ ਯੂਨੀਅਨਾਂ ਏਟਕ, ਸੀਟੂ ਤੇ ਸੀਟੀਯੂ (ਪੰਜਾਬ), ਐੱਚ.ਐੱਮ.ਐੱਸ. ਇੰਟਕ ਅਤੇ ਐਸ.ਕੇ.ਐਮ. ਵੱਲੋਂ ਸਾਂਝੇ ਤੌਰ 'ਤੇ ਅਤੇ ਆਪਣੇ-ਆਪਣੇ ਤੌਰ 'ਤੇ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ। ਬਟਾਲਾ ਰੋਡ ਵਿਖੇ ਏਟਕ, ਸੀਟੂ ਤੇ ਸੀਟੀਯੂ (ਪੰਜਾਬ) ਵੱਲੋਂ ਪਾਵਰਲੂਮ ਵਰਕਰਾਂ ਦੀ ਸਾਂਝੇ ਤੌਰ 'ਤੇ ਮੀਟਿੰਗ ਕੀਤੀ ਗਈ ਅਤੇ ਪ੍ਰੀਮੀਅਰ ਰਬੜ ਮਿਲਜ਼ ਅੱਡਾ ਮੂਧਲ, ਵੇਰਕਾ ਵਿਖੇ ਗੇਟ ਮੀਟਿੰਗ ਕੀਤੀ ਗਈ। 9 ਜੁਲਾਈ ਨੂੰ ਕੀਤੀ ਜਾ ਰਹੀ ਹੜਤਾਲ ਵਿੱਚ ਵੱਖ-ਵੱਖ ਅਦਾਰਿਆਂ ਦੀਆਂ ਮੰਗਾਂ ਸ਼ਾਮਲ ਹਨ ਅਤੇ ਸਨਅਤੀ ਮਜ਼ਦੂਰਾਂ ਦੀਆਂ ਮੰਗਾਂ ਵਿੱਚ ਵਿਸ਼ੇਸ਼ ਤੌਰ 'ਤੇ ਅਣਸਿੱਖੇ ਮਜ਼ਦੂਰ ਦੀ ਘੱਟੋ-ਘੱਟ ਤਨਖਾਹ 26000 ਰੁਪਏ ਆਦਿ ਤੋਂ ਇਲਾਵਾ ਕੇਂਦਰ ਦੀ ਸਰਕਾਰ ਵੱਲੋਂ ਮਜ਼ਦੂਰਾਂ ਪੱਖੀ 44 ਕਾਨੂੰਨ ਤੋੜ ਕੇ ਬਣਾਏ 4 ਕੋਡ ਰੱਦ ਕਰਾਉਣ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਵੱਡੇ ਘਰਾਣਿਆਂ ਨੂੰ ਖੁਸ਼ ਕਰਨ ਵਾਸਤੇ ਦਿੱਤੇ ਗਏ ਬਿਆਨ ਕਿ ਜਿੱਥੇ 20 ਵਰਕਰ ਕੰਮ ਕਰਦੇ ਹਨ ਉਥੇ ਲੇਬਰ ਕਾਨੂੰਨ ਲਾਗੂ ਨਹੀਂ ਹੋਣਗੇ ਦੇ ਖਿਲਾਫ਼ ਸਨਅਤੀ ਮਜ਼ਦੂਰਾਂ ਤੇ ਸੁਚੇਤ ਲੋਕਾਂ ਵਿੱਚ ਡਾਢਾ ਰੋਸ ਪਾਇਆ ਜਾ ਰਿਹਾ ਹੈ। ਪ੍ਰੀਮੀਅਰ ਰਬੜ ਦੇ ਗੇਟ ਤੇ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ.ਟੀ.ਯੂ. (ਪੰਜਾਬ) ਸਟੇਟ ਦੇ ਆਗੂ ਜਗਤਾਰ ਸਿੰਘ ਕਰਮਪੁਰਾ ਨੇ ਕਿਹਾ ਕਿ ਬਣਾਏ ਗਏ 4 ਕੋਡ ਬਹੁਤ ਹੀ ਖਤਰਨਾਕ ਤੇ ਮਜ਼ਦੂਰ ਵਿਰੋਧੀ ਅਤੇ ਵੱਡੇ-ਵੱਡੇ ਘਰਾਣਿਆਂ ਪੱਖੀ ਹਨ। ਕੋਡ ਲਾਗੂ ਹੋਣ ਨਾਲ ਜਿਹੜੇ ਸੁਪਰਵਾਈਜ਼ਰ ਦੀ ਤਨਖਾਹ 18000 ਰੁਪਏ ਹੋਵੇਗੀ ਉਸ ਨੂੰ ਮਜ਼ਦੂਰ ਨਹੀਂ ਮੰਨਿਆ ਜਾਵੇਗਾ, ਮਾਲਕ ਨੂੰ ਹੱਕ ਹੋਵੇਗਾ ਕਿ ਉਹ ਜਿਹੜੇ ਮਰਜ਼ੀ ਮਜ਼ਦੂਰ ਨੂੰ ਕੰਮ ਤੇ ਰੱਖੇ ਤੇ ਕੱਢੇ ਅਤੇ ਤਨਖਾਹ ਵੀ ਆਪਣੀ ਮਰਜ਼ੀ ਨਾਲ ਤੈਅ ਕਰੇਗਾ। ਸੰਘਰਸ਼ ਕਰਦੇ ਸਮੇਂ ਮਜ਼ਦੂਰ ਕੇਵਲ ਆਪਣੇ ਅਦਾਰੇ ਦੇ ਵਰਕਰਾਂ ਦੀ ਮਦਦ ਹੀ ਲੈ ਸਕੇਗਾ ਕਿਸੇ ਯੂਨੀਅਨ ਦੀ ਮਦਦ ਨਹੀਂ ਲੈ ਸਕੇਗਾ ਅਤੇ 14 ਦਿਨ ਦੀ ਬਜਾਏ ਵਰਕਰਾਂ ਨੂੰ ਹੜਤਾਲ ਕਰਨ ਵਾਸਤੇ 2 ਮਹੀਨੇ ਦਾ ਨੋਟਿਸ ਦੇਣਾ ਪਵੇਗਾ। ਕਿਰਤੀਆਂ ਦੀ ਹੜਤਾਲ ਨੂੰ ਗੈਰ-ਕਾਨੂੰਨੀ ਐਲਾਨ ਕੇ ਮਜ਼ਦੂਰਾਂ ਨੂੰ ਅਤੇ ਟ੍ਰੇਡ ਯੂਨੀਅਨ ਆਗੂ ਨੂੰ ਭਾਰੀ ਜੁਰਮਾਨਾ ਕਰ ਸਕਣਗੇ ਅਤੇ ਜੇਲ੍ਹ ਵੀ ਭੇਜਿਆ ਜਾ ਸਕਦਾ ਹੈ। ਇਹ ਬਣਾਏ ਗਏ 4 ਕੋਡ ਸਰਾਸਰ ਮਜ਼ਦੂਰਾਂ ਦੇ ਖਿਲਾਫ਼ ਹਨ।9 ਜੁਲਾਈ ਦੀ ਹੜਤਾਲ ਨੂੰ ਸਫ਼ਲ ਕਰਨ ਵਾਸਤੇ, 4 ਕੋਡ ਰੱਦ ਕਰਾਉਣ ਵਾਸਤੇ ਅਤੇ ਆਪਣੀਆਂ ਆਪਣੀਆਂ ਮੰਗਾਂ ਦੀ ਪ੍ਰਾਪਤੀ ਵਾਸਤੇ ਕਿਰਤੀ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਪ੍ਰੀਮੀਅਰ ਰਬੜ ਦੀ ਮੀਟਿੰਗ 'ਚ ਜੁੜੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਕਰਮਪੁਰਾ ਨੇ ਅਪੀਲ ਕੀਤੀ ਕਿ 9 ਜੁਲਾਈ ਨੂੰ ਸਫ਼ਲ ਹੜਤਾਲ ਕਰਕੇ ਠੀਕ 10 ਵਜੇ ਬੱਸ ਸਟੈਂਡ, ਅੰਮ੍ਰਿਤਸਰ ਕੀਤੀ ਜਾ ਰਹੀ ਟ੍ਰੇਡ ਯੂਨੀਅਨਾਂ ਅਤੇ ਐਸ.ਕੇ.ਐੱਮ. ਵੱਲੋਂ ਸਾਂਝੀ ਰੈਲੀ ਵਿੱਚ ਸ਼ਾਮਲ ਹੋਵੋ ਤਾਂ ਕਿ ਆਪਣੀਆਂ ਮੰਗਾਂ ਮਨਾਉਣ ਵਾਸਤੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਦਬਾਅ ਬਣਾਇਆ ਜਾ ਸਕੇ।



ੴ ਸਤਿਗੁਰ ਪ੍ਰਸਾਦਿ ॥
ਆਪ ਜੀ ਨੂੰ ਦੁਖੀ ਹਿਰਦੇ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਪੂਜਨੀਕ
**ਸਰਦਾਰ ਪਾਲ ਸਿੰਘ**
(ਸਪੁੱਤਰ ਸ. ਸੂਬਾ ਸਿੰਘ)
ਮਿਤੀ 28 ਜੂਨ 2025 ਦਿਨ ਸ਼ਨੀਵਾਰ ਨੂੰ ਅਕਾਲ ਚਲਾਣਾ ਕਰ ਗਏ ਹਨ।
ਉਹਨਾਂ ਦੇ ਨਮਿਤ ਰੱਖੇ ਗਏ ਗੁਰੂ ਗ੍ਰੰਥ ਸਾਹਿਬ ਜੀ ਦੇ
**ਸ੍ਰੀ ਸਹਿਜ ਪਾਠ ਦਾ ਭੋਗ**
ਮਿਤੀ 06 ਜੁਲਾਈ, 2025 ਦਿਨ ਐਤਵਾਰ ਨੂੰ 12.00 ਤੋਂ 1.00 ਵਜੇ ਤੱਕ
ਗੁਰਦੁਆਰਾ ਸਾਹਿਬ, ਪਿੰਡ ਸੋਸਣ , ਤਹਿ. ਅਤੇ ਜ਼ਿਲ੍ਹਾ ਮੋਗਾ ਵਿਖੇ ਪਵੇਗਾ।
ਸੋ ਆਪ ਜੀ ਨੇ ਉਹਨਾਂ ਦੀ ਨਮਿਤ ਹੋ ਰਹੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।
ਦੁਖੀ ਹਿਰਦੇ ਸਹਿਤ :
ਗੁਰਪ੍ਰੀਤ ਕੌਰ, ਗੁਰਪ੍ਰੀਤ ਸਿੰਘ (ਧੀ-ਜਵਾਈ)
ਨਮਨਪ੍ਰੀਤ ਕੌਰ, ਪ੍ਰੀਤਮ ਕੌਰ (ਦੋਹਤੀਆਂ)
ਮੋ. 84376-29450, 95928-20686
ਸਵ. ਰਣਜੀਤ ਕੌਰ (ਧਰਮਪਤਨੀ)

ਨਵਾਂ ਜ਼ਮਾਨਾ
ਸ਼ਨੀਵਾਰ, 5 ਜੁਲਾਈ 2025

# ਨਫਰਤੀ ਯਾਤਰਾ

*11 ਜੁਲਾਈ ਤੋਂ ਸਾਉਣ ਦਾ ਮਹੀਨਾ ਸ਼ੁਰੂ ਹੋ ਰਿਹਾ ਹੈ। ਇਸ ਮਹੀਨੇ ਨੂੰ ਕਈ ਲੋਕ ਸ਼ਿਵ ਭਗਤੀ ਦਾ ਮਹੀਨਾ ਮੰਨਦੇ ਹਨ। 23 ਜੁਲਾਈ ਨੂੰ ਸ਼ਿਵਰਾਤਰੀ ਦਾ ਤਿਉਹਾਰ ਹੈ। ਪੂਰਾ ਮਹੀਨਾ ਸ਼ਿਵ ਭਗਤ ਕਾਂਵੜ ਯਾਤਰਾ ਕਰਕੇ ਹਰਿਦੁਆਰ ਸਣੇ ਵੱਖ-ਵੱਖ ਨਦੀਆਂ ਤੋਂ ਜਲ ਲਿਆ ਕੇ ਸ਼ਿਵ ਦਾ ਜਲਾਭਿਸ਼ੇਕ ਕਰਦੇ ਹਨ। ਕਾਂਵੜ ਯਾਤਰਾ ਸਦੀਆਂ ਤੋਂ ਹੁੰਦੀ ਆ ਰਹੀ ਹੈ। ਪਹਿਲਾਂ ਇਸ ਵਿੱਚ ਦੋ ਤਰ੍ਹਾਂ ਦੇ ਲੋਕ ਜਾਂਦੇ ਸਨ-ਇੱਕ ਆਸਥਾਵਾਨ ਤੇ ਦੂਜੇ ਘਰ ਜਾਂ ਸਮਾਜ ਵੱਲੋਂ ਤ੍ਰਿਸਕਾਰੇ, ਅਪਮਾਨਤ ਤੇ ਬੇਰੁਜ਼ਗਾਰ, ਜਿਨ੍ਹਾਂ ਨੂੰ ਇਸ ਬਹਾਨੇ ਘਰ-ਸਮਾਜ ਵਿੱਚ ਕੁਝ ਸਨਮਾਨ ਮਿਲ ਜਾਂਦਾ ਸੀ। ਇਸ ਲਈ ਇਸ ਵਿੱਚ ਦਲਿਤ-ਪਛੜੇ ਵੀ ਜਾਂਦੇ ਰਹੇ। ਫਿਰ ਅਜਿਹੇ ਨੌਜਵਾਨ ਜੁੜੇ, ਜਿਹੜੇ ਮਸਤੀ, ਸੈਰਸਪਾਟੇ ਜਾਂ ਨਸ਼ੇ ਆਦਿ ਲਈ ਕਾਂਵੜ ਲਿਆਉਣ ਲੱਗੇ। ਯੂ ਪੀ ਵਿੱਚ ਯੋਗੀ ਸਰਕਾਰ ਆਉਣ ਤੋਂ ਬਾਅਦ ਇਸ 'ਚ ਚੌਥੀ ਕੈਟੇਗਰੀ ਜੁੜ ਗਈ ਹੈ, ਜਿਹੜੀ ਬੇਹੱਦ ਖਤਰਨਾਕ ਹੈ। ਇਹ ਲੋਕ ਹਿੰਸਕ, ਖ਼ਰੂਦੀ, ਨਫਰਤੀ ਤੇ ਫਿਰਕੂ ਹਨ। ਇਹ ਆਸਥਾਵਾਨ ਨਹੀਂ ਹਨ, ਇਹ ਇੱਕ ਨਫਰਤੀ ਗੈਂਗ ਹੈ, ਜਿਸ ਲਈ ਸ਼ਿਵ ਦੀ ਭਗਤੀ ਤੇ ਕਾਂਵੜ ਯਾਤਰਾ ਇੱਕ ਮੌਕਾ ਹੈ, ਦੂਜੇ ਲੋਕਾਂ ਤੇ ਖਾਸਕਰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦਾ। ਫਿਰਕੂ ਜ਼ਹਿਰ ਫੈਲਾਉਣ ਦਾ। ਇਨ੍ਹਾਂ ਨਫਰਤੀ ਖਰੂਦੀਆਂ ਨੇ ਇੱਕ ਤਰ੍ਹਾਂ ਨਾਲ ਪੂਰੀ ਯਾਤਰਾ 'ਤੇ ਕਬਜ਼ਾ ਕਰ ਲਿਆ ਹੈ। ਆਰ ਐੱਸ ਐੱਸ-ਭਾਜਪਾ ਤੇ ਉਸ ਨਾਲ ਜੁੜੇ ਸੰਗਠਨ ਅਤੇ ਸ਼ਾਸਨ-ਪ੍ਰਸ਼ਾਸਨ ਇਨ੍ਹਾਂ ਦੀ ਪਿੱਠ 'ਤੇ ਹਨ। ਕਹਿਣ ਦਾ ਮਤਲਬ ਕਾਂਵੜ ਯਾਤਰਾ ਨੂੰ ਸਿਆਸੀ ਤੌਰ 'ਤੇ ਅਗਵਾ ਕਰ ਲਿਆ ਗਿਆ ਹੈ। ਇੱਕ ਦਿਨ ਜੇ ਜੁੰਮੇ ਜਾਂ ਈਦ ਦੀ ਨਮਾਜ਼ ਕੋਈ ਸੜਕ 'ਤੇ ਅਤਾ ਕਰ ਦਿੰਦਾ ਹੈ ਤਾਂ ਸਰਕਾਰ ਤੇ ਪ੍ਰਸ਼ਾਸਨ ਨੂੰ ਦਿੱਕਤ ਹੋਣ ਲਗਦੀ ਹੈ ਪਰ ਕਾਂਵੜ ਯਾਤਰਾ ਦੇ ਨਾਂਅ 'ਤੇ ਹੋਰਨਾਂ ਲੋਕਾਂ ਲਈ ਮਹੀਨਾ-ਭਰ ਰਾਹ ਡਾਇਵਰਟ ਕੀਤੇ ਜਾਂਦੇ ਹਨ, ਕੋਈ ਟੋਕਣ ਵਾਲਾ ਨਹੀਂ। ਰਾਹ ਵਿੱਚ ਨਿੱਕੀ-ਨਿੱਕੀ ਗੱਲ 'ਤੇ ਕਾਂਵੜੀਏ ਦੁਕਾਨਦਾਰਾਂ ਨੂੰ ਕੁੱਟ ਦਿੰਦੇ ਹਨ, ਪਰ ਕੋਈ ਕਾਰਵਾਈ ਨਹੀਂ ਹੁੰਦੀ।*

*ਪਿਛਲੇ ਸਾਲ ਤੋਂ ਕਾਂਵੜ ਮਾਰਗ ਦੇ ਦੁਕਾਨਦਾਰਾਂ, ਹੋਟਲ-ਢਾਬੇ ਵਾਲਿਆਂ ਤੇ ਰੇਹੜੀਆਂ ਵਾਲਿਆਂ ਨੂੰ ਨੇਮ ਪਲੇਟ ਸ਼ੋਅ ਕਰਨ ਦਾ ਨਵਾਂ ਡਰਾਮਾ ਸ਼ੁਰੂ ਹੋਇਆ ਹੈ। ਇਹ ਯਕੀਨੀ ਬਣਾਉਣ ਲਈ ਕਿ ਉਹ ਹਿੰਦੂ ਹਨ ਜਾਂ ਮੁਸਲਮਾਨ। ਦਰਅਸਲ ਇਹ ਨਫਰਤ ਹੀ ਨਹੀਂ, ਸਗੋਂ ਮੁਸਲਮਾਨਾਂ ਦੇ ਬਾਈਕਾਟ ਦੀ ਸਾਜ਼ਿਸ਼ ਹੈ, ਜਿਹੜੀ ਕਿ ਕਾਂਵੜ ਯਾਤਰਾ ਤੱਕ ਹੀ ਸੀਮਤ ਨਹੀਂ ਰਹੀ, ਗਲੀਆਂ-ਮੁਹੱਲਿਆਂ ਤੱਕ ਪਹੁੰਚ ਚੁੱਕੀ ਹੈ। ਸੁਪਰੀਮ ਕੋਰਟ ਨੇ ਯੂ ਪੀ ਤੇ ਉੱਤਰਾਖੰਡ ਵਿੱਚ ਪਿਛਲੇ ਸਾਲ ਜਾਰੀ ਨੇਮ ਪਲੇਟ ਦੇ ਹੁਕਮਾਂ 'ਤੇ ਰੋਕ ਲਾ ਦਿੱਤੀ ਸੀ ਤੇ ਕਿਹਾ ਸੀ ਕਿ ਦੁਕਾਨਦਾਰ ਨੇ ਸਿਰਫ ਇਹ ਦਿਖਾਉਣਾ ਹੈ ਕਿ ਉਹ ਸ਼ਾਕਾਹਾਰੀ ਵੇਚ ਰਿਹਾ ਹੈ ਜਾਂ ਮਾਸਾਹਾਰੀ, ਨਾਂਅ-ਪਤਾ ਦੱਸਣਾ ਜ਼ਰੂਰੀ ਨਹੀਂ। ਸੁਪਰੀਮ ਕੋਰਟ ਦੇ ਹੁਕਮਾਂ ਦਾ ਲਗਦਾ ਹੈ ਕੋਈ ਅਸਰ ਨਹੀਂ ਹੋਇਆ। ਹੁਣ ਰੇਹੜੀ ਤੇ ਢਾਬੇ ਵਾਲਿਆਂ ਨੂੰ ਆਪਣੇ ਬਾਰੇ ਯੂ ਆਰ ਕੋਡ ਦਿਖਾਉਣ ਦਾ ਹੁਕਮ ਦੇ ਦਿੱਤਾ ਗਿਆ ਹੈ। ਇਸ ਤੋਂ ਸ਼ਹਿ ਹਾਸਲ ਕਰਕੇ ਨਫਰਤੀ ਗੈਂਗ ਇੱਕ ਕਦਮ ਹੋਰ ਅੱਗੇ ਵਧ ਗਿਆ ਹੈ। ਹੁਣ ਇਸ ਗੈਂਗ ਦੇ ਮੈਂਬਰਾਂ ਨੂੰ ਨਾਂਅ 'ਤੇ ਹੀ ਤਸੱਲੀ ਨਹੀਂ ਹੈ, ਆਧਾਰ ਕਾਰਡ 'ਤੇ ਤਸੱਲੀ ਨਹੀਂ ਹੈ, ਪੈਂਟ ਖੁਲ੍ਹਵਾ ਕੇ ਦੇਖ ਰਹੇ ਹਨ ਕਿ ਫਲਾਂ ਬੰਦਾ ਹਿੰਦੂ ਹੈ ਜਾਂ ਮੁਸਲਮਾਨ। ਅਜਿਹੀ ਘਟਨਾ 28 ਜੂਨ ਨੂੰ ਦਿੱਲੀ-ਦੇਹਰਾਦੂਨ ਨੈਸ਼ਨਲ ਹਾਈਵੇ 58 'ਤੇ ਕਾਂਵਰ ਰੂਟ 'ਤੇ ਵਾਪਰੀ ਜਦੋਂ ਕਿਸੇ ਯਸ਼ਵੀਰ ਮਹਾਰਾਜ ਦੀ ਟੀਮ ਨੇ 'ਪੰਡਿਤ ਜੀ ਵੈਸ਼ਨੂੰ ਢਾਬਾ' ਉੱਤੇ ਇਕ ਕਰਿੰਦੇ ਤੋਂ ਜਬਰਨ ਪੈਂਟ ਉਤਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਧਰਮ ਦੀ ਪਛਾਣ ਕੀਤੀ ਜਾ ਸਕੇ।*

*ਇਹ ਸਭ ਸ਼ਿਵ ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ। ਪੌਰਾਣਿਕ ਕਥਾਵਾਂ ਮੁਤਾਬਕ ਸ਼ਿਵ ਨੇ ਸਮੁੰਦਰ ਮੰਥਨ ਤੋਂ ਨਿਕਲਿਆ ਵਿਸ ਖੁਦ ਪੀ ਕੇ ਸੰਸਾਰ ਨੂੰ ਬਚਾਇਆ, ਪਰ ਇਹ ਲੋਕ ਉਸ ਦੇ ਨਾਂਅ 'ਤੇ ਪੂਰੇ ਦੇਸ਼-ਸਮਾਜ ਵਿੱਚ ਨਫਰਤ ਦਾ ਜ਼ਹਿਰ ਫੈਲਾ ਰਹੇ ਹਨ। ਲੋਕਾਂ, ਖਾਸਕਰ ਆਸਥਾਵਾਨ ਕਾਂਵੜੀਆਂ ਨੂੰ ਹੀ ਇਸ ਤਰ੍ਹਾਂ ਦੀ ਨਫਰਤ ਤੇ ਗੁੰਡਾਗਰਦੀ ਦਾ ਵਿਰੋਧ ਕਰਨਾ ਪੈਣਾ ਹੈ, ਵਰਨਾ ਇਹ ਗੈਂਗ ਜਿਸ ਤਰ੍ਹਾਂ ਕਾਂਵੜ ਯਾਤਰਾ ਨੂੰ ਬਦਨਾਮ ਕਰ ਰਹੇ ਹਨ, ਭਲਕ ਨੂੰ ਉਨ੍ਹਾਂ ਦੇ ਬੱਚਿਆਂ ਨੂੰ ਕਾਂਵੜ ਲਿਆਉਣ ਜਾਂ ਉਠਾਉਣ ਵਿੱਚ ਮਾਣ ਜਾਂ ਸਕੂਨ ਮਹਿਸੂਸ ਹੋਣ ਦੀ ਥਾਂ ਸ਼ਰਮ ਆਏਗੀ।*

# ਕੀ ਦੁਨੀਆ ਖ਼ਤਮ ਹੋਣ ਕੰਢੇ ?


ਗੁਰਪ੍ਰੀਤ

ਦੁਨੀਆ ਭਰ ਦੇ ਵਿੱਚ ਜਿਹੋ ਜਿਹੇ ਹਾਲਾਤ ਬਣੇ ਪਏ ਨੇ ਉਸ ਤੋਂ ਸਾਫ ਨਜ਼ਰ ਆ ਰਿਹਾ ਹੈ ਕਿ ਥਾਲੀ ਉੱਤੇ ਮੰਡਰਾ ਰਿਹਾ ਸੰਕਟ ਲੱਗਦਾ ਹੈ ਕਿ ਦੁਨੀਆ ਖਤਮ ਕਰਕੇ ਹੀ ਸਾਹ ਲਵੇਗਾ। ਇਸ ਵਿੱਚ ਕੋਈ ਹੋਰ ਦੋਸ਼ੀ ਨਹੀਂ ਬਲਕਿ ਆਮ ਇਨਸਾਨ ਹੀ ਦੋਸ਼ੀ ਹੈ ਜਾਂ ਫਿਰ ਇਹ ਕਹਿ ਲਓ ਕਿ ਇਨਸਾਨਾਂ ਦੇ ਰੂਪ ਵਿੱਚ ਸ਼ੈਤਾਨ ਜਿਨਾਂ ਨੂੰ ਕਾਰਪੋਰੇਟ ਘਰਾਣੇ ਕਿਹਾ ਜਾਂਦਾ ਹੈ, ਉਹ ਇਸ ਸਾਰੇ ਕਾਰਨਾਮਿਆਂ ਦੇ ਦੋਸ਼ੀ ਹਨ। ਜਲਵਾਯੂ ਪਰਿਵਰਤਨ ਭਾਵੇਂ ਕਿ ਅਸੀਂ ਆਪਣੇ ਸਕੂਲੀ ਪੜ੍ਹਾਈ ਦੇ ਦੌਰਾਨ ਪੜ੍ਹਿਆ ਕਰਦੇ ਸੀ ਕਿ ਜਲਵਾਯੂ ਪਰਿਵਰਤਨ ਦੇ ਕਾਰਨ ਬੜੀਆਂ ਮੁਸੀਬਤਾਂ ਆ ਸਕਦੀਆਂ ਨੇ, ਪਰ ਜਲਵਾਯੂ ਪਰਿਵਰਤਨ ਹੁਣ ਕੋਈ ਦੂਰ ਦਾ ਸੁਪਨਾ ਨਹੀਂ ਰਹਿਣ ਵਾਲਾ, ਕਿਉਂਕਿ ਇਹ ਬਹੁਤ ਨੇੜੇ ਅਤੇ ਇੱਕ ਕੌੜੀ ਹਕੀਕਤ ਹੈ, ਜੋ ਰੋਜ਼ਾਨਾ ਸਾਡੇ ਜੀਵਨ ਨੂੰ ਪ੍ਰਭਾਵਤ ਕਰ ਰਿਹਾ। ਖੇਤੀਬਾੜੀ ਵੀ ਇਸ ਤੋਂ ਵੱਖਰੀ ਨਹੀਂ।

ਦੁਨੀਆ ਭਰ ਵਿੱਚ ਜਿਸ ਤਰੀਕੇ ਦੇ ਨਾਲ ਵਿਕਾਸ ਦੇ ਨਾਂਅ 'ਤੇ ਵਿਨਾਸ਼ ਹੋ ਰਿਹਾ ਹੈ, ਉਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਦੁਨੀਆਂ ਦਾ ਵਿਨਾਸ਼ ਜਲਦੀ ਹੋਣ ਵਾਲਾ ਹੈ। ਜਲਵਾਯੂ ਪਰਿਵਰਤਨ ਦੇ ਨਾਲ ਨਾਲ ਜਿਸ ਤਰੀਕੇ ਮਨੁੱਖ ਦੀਆਂ ਲੋੜਾਂ ਵਧ ਚੁੱਕੀਆਂ ਨੇ ਅਤੇ ਉਹ ਹੱਥੀਂ ਕੰਮ ਕਰਨ ਦੀ ਬਜਾਏ ਇਲੈਕਟਰੋਨਿਕ ਅਤੇ ਹੋਰਨਾਂ ਅਜਿਹੇ ਯੰਤਰਾਂ ਦੀ ਵਰਤੋਂ ਕਰ ਰਿਹਾ ਹੈ, ਜਿਸ ਦਾ ਮਨੁੱਖੀ ਜੀਵਨ ਤੇ ਬੁਰਾ ਪ੍ਰਭਾਵ ਪੈ ਰਿਹਾ ਹੈ, ਉਸ ਦੇ ਨਾਲ ਜਿੱਥੇ ਧਰਤੀ ਅਤੇ ਜ਼ਮੀਨ ਨੂੰ ਨੁਕਸਾਨ ਪੁੱਜ ਰਿਹਾ ਹੈ, ਉੱਥੇ ਹੀ ਇਸ ਦੇ ਨਾਲ ਮਨੁੱਖੀ ਜੀਵਨ ਵੀ ਪ੍ਰਭਾਵਤ ਹੋ ਰਿਹਾ ਹੈ। ਭਾਵੇਂ ਕੋਈ ਇਸ 'ਤੇ ਯਕੀਨ ਕਰੇ ਜਾਂ ਨਾ ਕਰੇ, ਪਰ ਇਹ ਗੱਲ ਸੱਚ ਹੈ ਕਿ ਆਰਟੀਫੀਸ਼ੀਲ ਇੰਟੈਲੀਜੈਂਸ ਵਰਗੀਆਂ ਵੱਡੀਆਂ (ਏ.ਆਈ ਚੈਟਬੋਟ) ਅਤੇ ਹੋਰ ਵੱਡੇ ਨੈਟਵਰਕ, ਜਿਹੜੇ ਇਸ ਪੂਰੇ ਸਿਸਟਮ ਜਾਂ ਫਿਰ ਇਹ ਕਹਿ ਲਓ ਕਿ ਟੈਲੀਕਾਮ ਨੂੰ ਚਲਾਉਂਦੇ ਨੇ, ਉਹ ਸਭ ਤੋਂ ਵੱਧ ਬਿਜਲੀ ਅਤੇ ਪਾਣੀ ਦੇ ਨਾਲ-ਨਾਲ ਹਵਾ ਦੀ ਵਰਤੋਂ ਕਰਦੇ ਨੇ।

ਬਿਜਲੀ ਇਸ ਸਾਰੇ ਸਿਸਟਮ ਨੂੰ ਚਲਾਉਣ ਵਾਸਤੇ ਅਤੇ ਪਾਣੀ ਇਸ ਸਾਰੇ ਸਿਸਟਮ ਨੂੰ ਠੰਢਾ ਕਰਨ ਵਾਸਤੇ ਕਿਸੇ ਰੂਪ ਵਿੱਚ ਵਰਤਿਆ ਜਾਂਦਾ ਹੈ, ਪਰ ਇਹ ਸਭ ਧਰਤੀ ਦੇ ਵਿੱਚੋਂ ਹੀ ਕੱਢਿਆ ਜਾਣ ਵਾਲਾ ਉਹ ਪਾਣੀ ਹੈ, ਜਿਹੜਾ ਆਮ ਇਨਸਾਨ ਪੀਂਦਾ ਹੈ। ਧਰਤੀ ਦੇ ਵਿੱਚ ਮਿਲ ਰਹੀ ਲਗਾਤਾਰ ਜ਼ਹਿਰ ਹੈ। ਜਿੱਥੇ ਮਨੁੱਖ ਨੂੰ ਖਤਮ ਹੋਣ ਕੰਢੇ ਖੜਾ ਕਰ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਵਿਸ਼ਵ ਪੱਧਰੀ ਛਪੀਆਂ ਰਿਪੋਰਟਾਂ ਨੇ ਸਾਡੇ ਸਾਰਿਆਂ ਦੀਆਂ ਅੱਖਾਂ ਨੂੰ ਖੋਲ੍ਹ ਕੇ ਰੱਖ ਦਿੱਤਾ ਹੈ। ਤਾਪਮਾਨ ਵਿੱਚ ਲਗਾਤਾਰ ਹੋ ਰਹੇ ਵਾਧੇ ਕਾਰਨ, ਜਿੱਥੇ ਦੁਨੀਆ ਭਰ ਵਿੱਚ ਖ਼ੁਰਾਕ ਸੁਰੱਖਿਆ ਉੱਤੇ ਹੋਰ ਡੂੰਘਾ ਸੰਕਟ ਪੈਦਾ ਹੋ ਗਿਆ ਹੈ,

ਉੱਥੇ ਹੀ ਦੂਜੇ ਪਾਸੇ ਵਿਸ਼ਵ-ਵਿਆਪੀ ਤਾਪਮਾਨ ਵਿੱਚ ਲਗਾਤਾਰ ਹੋ ਰਿਹਾ ਵਾਧਾ ਫਸਲਾਂ ਦੀ ਵਿਭਿੰਨਤਾ ਵਿੱਚ ਵੀ ਗਿਰਾਵਟ ਪੈਦਾ ਕਰ ਰਿਹਾ ਹੈ। ਪਾਣੀ ਧਰਤੀ ਤੋਂ ਇਲਾਵਾ ਹਵਾ ਨੂੰ ਬਚਾਉਣ ਵਾਸਤੇ ਕੋਈ ਵੀ ਅੱਜ ਅੱਗੇ ਨਹੀਂ ਆ ਰਿਹਾ, ਹਰ ਕੋਈ ਗੱਲਾਂ ਹੀ ਕਰ ਰਿਹੈ। ਚਾਹੇ ਕੋਈ ਸਿਆਸਤਦਾਨ ਹੋਵੇ ਜਾਂ ਫਿਰ ਕੋਈ ਵੱਡਾ ਬੁੱਧੀਜੀਵੀ।

ਇੱਕ ਨਵੇਂ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਜੇਕਰ ਵਿਸ਼ਵ ਤਾਪਮਾਨ ਡੇਢ ਡਿਗਰੀ ਸੈਲਸੀਅਸ ਵਧਦਾ ਹੈ ਤਾਂ ਦੁਨੀਆਂ ਵਿੱਚ ਖ਼ੁਰਾਕ ਸੁਰੱਖਿਆ 'ਤੇ ਸੰਕਟ ਹੋਰ ਡੂੰਘਾ ਹੋ ਸਕਦਾ ਹੈ, ਕਿਉਂਕਿ ਇਸ ਕਾਰਨ ਫਸਲਾਂ ਦੀ ਵਿਭਿੰਨਤਾ ਵਿੱਚ ਭਾਰੀ ਗਿਰਾਵਟ ਆ ਸਕਦੀ ਹੈ। ਵੈਸੇ ਇਹ ਕੋਈ ਮਜ਼ਾਕ ਦੀ ਗੱਲ ਨਹੀਂ, ਜਿਸ ਤਰ੍ਹਾਂ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਕੁਦਰਤ ਦੇ ਨਾਲ ਖਿਲਵਾੜ ਕਰ ਰਿਹਾ ਹੈ, ਉਸ ਤਰੀਕੇ ਦੇ ਨਾਲ ਕੁਦਰਤ ਵੀ ਆਪਣਾ ਬਦਲਾ ਲੈ ਰਹੀ ਹੈ। ਲਗਾਤਾਰ ਤਾਪਮਾਨ ਵਿੱਚ ਹੋ ਰਹੇ ਵਾਧੇ ਕਾਰਨ ਜਿੱਥੇ ਦੁਨੀਆਂ ਭਰ ਦੇ ਅੰਦਰ ਹੀ ਤਬਾਹੀ ਮਚੀ ਪਈ ਹੈ, ਉੱਥੇ ਹੀ ਸਮੇਂ-ਸਮੇਂ 'ਤੇ ਆ ਰਹੇ ਹੜ੍ਹ ਅਤੇ ਭੁਚਾਲਾਂ ਦੇ ਕਾਰਨ ਵੱਡੇ ਪੱਧਰ 'ਤੇ ਲੁਕਾਈ ਦਾ ਨੁਕਸਾਨ ਹੋ ਰਿਹਾ ਹੈ, ਪਰ ਇਸ ਸਭ ਦੇ ਪਿੱਛੇ ਜੇਕਰ ਕੋਈ ਸ਼ਕਤੀ ਕੰਮ ਕਰਦੀ ਹੈ ਤਾਂ ਉਹ ਨੇ ਪ੍ਰਾਈਵੇਟ ਕੰਪਨੀਆਂ, ਜਿਹੜੀਆਂ ਕੁਦਰਤ ਦੇ ਨਾਲ ਖਿਲਵਾੜ ਕਰਕੇ ਆਪਣਾ ਫਾਇਦਾ ਚੁੱਕਦੀਆਂ ਨੇ।

ਅੰਤਰਰਾਸ਼ਟਰੀ ਜਰਨਲ 'ਨੇਚਰ ਫੂਡ' ਵਿੱਚ ਪ੍ਰਕਾਸ਼ਤ ਇਸ ਅਧਿਐਨ ਦੇ ਅਨੁਸਾਰ ਵਿਸ਼ਵ ਤਾਪਮਾਨ ਵਿੱਚ ਦੋ ਡਿਗਰੀ ਸੈਲਸੀਅਸ ਦੇ ਵਾਧੇ ਨਾਲ 52 ਪ੍ਰਤੀਸ਼ਤ ਖੇਤੀਬਾੜੀ ਜ਼ਮੀਨ 'ਤੇ ਫਸਲੀ ਵਿਭਿੰਨਤਾ ਵਿੱਚ ਗਿਰਾਵਟ ਆ ਸਕਦੀ ਹੈ। ਤਾਪਮਾਨ ਵਿੱਚ ਤਿੰਨ ਡਿਗਰੀ ਸੈਲਸੀਅਸ ਵਾਧੇ ਨਾਲ ਇਹ ਅੰਕੜਾ 56 ਪ੍ਰਤੀਸ਼ਤ ਤੱਕ ਵੱਧ ਜਾਵੇਗਾ। ਇਸ ਦਾ ਮਤਲਬ ਹੈ ਕਿ ਵਧਦੇ ਤਾਪਮਾਨ ਦੇ ਨਾਲ ਸਾਡੀ ਥਾਲੀ ਵਿੱਚ ਪਰੋਸੇ ਜਾਣ ਵਾਲੇ ਬਹੁਤ ਸਾਰੇ ਭੋਜਨ, ਦਾਲਾਂ ਅਤੇ ਸਬਜ਼ੀਆਂ ਗਾਇਬ ਹੋ ਸਕਦੀਆਂ ਹਨ।

ਇਸ ਸਮੇਂ ਦੌਰਾਨ ਮੌਸਮੀ ਸਥਿਤੀਆਂ ਜਿਵੇਂ ਕਿ ਤਾਪਮਾਨ, ਬਾਰਿਸ਼ ਅਤੇ ਸੋਕੇ ਦੇ ਫਸਲਾਂ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਕੀਤਾ ਹੈ। ਇਹ ਅਧਿਐਨ ਇਸ ਗੱਲ ਦੀ ਸਹੀ ਤਸਵੀਰ ਪੇਸ਼ ਕਰਦਾ ਹੈ ਕਿ ਵਧਦਾ ਤਾਪਮਾਨ ਸਾਡੀਆਂ ਭੋਜਨ ਉਤਪਾਦਨ ਸਮਰਥਾਵਾਂ ਨੂੰ ਕਿੱਥੇ ਅਤੇ ਕਿਵੇਂ ਪ੍ਰਭਾਵਤ ਕਰੇਗਾ। ਅਧਿਐਨ ਦੇ ਨਤੀਜਿਆਂ ਅਨੁਸਾਰ, ਘੱਟ ਤਾਪਮਾਨ ਵਾਲੇ ਖੇਤਰ ਮੱਧ ਅਤੇ ਉੱਚ ਤਾਪਮਾਨ ਵਾਲੇ ਖੇਤਰਾਂ ਨਾਲੋਂ ਜ਼ਿਆਦਾ ਪ੍ਰਭਾਵਿਤ ਹੋਣਗੇ। ਇਨ੍ਹਾਂ ਵਿੱਚ ਗਰਮ ਖੇਤਰ ਦੇ ਵੱਡੇ ਹਿੱਸੇ ਸ਼ਾਮਲ ਹਨ। ਇਹ ਡਰ ਹੈ ਕਿ ਜਿਵੇਂ-ਜਿਵੇਂ ਤਾਪਮਾਨ ਵਧੇਗਾ, ਇਨ੍ਹਾਂ ਖੇਤਰਾਂ ਵਿੱਚ ਖੇਤੀਬਾੜੀ ਲਈ ਢੁਕਵੀਂ ਜ਼ਮੀਨ ਦੀ ਮਾਤਰਾ ਘੱਟ ਜਾਵੇਗੀ ਅਤੇ ਉਗਾਈਆਂ ਜਾਣ ਵਾਲੀਆਂ ਫਸਲਾਂ ਦੀ ਵਿਭਿੰਨਤਾ ਤੇਜ਼ੀ ਨਾਲ ਘਟ ਜਾਵੇਗੀ।

ਖੋਜਕਰਤਾਵਾਂ ਦੇ ਅਨੁਸਾਰ ਵਿਸ਼ਵ-ਵਿਆਪੀ ਤਾਪਮਾਨ ਦੋ ਡਿਗਰੀ ਸੈਲਸੀਅਸ ਤੋਂ ਵਧ ਵਧਣ ਨਾਲ ਖੇਤੀਯੋਗ ਜ਼ਮੀਨ ਦਾ ਇੱਕ ਵੱਡਾ ਹਿੱਸਾ ਪਹਿਲਾਂ ਕਦੇ ਨਾ ਵੇਖੀਆਂ ਗਈਆਂ ਜਲਵਾਯੂ ਸਥਿਤੀਆਂ ਦੇ ਸੰਪਰਕ ਵਿੱਚ ਆ ਜਾਵੇਗਾ। ਅਜਿਹੀ ਸਥਿਤੀ ਵਿੱਚ ਭੂ ਮੱਧ ਰੇਖਾ ਦੇ ਨੇੜੇ ਸਥਿਤ ਦੇਸ਼ਾਂ ਜਿਵੇਂ ਕਿ ਭਾਰਤ, ਅਫਰੀਕੀ ਅਤੇ ਹੋਰ ਦੱਖਣੀ ਏਸ਼ੀਆਈ ਦੇਸ਼ਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਵੇਗਾ। ਇਹ ਡਰ ਹੈ ਕਿ ਵਿਸ਼ਵਵਿਆਪੀ ਤਾਪਮਾਨ ਵਿੱਚ ਦੋ ਡਿਗਰੀ ਸੈਲਸੀਅਸ ਵਾਧੇ ਨਾਲ ਘੱਟ ਤਾਪਮਾਨ ਖੇਤਰਾਂ ਵਿੱਚ ਮੌਜੂਦਾ 10 ਤੋਂ 31 ਪ੍ਰਤੀਸ਼ਤ ਖੇਤੀਬਾੜੀ ਉਤਪਾਦਨ ਉਨ੍ਹਾਂ ਖੇਤਰਾਂ ਵਿੱਚ ਤਬਦੀਲ ਹੋ ਜਾਵੇਗਾ, ਜਿੱਥੇ ਜਲਵਾਯੂ ਇਨ੍ਹਾਂ ਫਸਲਾਂ ਲਈ ਢੁਕਵਾਂ ਨਹੀਂ ਹੋਵੇਗਾ। ਜਦੋਂ ਕਿ ਜੇਕਰ ਤਾਪਮਾਨ ਤਿੰਨ ਡਿਗਰੀ ਸੈਲਸੀਅਸ ਵਧਦਾ ਹੈ ਤਾਂ ਇਹ 20 ਤੋਂ 48 ਪ੍ਰਤੀਸ਼ਤ ਤੱਕ ਵਧ ਸਕਦਾ ਹੈ।

ਇਸ ਦੇ ਨਾਲ ਹੀ ਜੇਕਰ ਤਾਪਮਾਨ ਵਿੱਚ ਵਾਧਾ ਤਿੰਨ ਡਿਗਰੀ ਸੈਲਸੀਅਸ ਤੋਂ ਵਧ ਜਾਂਦਾ ਹੈ, ਤਾਂ ਉਪ-ਸਹਾਰਾ ਅਫਰੀਕਾ ਵਿੱਚ ਤਿੰਨ-ਚੌਥਾਈ ਫਸਲ ਉਤਪਾਦਨ ਪ੍ਰਭਾਵਤ ਹੋ ਸਕਦਾ ਹੈ। ਇਹ ਖਾਸ ਤੌਰ 'ਤੇ ਚੌਲ, ਮੱਕੀ, ਕਣਕ, ਆਲੂ ਅਤੇ ਸੋਇਆਬੀਨ ਵਰਗੀਆਂ ਫਸਲਾਂ ਨੂੰ ਪ੍ਰਭਾਵਤ ਕਰੇਗਾ, ਜੋ ਦੁਨੀਆ ਦੀਆਂ ਦੋ ਤਿਹਾਈ ਭੋਜਨ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ। ਖੋਜਕਰਤਾਵਾਂ ਦੇ ਅਨੁਸਾਰ ਇਨ੍ਹਾਂ ਖੇਤਰਾਂ ਵਿੱਚ ਨਾ ਸਿਰਫ਼ ਉਤਪਾਦਨ ਘਟੇਗਾ, ਸਗੋਂ ਫਸਲਾਂ ਦੀ ਵਿਭਿੰਨਤਾ ਵੀ ਘਟ ਜਾਵੇਗੀ।

ਅਧਿਐਨ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਤਾਪਮਾਨ ਵਧਣ ਨਾਲ ਦੁਨੀਆ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਘਟ ਜਾਵੇਗੀ, ਭਾਵ ਕਿ ਬਹੁਤ ਸਾਰੇ ਖੇਤਰਾਂ ਵਿੱਚ ਜ਼ਮੀਨ ਹੁਣ ਖੇਤੀ ਲਈ ਯੋਗ ਨਹੀਂ ਰਹੇਗੀ। ਇਹ ਖਾਸ ਕਰਕੇ ਝੋਨਾ, ਮੱਕੀ, ਕਣਕ, ਆਲੂ ਅਤੇ ਸੋਇਆਬੀਨ ਵਰਗੀਆਂ ਪ੍ਰਮੁੱਖ ਫਸਲਾਂ ਦੇ ਮਾਮਲੇ ਵਿੱਚ ਦੇਖਿਆ ਜਾ ਸਕਦਾ ਹੈ। ਇਹ ਫ਼ਸਲਾਂ ਦੁਨੀਆ ਦੀਆਂ ਦੋ ਤਿਹਾਈ ਭੋਜਨ ਲੋੜਾਂ ਪੂਰੀਆਂ ਕਰਦੀਆਂ ਹਨ।

ਇਸ ਤੋਂ ਇਲਾਵਾ ਗਰਮ ਦੇਸ਼ਾਂ ਤੋਂ ਆਉਣ ਵਾਲੀਆਂ ਕੰਦਾਂ ਦੀਆਂ ਫਸਲਾਂ - ਜਿਵੇਂ ਕਿ ਯਾਮ, ਜੋ ਕਿ ਘੱਟ ਆਮਦਨ ਵਾਲੇ ਖੇਤਰਾਂ ਵਿੱਚ ਖੁਰਾਕ ਦਾ ਮੁੱਖ ਆਧਾਰ ਹਨ, ਖਾਸ ਤੌਰ 'ਤੇ ਖ਼ਤਰੇ ਵਿੱਚ ਹੋਣਗੀਆਂ। ਇਸ ਬਦਲਾਅ ਨਾਲ ਅਨਾਜ ਅਤੇ ਦਾਲਾਂ ਦੀਆਂ ਫਸਲਾਂ ਵੀ ਬੁਰੀ ਤਰ੍ਹਾਂ ਪ੍ਰਭਾਵਤ ਹੋ ਸਕਦੀਆਂ ਹਨ। ਉਪ-ਸਹਾਰਾ ਅਫਰੀਕਾ, ਜੋ ਇਨ੍ਹਾਂ ਤਬਦੀਲੀਆਂ ਤੋਂ ਸਭ ਤੋਂ ਵੱਧ ਪ੍ਰਭਾਵਤ ਹੋਵੇਗਾ, ਜੇਕਰ ਵਿਸ਼ਵਵਿਆਪੀ ਤਾਪਮਾਨ 3 ਡਿਗਰੀ ਸੈਲਸੀਅਸ ਤੋਂ ਵੱਧ ਵਧਦਾ ਹੈ ਤਾਂ ਮੌਜੂਦਾ ਉਤਪਾਦਨ ਦਾ ਲਗਭਗ ਤਿੰਨ-ਚੌਥਾਈ ਹਿੱਸਾ ਖਤਰੇ ਵਿੱਚ ਪੈ ਜਾਵੇਗਾ।

ਇਸ ਦੇ ਉਲਟ, ਯੂਰਪ ਅਤੇ ਅਮਰੀਕਾ ਵਰਗੇ ਮੱਧ ਅਤੇ ਉੱਚ ਤਾਪਮਾਨ ਵਾਲੇ ਖੇਤਰਾਂ ਨੂੰ ਘੱਟ ਨੁਕਸਾਨ ਹੋਵੇਗਾ। ਉਮੀਦ ਹੈ ਕਿ ਇਨ੍ਹਾਂ ਖੇਤਰਾਂ ਵਿੱਚ ਫਸਲਾਂ ਦੀ ਵਿਭਿੰਨਤਾ ਵਧ ਸਕਦੀ ਹੈ। ਇਸ ਕਾਰਨ ਕੁਝ ਖੇਤਰਾਂ ਵਿੱਚ ਫਲਾਂ ਅਤੇ ਸਬਜ਼ੀਆਂ ਦੀਆਂ ਨਵੀਆਂ ਕਿਸਮਾਂ ਉਗਾਉਣਾ ਸੰਭਵ ਹੋ ਸਕਦਾ ਹੈ। ਹਾਲਾਂਕਿ, ਅਧਿਐਨ ਨਾਲ ਜੁੜੇ ਇੱਕ ਖੋਜਕਰਤਾ ਪ੍ਰੋਫੈਸਰ ਮੈਟੀ ਕੁੰਮੂ ਨੇ ਇੱਕ ਪ੍ਰੈੱਸ ਰਿਲੀਜ਼ ਵਿੱਚ ਚੇਤਾਵਨੀ ਦਿੱਤੀ ਕਿ ਇਹ ਸਭ ਏਨਾ ਆਸਾਨ ਨਹੀਂ ਹੈ। ਨਵੀਂ ਜਲਵਾਯੂ ਪ੍ਰਕਿਰਿਆ ਕੀੜਿਆਂ ਅਤੇ ਅਤਿਅੰਤ ਮੌਸਮੀ ਆਫ਼ਤਾਂ ਦੇ ਜੋਖਮ ਨੂੰ ਵੀ ਵਧਾ ਸਕਦੀ ਹੈ।

ਅਜਿਹੀ ਸਥਿਤੀ ਵਿੱਚ ਮੱਧ ਅਤੇ ਉੱਚ ਤਾਪਮਾਨ ਵਾਲੇ ਖੇਤਰਾਂ ਦੇ ਕਿਸਾਨਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਲਚਕਤਾ ਅਪਣਾਉਣੀ ਪਵੇਗੀ। ਭਾਵੇਂ ਤਾਪਮਾਨ ਵਧਣ ਨਾਲ ਕੁਝ ਨਵੀਆਂ ਫਸਲਾਂ ਉਗਾਉਣ ਦੇ ਮੌਕੇ ਮਿਲ ਸਕਦੇ ਹਨ, ਪਰ ਵਿਸ਼ਵਵਿਆਪੀ ਮੰਗ ਅਤੇ ਬਾਜ਼ਾਰ ਸ਼ਕਤੀਆਂ ਇਹ ਨਿਰਧਾਰਤ ਕਰਨਗੀਆਂ ਕਿ ਕਿਸਾਨ ਅਸਲ ਵਿੱਚ ਕੀ ਉਗਾਉਂਦੇ ਹਨ। ਅਜਿਹੀ ਸਥਿਤੀ 'ਚ ਇਨ੍ਹਾਂ ਤਬਦੀਲੀਆਂ ਲਈ ਆਪਣੇ ਆਪ ਨੂੰ ਤਿਆਰ ਕਰਨ ਲਈ ਕਿਸਾਨਾਂ ਨੂੰ ਨਵੀਆਂ ਫਸਲਾਂ ਦੀਆਂ ਕਿਸਮਾਂ ਅਜ਼ਮਾਉਣ, ਬਿਜਾਈ ਦੇ ਸਮੇਂ ਨੂੰ ਬਦਲਣ ਅਤੇ ਅਜਿਹੀਆਂ ਸਹੂਲਤਾਂ ਵਿੱਚ ਨਿਵੇਸ਼ ਕਰਨ ਦੀ ਲੋੜ ਹੋਵੇਗੀ, ਜੋ ਮੌਸਮ ਅਤੇ ਕੀੜਿਆਂ ਨਾਲ ਨਜਿੱਠਣ ਵਿੱਚ ਮਦਦ ਕਰ ਸਕਣ।

ਵਿਗਿਆਨੀਆਂ ਦੀ ਰਿਪੋਰਟ ਕਹਿੰਦੀ ਹੈ ਕਿ ਜੇਕਰ ਅਸੀਂ ਭਵਿੱਖ ਵਿੱਚ ਭੋਜਨ ਪ੍ਰਣਾਲੀ ਨੂੰ ਸੁਰੱਖਿਅਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਨਾ ਸਿਰਫ਼ ਜਲਵਾਯੂ ਪਰਿਵਰਤਨ ਨੂੰ ਰੋਕਣਾ ਪਵੇਗਾ, ਸਗੋਂ ਇਸ ਦੇ ਪ੍ਰਭਾਵ ਦੇ ਅਨੁਸਾਰ ਆਪਣੇ ਆਪ ਨੂੰ ਵੀ ਢਾਲਣਾ ਪਵੇਗਾ। ਉਨ੍ਹਾਂ ਦੇ ਅਨੁਸਾਰ ਇਸ ਦਾ ਪ੍ਰਭਾਵ ਕਿਤੇ ਵੀ ਹੋਵੇ, ਪਰ ਵਿਸ਼ਵਵਿਆਪੀ ਭੋਜਨ ਪ੍ਰਣਾਲੀ ਨਾਲ ਜੁੜੇ ਹੋਣ ਕਾਰਨ, ਇਸਦਾ ਪ੍ਰਭਾਵ ਸਾਡੇ ਸਾਰਿਆਂ ਤੱਕ ਪਹੁੰਚੇਗਾ।

ਇਸ ਦਾ ਮਤਲਬ ਹੈ ਕਿ ਜੇਕਰ ਦੁਨੀਆ ਦੇ ਇੱਕ ਹਿੱਸੇ ਵਿੱਚ ਫਸਲਾਂ ਤਬਾਹ ਹੋ ਜਾਂਦੀਆਂ ਹਨ, ਤਾਂ ਇਹ ਪੂਰੀ ਸਪਲਾਈ ਲੜੀ ਨੂੰ ਪ੍ਰਭਾਵਤ ਕਰ ਸਕਦਾ ਹੈ। ਨਤੀਜੇ ਵਜੋਂ ਭੋਜਨ ਦੀਆਂ ਕੀਮਤਾਂ ਵਧ ਸਕਦੀਆਂ ਹਨ ਅਤੇ ਕਈ ਥਾਵਾਂ 'ਤੇ ਭੋਜਨ ਦੀ ਉਪਲੱਬਧਤਾ ਘੱਟ ਸਕਦੀ ਹੈ। ਅਜਿਹੀ ਸਥਿਤੀ ਵਿੱਚ ਸਾਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਹਾਲਾਂਕਿ, ਖੋਜਕਰਤਾਵਾਂ ਦੇ ਅਨੁਸਾਰ ਲਗਾਤਾਰ ਵਧਦੇ ਤਾਪਮਾਨ ਦੇ ਕਾਰਨ ਇਨ੍ਹਾਂ ਉਪਾਵਾਂ ਉੱਤੇ ਵੀ ਭਵਿੱਖ ਦੇ ਬੱਦਲ ਛਾਏ ਰਹਿਣਗੇ। ਅਜਿਹੀ ਸਥਿਤੀ ਵਿੱਚ ਫਸਲਾਂ ਦੀ ਚੋਣ ਅਤੇ ਨਵੀਆਂ ਕਿਸਮਾਂ ਦੀ ਬਿਜਾਈ ਵਰਗੇ ਵਾਧੂ ਕਦਮਾਂ ਦੀ ਲੋੜ ਹੋਵੇਗੀ।

ਖੈਰ, ਜਿਸ ਤਰੀਕੇ ਦੇ ਨਾਲ ਮਨੁੱਖ ਲਗਾਤਾਰ ਵਿਕਾਸ ਦੇ ਨਾਂਅ 'ਤੇ ਪੌਣ-ਪਾਣੀ, ਹਵਾ ਆਦਿ ਸਭ ਨਾਲ ਖਿਲਵਾੜ ਕਰ ਰਿਹਾ ਹੈ, ਇਸ ਦੇ ਨਾਲ ਜਿੱਥੇ ਲਗਾਤਾਰ ਸਾਡੀ ਧਰਤੀ ਗੰਦਲੀ ਹੋ ਰਹੀ ਹੈ, ਉਥੇ ਹੀ ਸਾਡਾ ਪਾਣੀ ਵੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਜੇਕਰ ਧਰਤੀ ਹੇਠੋਂ ਪਾਣੀ ਹੀ ਖਤਮ ਹੋ ਜਾਵੇਗਾ ਤਾਂ ਦੁਨੀਆਂ ਬਚੇਗੀ ਨਹੀਂ। ਪੰਜਾਬ ਵਰਗਾ ਸੂਬਾ ਭਾਵੇਂ ਕਿ ਪੰਜ ਦਰਿਆਵਾਂ ਦੀ ਧਰਤੀ ਦਾ ਅਖਵਾਉਂਦਾ ਹੈ, ਪਰ ਇਸ ਪੰਜ ਦਰਿਆਵਾਂ ਦੀ ਧਰਤੀ ਉੱਤੇ ਵੀ ਇਸ ਵੇਲੇ ਖਤਰੇ ਦੇ ਬੱਦਲ ਮੰਡਰਾ ਰਹੇ ਨੇ, ਕਿਉਂਕਿ ਲਗਾਤਾਰ ਡੂੰਘੇ ਹੁੰਦੇ ਜਾ ਰਹੇ ਪਾਣੀ, ਇਸ ਤੋਂ ਇਲਾਵਾ ਪਾਣੀ ਵਿੱਚ ਮਿਲਾਈਆਂ ਜਾ ਰਹੀਆਂ ਜ਼ਹਿਰਾਂ ਅਤੇ ਵੱਡੇ ਪੱਧਰ 'ਤੇ ਸਾਫ ਪਾਣੀ ਦੇ ਨਾਂਅ 'ਤੇ ਕਾਰਪੋਰੇਟ ਘਰਾਣਿਆਂ ਦੁਆਰਾ ਕੀਤੀ ਜਾ ਰਹੀ ਪਾਣੀ ਦੀ ਲੁੱਟ ਨੇ।

ਧਰਤੀ ਵਿੱਚ ਘੋਲੀਆਂ ਜਾ ਰਹੀਆਂ ਜ਼ਹਿਰਾਂ ਦੇ ਕਾਰਨ ਜਿੱਥੇ ਪੰਜਾਬ ਦੇ ਲੋਕਾਂ ਨੂੰ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵੰਡੀਆਂ ਨੇ, ਉਥੇ ਹੀ ਦੂਜੇ ਪਾਸੇ ਜ਼ਮੀਨ, ਪਾਣੀ, ਹਵਾ ਸਭ ਗੰਦਲਾ ਹੋਣ ਦੇ ਕਾਰਨ ਪੰਜਾਬ ਦਾ ਮਨੁੱਖ ਵੀ ਆਖਰੀ ਸਾਹਾਂ 'ਤੇ ਜਿਊ ਰਿਹਾ ਹੈ, ਉਥੇ ਹੀ ਦੂਜੇ ਪਾਸੇ ਜੇਕਰ ਅਸੀਂ ਦੇਸ਼ ਦੁਨੀਆ ਦੀ ਗੱਲ ਕਰ ਲਈਏ ਤਾਂ ਜਿਸ ਤਰੀਕੇ ਦੇ ਨਾਲ ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਹੈ, ਉਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਜਲਦੀ ਹੀ ਪੂਰੀ ਦੁਨੀਆ ਵੈਂਟੀਲੇਟਰ 'ਤੇ ਚਲੀ ਜਾਵੇਗੀ। ਲੱਗਦਾ ਹੈ ਕਿ ਹੁਣ ਸੱਚਮੁੱਚ ਅਸਲੀ ਵਾਇਰਸ ਆਉਣ ਦੀ ਲੋੜ ਨਹੀਂ, ਕਿਉਂਕਿ ਦੁਨੀਆ ਕੋਲ ਪਹਿਲਾਂ ਹੀ ਅਜਿਹਾ ਵਾਇਰਸ ਤਿਆਰ ਹੋ ਗਿਆ ਹੈ, ਜਿਸ ਨਾਲ ਪੂਰੀ ਦੁਨੀਆ ਤਬਾਹ ਹੋ ਜਾਵੇਗੀ, ਜਦੋਂ ਧਰਤੀ ਉੱਤੇ ਅਸੀਂ ਲਗਾਤਾਰ ਵਿਕਾਸ ਦੇ ਨਾਂਅ 'ਤੇ ਏਨੇ ਵਿਨਾਸ਼ ਭਰੇ ਕੰਮ ਕਰ ਰਹੇ ਹਾਂ, ਉਸ ਦੇ ਨਾਲ ਧਰਤੀ ਉੱਤੇ ਤਾਪਮਾਨ ਤਾਂ ਵੱਧ ਹੀ ਰਿਹਾ, ਉੱਥੇ ਹੀ ਹੜ੍ਹਾਂ ਵਰਗੀਆਂ ਕਈ ਮੁਸੀਬਤਾਂ ਸਾਡੇ 'ਤੇ ਆਣ ਪਈਆਂ ਨੇ, ਇਸ ਦਾ ਕੋਈ ਹੋਰ ਜ਼ਿੰਮੇਵਾਰ ਨਹੀਂ, ਬਲਕਿ ਆਮ ਇਨਸਾਨ ਹੀ ਜ਼ਿੰਮੇਵਾਰ ਹੈ।

ਹਾਲੇ ਵੀ ਸੰਭਲਣ ਦਾ ਵੇਲਾ ਹੈ, ਨਹੀਂ ਤਾਂ ਆਉਣ ਵਾਲਾ ਸਮਾਂ ਇਸ ਤੋਂ ਵੀ ਭਿਆਨਕ ਹੋਵੇਗਾ। ਤਕਨੀਕ ਦੇ ਚੱਕਰ ਵਿੱਚ ਭਾਵੇਂ ਅਸੀਂ ਅਸਮਾਨ ਨੂੰ ਛੂਹ ਲਿਆ ਹੈ, ਪਰ ਅਸੀਂ ਆਪਣੇ ਪੈਰਾਂ ਵੱਲ ਨਿਗਾਹ ਨਹੀਂ ਮਾਰੀ ਕਿ ਅਸੀਂ ਜਾ ਕਿੱਧਰ ਨੂੰ ਰਹੇ ਹਾਂ। ਮਸਲਾ ਬੜਾ ਗੰਭੀਰ ਹੈ। ਸੋ ਇਸ 'ਤੇ ਸਰਕਾਰਾਂ ਤੋਂ ਇਲਾਵਾ ਬੁੱਧੀਜੀਵੀਆਂ, ਵਿਗਿਆਨੀਆਂ ਅਤੇ ਹੋਰਨਾਂ ਸੂਝਵਾਨ ਲੋਕਾਂ ਨੂੰ ਵਿਚਾਰ-ਚਰਚਾ ਕਰਨੀ ਪੈਣੀ ਹੈ, ਤਾਂ ਹੀ ਧਰਤੀ ਉੱਤੇ ਪੈਦਾ ਹੋਣ ਵਾਲੇ ਅਗਲੇ ਵੱਡੇ ਸੰਕਟ ਦਾ ਮੁਕਾਬਲਾ ਹੋ ਸਕੇਗਾ। ਪਾਣੀ ਇਸ ਵੇਲੇ ਮਨੁੱਖ ਦੀ ਮੁੱਖ ਲੋੜ ਹੈ, ਜਿਸ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਜੇਕਰ ਹੁਣ ਪਾਣੀ, ਹਵਾ, ਧਰਤੀ ਨਾ ਬਚੀ ਤਾਂ ਲੱਗਦਾ ਨਹੀਂ ਕਿ ਆਉਣ ਵਾਲੀ ਕੋਈ ਪੀੜ੍ਹੀ ਨਿਰੋਗ ਪੈਦਾ ਹੋਵੇਗੀ।

**# ਸੰਪਰਕ : 95698-20314**

# ਮਨੁੱਖੀ ਰਿਸ਼ਤਿਆਂ 'ਚ ਬੇਭਰੋਸਗੀ ਦਾ ਮਾਧਿਅਮ ਸੋਸ਼ਲ ਮੀਡੀਆ

ਡਾ. ਹਰਗੁਣਪ੍ਰੀਤ ਸਿੰਘ

ਆਧੁਨਿਕ ਯੁੱਗ ਵਿੱਚ ਸੋਸ਼ਲ ਮੀਡੀਆ ਮਨੁੱਖੀ ਜੀਵਨ ਦਾ ਅਟੁੱਟ ਅੰਗ ਬਣ ਗਿਆ ਹੈ, ਜੋ ਨਾ ਕੇਵਲ ਜਾਣਕਾਰੀ, ਮਨੋਰੰਜਨ ਅਤੇ ਸੰਚਾਰ ਦਾ ਅਹਿਮ ਸਾਧਨ ਹੈ, ਬਲਕਿ ਇਸ ਨੇ ਮਨੁੱਖੀ ਰਿਸ਼ਤਿਆਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਜੇ ਸੋਸ਼ਲ ਮੀਡੀਆ ਨੂੰ ਸਹੀ ਤਰੀਕੇ ਨਾਲ ਵਰਤਿਆ ਜਾਵੇ ਤਾਂ ਇਹ ਮਨੁੱਖੀ ਰਿਸ਼ਤਿਆਂ ਨੂੰ ਮਜ਼ਬੂਤ ਕਰ ਸਕਦਾ ਹੈ ਅਤੇ ਭਾਵਨਾਤਮਕ ਨਜ਼ਦੀਕੀਆਂ ਨੂੰ ਕਾਇਮ ਰੱਖਣ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ। ਇਸ ਦੀ ਸਾਰਥਕ ਅਤੇ ਸਕਾਰਾਤਮਕ ਵਰਤੋਂ ਸਦਕਾ ਮਾਪੇ ਵਿਦੇਸ਼ਾਂ ਵਿੱਚ ਵੱਸਦੇ ਆਪਣੇ ਬੱਚਿਆਂ ਨਾਲ ਜੁੜੇ ਰਹਿੰਦੇ ਹਨ, ਦੋਸਤਾਂ ਅਤੇ ਰਿਸ਼ਤੇਦਾਰਾਂ ਵਿੱਚ ਗੱਲਬਾਤ ਦੇ ਨਵੇਂ ਰਾਹ ਖੁੱਲ੍ਹਦੇ ਹਨ ਅਤੇ ਪੁਰਾਣੇ ਸਹਿਪਾਠੀ ਤੇ ਸਹਿਕਰਮੀ ਇਕ-ਦੂਸਰੇ ਨਾਲ ਸੰਪਰਕ ਵਿੱਚ ਬਣੇ ਰਹਿੰਦੇ ਹਨ।

ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮ, ਜਿੱਥੇ ਵੱਧ ਤੋਂ ਵੱਧ ਲੋਕਾਂ ਨਾਲ ਜੁੜਨ ਦਾ ਆਸਾਨ ਮਾਧਿਅਮ ਹਨ, ਉਥੇ ਨਾਲ ਹੀ ਇਹ ਮਨੁੱਖੀ ਰਿਸ਼ਤਿਆਂ ਵਿੱਚ ਨਵੀਂ ਕਿਸਮ ਦੀ ਬੇਭਰੋਸਗੀ, ਦੂਰੀਆਂ ਅਤੇ ਗਲਤਫਹਿਮੀਆਂ ਨੂੰ ਵੀ ਜਨਮ ਦੇ ਰਹੇ ਹਨ। ਸੋਸ਼ਲ ਮੀਡੀਆ ਦੀ ਚਮਕਦਾਰ ਦੁਨੀਆ ਅਕਸਰ ਹਕੀਕਤ ਤੋਂ ਕੋਹਾਂ ਦੂਰ ਹੁੰਦੀ ਹੈ। ਲਾਈਕਸ, ਲਾਸਟ ਸੀਨ, ਸਟੋਰੀ ਅਤੇ ਸਟੇਟਸ ਆਦਿ ਚੀਜ਼ਾਂ ਅੱਜ ਦੀ ਪੀੜ੍ਹੀ ਲਈ ਰਿਸ਼ਤਿਆਂ ਦੀ ਸੱਚਾਈ ਜਾਂ ਝੂਠ ਦੀ ਨਿਸ਼ਾਨੀ ਬਣ ਗਈਆਂ ਹਨ। ਇਥੋਂ ਤੱਕ ਕਿ ਘਰ ਦੇ ਮੈਂਬਰ ਇੱਕ ਹੀ ਛੱਤ ਹੇਠ ਬੈਠੇ ਹੋਣ ਦੇ ਬਾਵਜੂਦ ਆਪਣੇ-ਆਪਣੇ ਮੋਬਾਇਲਾਂ 'ਚ ਵਿਅਸਤ ਰਹਿੰਦੇ ਹਨ। ਫਿਲਟਰਾਂ, ਐਡਿਟ ਕੀਤੀਆਂ ਤਸਵੀਰਾਂ ਅਤੇ ਬਣਾਵਟੀ ਲਾਈਫ ਸਟਾਈਲ ਨੇ ਲੋਕਾਂ ਵਿੱਚ ਆਪਣੇ ਰਿਸ਼ਤਿਆਂ ਨੂੰ ਲੈ ਕੇ ਸ਼ੱਕ ਅਤੇ ਅਸੁਰੱਖਿਆ ਪੈਦਾ ਕਰ ਦਿੱਤੀ ਹੈ। ਉਦਾਹਰਣ ਵਜੋਂ ਜਦੋਂ ਇਕ ਪਤੀ ਜਾਂ ਪਤਨੀ ਵੱਲੋਂ ਕਿਸੇ ਹੋਰ ਮਹਿਲਾ ਜਾਂ ਪੁਰਸ ਦੀਆਂ ਪੋਸਟਾਂ 'ਤੇ ਲਗਾਤਾਰ ਲਾਈਕ ਜਾਂ ਕੁਮੈਂਟ ਕੀਤਾ ਜਾਂਦਾ ਹੈ ਜਾਂ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀ ਇਕ-ਦੂਸਰੇ ਤੋਂ ਗੁਪਤਤਾ ਰੱਖੀ ਜਾਂਦੀ ਹੈ, ਤਾਂ ਪਤੀ-ਪਤਨੀ ਦੇ ਮਨ ਵਿੱਚ ਨਿਸਚਿਤ ਤੌਰ 'ਤੇ ਬੇਭਰੋਸਗੀ ਜਨਮ ਲੈਂਦੀ ਹੈ, ਜੋ ਰਿਸ਼ਤੇ ਵਿਚਲੇ ਪਿਆਰ, ਸਤਿਕਾਰ ਅਤੇ ਵਿਸ਼ਵਾਸ ਦੀ ਮਜ਼ਬੂਤ ਬੁਨਿਆਦ ਨੂੰ ਕਮਜ਼ੋਰ ਕਰ ਦਿੰਦੀ ਹੈ।

ਸੋਸ਼ਲ ਮੀਡੀਆ ਨੇ ਅਨੇਕਾਂ ਵਿਅਕਤੀਆਂ ਨੂੰ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਮਸ਼ਹੂਰ ਕਰ ਦਿੱਤਾ ਹੈ। ਹਰ ਦੂਸਰਾ ਵਿਅਕਤੀ ਬਿਨਾਂ ਕਿਸੇ ਸੰਘਰਸ਼ ਜਾਂ ਪ੍ਰਾਪਤੀ ਤੋਂ ਇਨਫਲੂਐਂਸਰ ਬਣਿਆ ਹੋਇਆ ਹੈ। ਕਿਸੇ ਨੇ ਆਪਣਾ ਯੂਟਿਊਬ ਚੈਨਲ ਸ਼ੁਰੂ ਕੀਤਾ ਹੋਇਆ ਹੈ, ਕੋਈ ਪੌਡਕਾਸਟ ਰਾਹੀਂ ਆਪਣੇ ਵਿਚਾਰ ਸਾਂਝੇ ਕਰ ਰਿਹਾ ਹੈ ਅਤੇ ਕੋਈ ਇੰਸਟਾਗ੍ਰਾਮ 'ਤੇ ਰੀਲਾਂ ਦੇ ਜ਼ਰੀਏ ਪ੍ਰਸਿੱਧੀ ਹਾਸਲ ਕਰ ਰਿਹਾ ਹੈ। ਭਾਵੇਂ ਸੋਸ਼ਲ ਮੀਡੀਆ ਦੀਆਂ ਇਨ੍ਹਾਂ ਗਤੀਵਿਧੀਆਂ ਨੇ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹੇ ਹਨ ਅਤੇ ਕੰਟੈਂਟ ਕ੍ਰਿਏਟਰਾਂ ਨਾਲ ਲੱਖਾਂ-ਕਰੋੜਾਂ ਲੋਕ ਬਹੁਤ ਘੱਟ ਸਮੇਂ ਅੰਦਰ ਜੁੜ ਗਏ ਹਨ, ਪਰ ਵੱਧ ਵਿਊਅਰਜ਼, ਫਾਲੋਅਰਜ਼ ਅਤੇ ਸਬਸਕ੍ਰਾਈਬਰਜ਼ ਦੀ ਦੌੜ ਵਿੱਚ ਕਈ ਵਾਰ ਅਸਲ ਜੀਵਨ ਦੇ ਰਿਸ਼ਤੇ, ਅੰਦਰੂਨੀ ਖੁਸ਼ੀ, ਮਾਨਸਿਕ ਸ਼ਾਂਤੀ ਅਤੇ ਨੈਤਿਕ ਕਦਰਾਂ-ਕੀਮਤਾਂ ਪਿੱਛੇ ਰਹਿ ਜਾਂਦੀਆਂ ਹਨ। ਅਸੀਂ ਸੋਚ ਵੀ ਨਹੀਂ ਸਕਦੇ ਕਿ ਇਹ ਵਰਚੂਅਲ ਜਗਤ ਕਿਵੇਂ ਸਾਨੂੰ ਹਕੀਕੀ ਜੀਵਨ ਤੋਂ ਦੂਰ ਕਰ ਰਿਹਾ ਹੈ।

ਸਾਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਜੀਵਨ ਦੇ ਚੁਣੌਤੀਪੂਰਨ ਅਤੇ ਸੰਘਰਸ਼ ਭਰੇ ਸਮਿਆਂ ਵਿੱਚ ਸਾਡੇ ਪਰਵਾਰਕ ਮੈਂਬਰ, ਰਿਸ਼ਤੇਦਾਰ ਅਤੇ ਨਜ਼ਦੀਕੀ ਦੋਸਤਾਂ ਦੀ ਹਾਜ਼ਰੀ, ਹੌਂਸਲਾ-ਅਫਜ਼ਾਈ ਅਤੇ ਸਾਥ ਹੀ ਉਹ ਮਜ਼ਬੂਤ ਕੰਧ ਬਣਦਾ ਹੈ, ਜਿਸ ਉੱਪਰ ਅਸੀਂ ਆਪਣਾ ਦੁਖ-ਦਰਦ ਟਿਕਾ ਸਕਦੇ ਹਾਂ, ਜਦਕਿ ਸੋਸ਼ਲ ਮੀਡੀਆ 'ਤੇ ਮਿਲਣ ਵਾਲੀ ਹਮਦਰਦੀ ਸਿਰਫ ਕੁਮੈਂਟਾਂ, ਲਾਈਕਾਂ ਜਾਂ ਇਮੋਜੀਆਂ ਤੱਕ ਹੀ ਸੀਮਤ ਰਹਿ ਜਾਂਦੀ ਹੈ।

ਅਕਸਰ ਅਜਿਹੀਆਂ ਖਬਰਾਂ ਸਾਡੇ ਸਾਹਮਣੇ ਆਉਂਦੀਆਂ ਹਨ ਜਿੱਥੇ ਸੋਸ਼ਲ ਮੀਡੀਆ ਰਾਹੀਂ ਬਣੀ ਨੇੜਤਾ ਕਾਰਨ, ਵਿਆਹ ਤੋਂ ਇਨਕਾਰ ਹੋਣ 'ਤੇ ਲੜਕੇ ਜਾਂ ਲੜਕੀ ਨੇ ਆਤਮਦਾਹ ਕਰਕੇ ਜਾਂ ਇਕ-ਦੂਸਰੇ ਦਾ ਕਤਲ ਕਰਕੇ ਆਪਣੀ ਜੀਵਨ ਲੀਲ੍ਹਾ ਹੀ ਸਮਾਪਤ ਕਰ ਦਿੱਤੀ। ਅਜਿਹੇ ਗੰਭੀਰ ਹਾਲਾਤ ਸਮਾਜ ਵਿੱਚ ਵੱਧ ਰਹੀ ਜਜ਼ਬਾਤੀ ਅਸਥਿਰਤਾ ਅਤੇ ਸੋਸ਼ਲ ਮੀਡੀਆ ਦੀ ਅਯੋਗ ਵਰਤੋਂ ਵੱਲ ਸੰਕੇਤ ਕਰਦੇ ਹਨ।

ਸਾਨੂੰ ਲੱਗਦਾ ਇਹ ਹੁੰਦਾ ਹੈ ਕਿ ਇਸ ਦੀ ਵਰਤੋਂ ਦੁਆਰਾ ਅਸੀਂ ਦੁਨੀਆ ਨਾਲ ਵਧੇਰੇ ਜੁੜ ਰਹੇ ਹਾਂ, ਪਰ ਅਸਲੀਅਤ ਵਿੱਚ ਅਸੀਂ ਦੁਨੀਆ ਤੋਂ ਟੁੱਟ ਰਹੇ ਹੁੰਦੇ ਹਾਂ। ਇਹ ਇੱਕ ਅਜਿਹਾ ਭਰਮ ਪੈਦਾ ਕਰਦਾ ਹੈ, ਜੋ ਨਾ ਕੇਵਲ ਸਾਡੇ ਰਿਸ਼ਤਿਆਂ ਨੂੰ ਖੋਖਲਾ ਕਰਦਾ ਹੈ, ਬਲਕਿ ਮਨੁੱਖ ਵਿੱਚ ਇਕੱਲਪੁਣਾ, ਝੂਠੀ ਮੁਕਾਬਲੇਬਾਜ਼ੀ ਅਤੇ ਮਨੋਵਿਗਿਆਨਕ ਤਣਾਅ ਵੀ ਪੈਦਾ ਕਰਦਾ ਹੈ।

ਸੋਸ਼ਲ ਮੀਡੀਆ ਦੀ ਵਰਤੋਂ ਵਿੱਚ ਸੰਤੁਲਨ ਲਿਆਉਣਾ ਬਹੁਤ ਜ਼ਰੂਰੀ ਹੈ। ਆਪਣੇ ਰੁਝੇਵਿਆਂ ਭਰੇ ਸਮੇਂ ਵਿੱਚੋਂ ਕੁਝ ਸਮਾਂ ਆਪਣੇ ਅਸਲ ਰਿਸ਼ਤਿਆਂ ਲਈ ਨਿਰਧਾਰਤ ਕਰਨਾ ਅਤੇ ਫੋਕੀ ਦਿਖਾਵੇਬਾਜ਼ੀ ਤੋਂ ਪਰਹੇਜ਼ ਕਰਨਾ ਅੱਜ ਦੇ ਦੌਰ ਦੀ ਸਭ ਤੋਂ ਵੱਡੀ ਲੋੜ ਹੈ। ਜੀਵਨ ਦੀ ਸਫਲਤਾ ਇਸ ਗੱਲ ਵਿੱਚ ਨਹੀਂ ਕਿ ਸਾਡੇ ਕੋਲ ਕਿੰਨੇ ਡਿਜੀਟਲ ਫਾਲੋਅਰਜ਼ ਹਨ, ਸਗੋਂ ਇਸ ਵਿੱਚ ਹੈ ਕਿ ਅਸਲ ਜੀਵਨ ਵਿੱਚ ਸਾਡਾ ਸਾਥ ਦੇਣ ਵਾਲੇ ਕਿੰਨੇ ਲੋਕ ਹਨ।

**#ਸੰਪਰਕ: 94636-19353**

# ਗਰੇਡਿੰਗ ਪ੍ਰਣਾਲੀ 'ਚ ਵੱਖ-ਵੱਖ ਰਾਜਾਂ ਦੀ ਸਥਿਤੀ

ਬਲਜੀਤ ਸਿੰਘ ਨਾਭਾ

ਕੇਂਦਰ ਦੇ ਸਿੱਖਿਆ ਮੰਤਰਾਲੇ ਵੱਲੋਂ ਪ੍ਰਦਰਸ਼ਨ ਗਰੇਡਿੰਗ ਇੰਡੈਕਸ 2.0 ਸਾਲ 2022-23 ਅਤੇ 2023-24 ਦੀ ਰਿਪੋਰਟ ਜਾਰੀ ਕਰ ਦਿੱਤੀ ਗਈ ਹੈ, ਜਿਸ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਸਕੂਲੀ ਸਿੱਖਿਆ ਵਿੱਚ ਗਰੇਡਿੰਗ ਸਾਹਮਣੇ ਆਈ ਹੈ। ਇਸ ਰਿਪੋਰਟ ਅਨੁਸਾਰ ਚੰਡੀਗੜ੍ਹ ਸਕੂਲੀ ਸਿੱਖਿਆ ਵਿੱਚ ਮੋਹਰੀ ਰਿਹਾ ਹੈ , ਪੰਜਾਬ ਅਤੇ ਦਿੱਲੀ ਕਰਮਵਾਰ ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹੇ ਹਨ। ਮੇਘਾਲਿਆ ਸਾਰੇ ਸੂਬਿਆਂ ਵਿੱਚੋਂ ਸਕੂਲੀ ਸਿੱਖਿਆ ਵਿੱਚ ਪਛੜਿਆ ਹੋਇਆ ਸੂਬਾ ਹੈ।

ਪ੍ਰਦਰਸ਼ਨ ਗਰੇਡਿੰਗ ਇੰਡੈਕਸ 2.0 ਨੂੰ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ 2017 ਵਿੱਚ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸਕੂਲੀ ਸਿੱਖਿਆ ਦੇ ਪੱਧਰ ਨੂੰ ਜਾਂਚਣ ਅਤੇ ਉਹਨਾਂ ਦੀ ਗਰੇਡਿੰਗ ਕਰਨ ਲਈ ਸ਼ੁਰੂ ਕੀਤਾ ਗਿਆ ਸੀ। ਇਸ ਵਾਰ ਪ੍ਰਦਰਸ਼ਨ ਗਰੇਡਿੰਗ ਇੰਡੈਕਸ ਨੂੰ ਰਾਸ਼ਟਰੀ ਸਿੱਖਿਆ ਨੀਤੀ 2020 ( -2020) ਅਤੇ ਟਿਕਾਊ ਵਿਕਾਸ ਦੇ ਟੀਚਿਆਂ ਨਾਲ ਜੋੜ ਕੇ ਪ੍ਰਦਰਸ਼ਨ ਗਰੇਡਿੰਗ ਇੰਡੈਕਸ 2.0 (ਪੀ.ਜੀ.ਆਈ. 2.0) ਦਾ ਨਾਂਅ ਦਿੱਤਾ ਗਿਆ ਹੈ। ਇਸ ਵਿੱਚ ਸਿੱਖਿਆ ਨਾਲ ਸੰਬੰਧਤ ਛੇ ਖੇਤਰਾਂ ਅਤੇ 73 ਸੂਚਕਾਂ ਦੇ ਆਧਾਰ 'ਤੇ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਕੂਲੀ ਸਿੱਖਿਆ ਪੱਧਰ ਦੀ ਗਰੇਡਿੰਗ ਕੀਤੀ ਗਈ ਹੈ। ਛੇ ਖੇਤਰਾਂ ਵਿੱਚ ਵਿਦਿਅਕ ਨਤੀਜੇ ਅਤੇ ਗੁਣਵੱਤਾ, ਪਹੁੰਚ, ਬੁਨਿਆਦੀ ਢਾਂਚਾ ਅਤੇ ਸਹੂਲਤਾਂ, ਬਰਾਬਰੀ, ਪ੍ਰਸ਼ਾਸਨਿਕ ਪ੍ਰਕਿਰਿਆਵਾਂ, ਅਧਿਆਪਕ ਸਿੱਖਿਆ ਅਤੇ ਸਿਖਲਾਈ ਸ਼ਾਮਲ ਹਨ। 73 ਸੂਚਕਾਂ ਵਿੱਚੋਂ 20 ਸੂਚਕ ਲਰਨਿੰਗ ਆਊਟਕਮਸ ਨਾਲ ਸੰਬੰਧਤ ਹਨ ਜਿਸ ਦਾ ਡਾਟਾ ਨੈਸ 2021(-2021) ਤੋਂ ਲਿਆ ਗਿਆ ਹੈ। ਇਸੇ ਤਰ੍ਹਾਂ ਪਹੁੰਚ ਦੇ ਖੇਤਰ ਵਿੱਚ 7 ਸੂਚਕ, ਬੁਨਿਆਦੀ ਢਾਂਚੇ ਤੇ ਸਹੂਲਤਾਂ ਦੇ 13 ਸੂਚਕ, ਬਰਾਬਰੀ ਦੇ 8 ਸੂਚਕ, ਪ੍ਰਸ਼ਾਸਨਿਕ ਪ੍ਰਕਿਰਿਆਵਾਂ ਦੇ 9 ਸੂਚਕ ਅਤੇ ਅਧਿਆਪਕ ਸਿਖਲਾਈ ਦੇ 8 ਸੂਚਕਾਂ ਦਾ ਡਾਟਾ ਯੂਡਾਈਸ ਦੀ ਰਿਪੋਰਟ ਤੋਂ ਲਿਆ ਗਿਆ ਹੈ। ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੇ ਦੋ ਸੂਚਕਾਂ ਦਾ ਡਾਟਾ ਪੀ ਐਮ ਪੋਸ਼ਣ ਪੋਰਟਲ ਤੋਂ ਲਿਆ ਗਿਆ ਹੈ ਅਤੇ ਸ਼ਾਸਨ ਪ੍ਰਕਿਰਿਆਵਾਂ ਦੇ ਛੇ ਸੂਚਕਾਂ ਲਈ ਡਾਟਾ ਵਿਦਿਆਂਚਲ ਅਤੇ ਪ੍ਰਬੰਧਨ ਪੋਰਟਲ ਤੋਂ ਲਿਆ ਗਿਆ ਹੈ। ਇਸ ਲਈ ਇਹ ਰਿਪੋਰਟ ਬਹੁਤ ਬਰੀਕੀ ਵਿੱਚ ਸਿੱਖਿਆ ਨਾਲ ਸੰਬੰਧਤ ਛੇ ਖੇਤਰਾਂ ਅਤੇ 73 ਸੂਚਕਾਂ ਦੇ ਆਧਾਰ 'ਤੇ ਬਣਾਈ ਗਈ ਹੈ।

| ਸ਼੍ਰੇਣੀ | ਡੋਮੇਨ (ਖੇਤਰ) | ਸੂਚਕ | ਕੁੱਲ ਭਾਰ |
|---|---|---|---|
| 1. ਨਤੀਜੇ | ਸਿੱਖਣ ਦੇ ਨਤੀਜੇ ਅਤੇ ਗੁਣਵੱਤਾ (LO) | 12 | 240 |
| | ਪਹੁੰਚ (Access-A) | 7 | 80 |
| | ਢਾਂਚਾਗਤ ਸੁਵਿਧਾਵਾਂ (Infrastructure)-IF | 15 | 190 |
| | ਸਮਾਨਤਾ (Equity-E) | 16 | 260 |
| 2. ਸਾਸਨ | ਪ੍ਰਬੰਧਨ ਅਤੇ ਸਾਸਨ ਪ੍ਰਕਿਰਿਆਵਾਂ (GM/GP) | 15 | 130 |
| | ਅਧਿਆਪਕ ਸਿੱਖਿਆ ਅਤੇ ਤਾਲੀਮ (Teacher Ed.-TE&T) | 8 | 100 |
| ਕੁੱਲ | | 73 | 1000 |

ਪੀ ਜੀ ਆਈ 2.0 ਵਿਚ ਸਕੂਲੀ ਸਿੱਖਿਆ ਨਾਲ ਸੰਬੰਧਤ ਸਾਰੇ ਖੇਤਰਾਂ ਅਤੇ ਸੂਚਕਾਂ ਦੇ ਕੁਲ 1000 ਅੰਕ ਬਣਾਏ ਗਏ ਹਨ। ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਗਰੇਡਿੰਗ ਹਜ਼ਾਰ ਅੰਕਾਂ ਵਿੱਚੋਂ ਪ੍ਰਾਪਤ ਅੰਕਾਂ ਦੇ ਆਧਾਰ 'ਤੇ ਕੀਤੀ ਗਈ ਹੈ। 1000 ਅੰਕਾਂ ਨੂੰ ਅੱਗੇ ਦਸ ਗਰੇਡਾਂ ਵਿੱਚ ਵੰਡਿਆ ਗਿਆ ਹੈ, ਸਭ ਤੋਂ ਉੱਤਮ ਗਰੇਡ 941 ਤੋਂ 1000 ਅੰਕ ਪ੍ਰਾਪਤ ਕਰਨ ਵਾਲੇ ਲਈ ਹੈ, ਜਿਸ ਦਾ ਨਾਂਅ ਦਕਸ ਰੱਖਿਆ ਗਿਆ ਹੈ। ਸਭ ਤੋਂ ਹੇਠਲਾ ਗ੍ਰੇਡ 401 ਤੋਂ 460 ਅੰਕ ਪ੍ਰਾਪਤ ਕਰਨ ਵਾਲੇ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਲਈ ਹੈ, ਜਿਸ ਦਾ ਨਾਂਅ ਅਕਾਂਸੀ -3 ਹੈ। ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਇਸ ਪੀ ਜੀ ਆਈ 2.0 ਵਿੱਚ ਸਿੱਖਿਆ ਮੰਤਰਾਲੇ ਵੱਲੋਂ ਪਹਿਲੇ ਚਾਰ ਗਰੇਡਾਂ ਦੇ ਨਿਰਧਾਰਿਤ ਅੰਕਾਂ (941-1000) ਦਕਸ, (881-940) ਉਤਕਸ, (821-880) ਅਤਿ ਉੱਤਮ ਅਤੇ (761-820) ਉੱਤਮ ਤੱਕ ਕੋਈ ਵੀ ਰਾਜ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਨਹੀਂ ਪਹੁੰਚ ਸਕਿਆ। ਚੰਡੀਗੜ੍ਹ, ਜਿਸ ਨੇ ਪੀ ਜੀ ਆਈ 2.0 ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ, ਉਸ ਦੇ 1000 ਵਿੱਚੋਂ 703 ਅੰਕ ਹਾਸਲ ਕਰਕੇ ਇਸ ਗਰੇਡਿੰਗ ਪ੍ਰਣਾਲੀ ਦੇ ਪੰਜਵੇਂ ਗ੍ਰੇਡ ਵਿੱਚ ਆਪਣੀ ਥਾਂ ਬਣਾਈ ਹੈ, ਜਿਸ ਦਾ ਨਾਂਅ ਪ੍ਰਾਚੇਸਟਾ -1 ਹੈ। ਇਸ ਤੋਂ ਬਾਅਦ ਛੇਵੇਂ ਗਰੇਡ 641-700 ਪਰਚੇਸਟਾ-2 ਵਿੱਚ ਵੀ ਕੋਈ ਰਾਜ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਆਪਣੀ ਥਾਂ ਨਹੀਂ ਬਣਾ ਸਕਿਆ। ਪੰਜਾਬ ਜਿਸ ਨੇ ਇਸ ਗਰੇਡਿੰਗ ਪ੍ਰਣਾਲੀ ਵਿੱਚ 1000 ਵਿੱਚੋਂ 631 ਅੰਕ ਹਾਸਲ ਕਰਕੇ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ, ਉਹ ਇਸ ਗਰੇਡਿੰਗ ਪ੍ਰਣਾਲੀ ਦੇ ਸੱਤਵੇਂ ਗਰੇਡ ਪਰਚੇਸਟਾ-3 ਵਿੱਚ ਆਪਣੀ ਥਾਂ ਬਣਾ ਸਕਿਆ ਹੈ। ਪੰਜਾਬ ਤੋਂ ਇਲਾਵਾ ਕਈ ਹੋਰ ਸੂਬੇ ਦਿੱਲੀ, ਗੁਜਰਾਤ, ਉੜੀਸਾ, ਕੇਰਲਾ, ਹਰਿਆਣਾ, ਗੋਆ, ਮਹਾਰਾਸ਼ਟਰਾ ਅਤੇ ਰਾਜਸਥਾਨ ਵੀ ਪਰਚੇਸਟਾ-3 ਵਿੱਚ ਆਪਣੀ ਥਾਂ ਬਣਾਉਣ ਵਿੱਚ ਕਾਮਯਾਬ ਰਹੇ ਹਨ।

| ਅੰਕ ਰੇਂਜ | ਗ੍ਰੇਡ | ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ | ਕੁੱਲ ਗਿਣਤੀ |
|---|---|---|---|
| 941-1000 | (ਦਕਸ) | ਕੋਈ ਨਹੀਂ | 0 |
| 881-940 | (ਉਤਕਰਸ) | ਕੋਈ ਨਹੀਂ | 0 |
| 821-880 | (ਅੱਤਿ ਉਤਮ) | ਕੋਈ ਨਹੀਂ | 0 |
| 761-820 | (ਉਤਮ) | ਕੋਈ ਨਹੀਂ | 0 |
| 701-760 | (ਪ੍ਰਚੇਸਟਾ - 1) | ਚੰਡੀਗੜ੍ਹ | 1 |
| 641-700 | (ਪ੍ਰਚੇਸਟਾ - 2) | ਕੋਈ ਨਹੀਂ | 0 |
| 581-640 | (ਪ੍ਰਚੇਸਟਾ - 3) | ਪੰਜਾਬ, ਦਿੱਲੀ, ਗੁਜਰਾਤ, ਓਡੀਸ਼ਾ, ਕੇਰਲਾ, ਹਰਿਆਣਾ, ਗੋਆ, ਮਹਾਰਾਸ਼ਟਰ, ਰਾਜਸਥਾਨ | 10 |
| 521-580 | (ਅਕਾਂਛੀ -1) | ਪੁਡੂਚੇਰੀ, ਹਿਮਾਚਲ ਪ੍ਰਦੇਸ਼, ਅੰਡਮਾਨ ਨਿਕੋਬਾਰ, ਆਂਧਰਾ ਪ੍ਰਦੇਸ, ਤਾਮਿਲਨਾਡੂ, ਕਰਨਾਟਕ, ਲਕਸ਼ਦੀਪ, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਸਿਕਮ, ਉੱਤਰ ਪ੍ਰਦੇਸ, ਜੰਮੂ -ਕਸਮੀਰ, ਉੱਤਰਾਖੰਡ, ਲਦਾਖ | 14 |
| 461-520 | (ਅਕਾਂਛੀ -2) | ਤੇਲੰਗਾਨਾ, ਅਸਾਮ, ਝਾਰਖੰਡ, ਤ੍ਰਿਪੁਰਾ, ਮਨੀਪੁਰ, ਛੱਤੀਸਗੜ੍ਹ, ਬਿਹਾਰ, ਨਾਗਾਲੈਂਡ, ਮਿਜ਼ੋਰਮ, ਅਰੁਣਾਚਲ ਪ੍ਰਦੇਸ਼ | 10 |
| 401-460 | (ਅਕਾਂਛੀ -3) | ਮੇਘਾਲਿਆ | 1 |

28 ਰਾਜਾਂ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸਕੂਲੀ ਸਿੱਖਿਆ ਦੇ ਮਿਆਰ ਦੀ ਵਿਸਥਾਰਪੂਰਵਕ ਰਿਪੋਰਟ ਨੂੰ ਪ੍ਰਦਰਸ਼ਨ ਗ੍ਰੇਡਿੰਗ ਇੰਡੈਕਸ 2.0 ਵਿੱਚ ਦਿਖਾਇਆ ਗਿਆ ਹੈ। ਇਸ ਰਿਪੋਰਟ ਵਿੱਚ ਦੋ ਸਾਲਾਂ 2022-23 ਅਤੇ 2023-24 ਦੇ ਅੰਕੜਿਆਂ ਨੂੰ ਤੁਲਨਾਤਮਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਰਿਪੋਰਟ ਵਿੱਚ ਬਹੁਤ ਹੀ ਹੈਰਾਨ ਕਰਨ ਵਾਲਾ ਤੱਥ ਸਾਹਮਣੇ ਆਇਆ ਹੈ ਕਿ ਕੁਲ 36 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ 11 ਵਿੱਚ 2022-23 ਦੇ ਮੁਕਾਬਲੇ 2023-24 ਵਿੱਚ ਗਿਰਾਵਟ ਨੋਟ ਕੀਤੀ ਗਈ ਹੈ। ਬਿਹਾਰ ਅਤੇ ਛੱਤੀਸਗੜ੍ਹ ਗਰੇਡਿੰਗ ਪ੍ਰਣਾਲੀ ਵਿੱਚ ਪੂਰਾ ਇੱਕ ਗ੍ਰੇਡ ਹੇਠਾਂ ਵੱਲ ਨੂੰ ਖਿਸਕੇ ਹਨ। ਪੰਜਾਬ ਦੇ ਅੰਕ 2022-23 ਵਿੱਚ 614.1 ਤੋਂ ਵਧ ਕੇ 2023-24 ਵਿੱਚ 631.2 ਹੋਏ ਹਨ, ਪਰ ਗਰੇਡਿੰਗ ਵਿੱਚ ਉਸ ਦਾ ਸਥਾਨ ਪ੍ਰਾਚੇਸਟਾ-3 ਹੀ ਰਿਹਾ ਹੈ। ਪ੍ਰਦਰਸ਼ਨ ਗਰੇਡਿੰਗ ਇੰਡੈਕਸ 2.0 ਵਿੱਚ ਸਕੂਲੀ ਸਿੱਖਿਆ ਨਾਲ ਸੰਬੰਧਤ ਛੇ ਖੇਤਰਾਂ ਵਿੱਚ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਕਾਰਗੁਜ਼ਾਰੀ ਅਧਾਰਿਤ ਬਣਿਆ ਹੈ। ਜੇਕਰ ਪ੍ਰਦਰਸ਼ਨ ਗਰੇਡਿੰਗ ਇੰਡੈਕਸ ਵਿੱਚ ਪੰਜਾਬ ਦੀ ਇਹਨਾਂ ਵੱਖ-ਵੱਖ ਛੇ ਖੇਤਰਾਂ ਵਿੱਚ ਪ੍ਰਾਪਤ ਅੰਕਾਂ ਦੀ ਗੱਲ ਕੀਤੀ ਜਾਵੇ ਤਾਂ ਪਹਿਲੇ ਖੇਤਰ ਵਿਦਿਅਕ ਨਤੀਜੇ ਅਤੇ ਗੁਣਵੱਤਾ ਵਿੱਚ ਪੰਜਾਬ ਨੇ 240 ਅੰਕਾਂ ਵਿੱਚੋਂ 113.4 ਅੰਕ ਪ੍ਰਾਪਤ ਕੀਤੇ ਹਨ। ਇਸੇ ਤਰ੍ਹਾਂ ਦੂਜੇ ਖੇਤਰ ਪਹੁੰਚ ਵਿੱਚ 80 ਵਿੱਚੋਂ 65.4, ਤੀਜੇ ਖੇਤਰ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਵਿੱਚ 190 ਵਿੱਚੋਂ 103.4, ਚੌਥੇ ਖੇਤਰ ਬਰਾਬਰੀ ਵਿੱਚ 260 ਵਿੱਚੋਂ 227.4 ਪੰਜਵੇਂ ਖੇਤਰ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿੱਚ 130 ਵਿੱਚੋਂ 47.5 ਅਤੇ ਚੌਥੇ ਖੇਤਰ ਅਧਿਆਪਕ ਸਿੱਖਿਆ ਤੇ ਸਿਖਲਾਈ ਵਿੱਚ 100 ਵਿੱਚੋਂ 74 ਅੰਕ ਪ੍ਰਾਪਤ ਕੀਤੇ ਹਨ। ਕੁਝ ਖੇਤਰਾਂ ਵਿੱਚ ਪੰਜਾਬ ਵੱਲੋਂ ਪ੍ਰਾਪਤ ਅੰਕ ਠੀਕ ਹਨ, ਪਰ ਕੁਝ ਖੇਤਰਾਂ ਵਿੱਚ ਅਜੇ ਵੀ ਕਾਫੀ ਸੁਧਾਰ ਦੀ ਲੋੜ ਹੈ।

**# ਸੰਪਰਕ : 94170-17778**

5-JULY-PAGE-5.qxd 7/4/2025 10:53 PM Page 1



# ਨਿਹੰਗ ਵੱਲੋਂ ਹਸਪਤਾਲ ਦੇ ਕਰਮਚਾਰੀ 'ਤੇ ਜਾਨਲੇਵਾ ਹਮਲਾ

## ਪੁਲਸ ਵੱਲੋਂ ਮਾਮਲਾ ਦਰਜ, ਮੁਲਜ਼ਮ ਦੀ ਭਾਲ ਜਾਰੀ



ਜ਼ਖ਼ਮੀ ਕਰਮਚਾਰੀ ਦਾ ਹਾਲ-ਚਾਲ ਪੁੱਛਦੇ ਡੀ ਐੱਸ ਪੀ ਰਜੇਸ਼ ਸਨੇਹੀ।

**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਥਾਨਕ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਵਿਖੇ ਉਸ ਵਕਤ ਹੜਕੰਪ ਮੱਚ ਗਿਆ, ਜਦੋਂ ਨਿਹੰਗ ਬਾਣੇ ਵਿੱਚ ਸਜੇ ਇੱਕ ਵਿਅਕਤੀ ਵੱਲੋਂ ਸਿਵਲ ਹਸਪਤਾਲ ਦੇ ਹੀ ਇੱਕ ਕਰਮਚਾਰੀ ਉੱਪਰ ਜਾਨ ਲੇਵਾ ਹਮਲਾ ਕਰਕੇ ਆਪਣੇ ਗਾਤਰੇ ਵਾਲੀ ਕਿਰਪਾਨ ਦਾ ਵਾਰ ਕਰਦਿਆਂ ਉਸ ਦਾ ਹੱਥ ਵੱਢ ਦਿੱਤਾ।ਪੀੜਤ ਕਰਮਚਾਰੀ, ਜਿਸ ਦਾ ਨਾਮ ਗੁਰਸੇਵਕ ਸਿੰਘ ਦੱਸਿਆ ਜਾ ਰਿਹਾ ਹੈ, ਘਟਨਾ ਵਕਤ ਹਸਪਤਾਲ ਦੇ ਪਰਚੀ ਕਾਊਂਟਰ ਉੱਪਰ ਆਪਣੇ ਸਾਥੀ ਕਰਮਚਾਰੀਆਂ ਸਮੇਤ ਬੈਠਾ ਹਸਪਤਾਲ ਆਉਣ ਵਾਲੇ ਮਰੀਜ਼ਾਂ ਦੀਆਂ ਪਰਚੀਆਂ ਕੱਟ ਰਿਹਾ ਸੀ।ਮੌਕੇ ਤੋਂ ਇਕੱਤਰ ਜਾਣਕਾਰੀ ਅਨੁਸਾਰ ਇਹ ਖੌਫਨਾਕ ਘਟਨਾ ਉਸ ਵੇਲੇ ਵਾਪਰੀ ਜਦੋਂ ਪਰਚੀ ਚੈਂਬਰ ਦੇ ਬਾਹਰ ਪਰਚੀਆਂ ਵਾਲੀ ਖਿੜਕੀ ਕੋਲ ਕੁਝ ਔਰਤਾਂ ਤੋਂ ਇਲਾਵਾ ਇੱਕ ਨਿਹੰਗ ਸਿੰਘ ਵੀ ਆ ਕੇ ਰੁਕ ਗਿਆ।ਉਸੇ ਕਾਊਂਟਰ ਉੱਪਰ ਸਰਕਾਰੀ ਸੇਵਾਵਾਂ ਨਿਭਾਅ ਰਹੀ ਇੱਕ ਹੋਰ ਮਹਿਲਾ ਮੁਲਾਜ਼ਮ ਵੱਲੋਂ ਜਦੋਂ ਉਕਤ ਨਿਹੰਗ ਨੂੰ ਲਾਈਨ ਵਿੱਚ ਲੱਗ ਕੇ ਪਰਚੀ ਕਟਵਾਉਣ ਤੇ ਪਰਚੀ ਫੀਸ ਦੇਣ ਲਈ ਕਿਹਾ ਤਾਂ ਨਿਹੰਗ ਅੱਗ ਬਬੂਲਾ ਹੋ ਗਿਆ। ਚਸ਼ਮਦੀਦਾਂ ਅਨੁਸਾਰ ਪੀੜਤ ਕਰਮਚਾਰੀ ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਆਪਣੇ ਚੈਂਬਰ ਦਾ ਦਰਵਾਜ਼ਾ ਬੰਦ ਹੀ ਕਰਨ ਲੱਗਾ ਸੀ ਕਿ ਨਹਿੰਗ ਸਿੰਘ ਨੇ ਆਪਣੇ ਗਾਤਰੇ ਪਹਿਨੀ ਕਿਰਪਾਨ ਦਾ ਉਕਤ ਕਰਮਚਾਰੀ ਉੱਪਰ ਸਿੱਧਾ ਵਾਰ ਕਰ ਦਿੱਤਾ, ਜੋ ਕਰਮਚਾਰੀ ਦੇ ਸੱਜੇ ਹੱਥ ਉੱਪਰ ਲੱਗਾ।ਉੱਥੇ ਇਕੱਤਰ ਚਸ਼ਮਦੀਦਾਂ ਨੇ ਦੱਸਿਆ ਕਿ ਭਾਵੇਂ ਇਸ ਘਟਨਾ ਵਿੱਚ ਉਕਤ ਪੀੜਤ ਕਰਮਚਾਰੀ ਦਾ ਹੱਥ ਬਾਕੀ ਜਿਸਮ ਤੋਂ ਵੱਖ ਹੋਣ ਤੋਂ ਤਾਂ ਬਚਾ ਹੋ ਗਿਆ, ਪ੍ਰੰਤੂ ਤਲਵਾਰ ਦਾ ਫੱਟ ਕਾਫੀ ਡੂੰਘਾ ਹੋ ਗਿਆ।ਦੱਸਿਆ ਜਾਂਦਾ ਹੈ ਕਿ ਇਸ ਘਟਨਾ ਪਿੱਛੋਂ ਉੱਥੇ ਮੱਚੀ ਹਾਹਾਕਾਰ ਤੇ ਹਾਲਾਤ ਦੇ ਅਗਲੇ ਅੰਜਾਮ ਨੂੰ ਭਾਂਪਦਿਆਂ ਉਕਤ ਨਿਹੰਗ ਖੜ੍ਹੇ ਪੈਰ ਉੱਥੋਂ ਫਰਾਰ ਹੋ ਗਿਆ।ਹਸਪਤਾਲ ਪ੍ਰਸ਼ਾਸਨ ਨੇ ਤੁਰੰਤ ਆਪਣੇ ਪੀੜਤ ਕਰਮਚਾਰੀ ਨੂੰ ਹਸਪਤਾਲ ਵਿਖੇ ਦਾਖਲ ਕਰਦਿਆਂ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ।ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਐੱਸ ਐੱਚ ਓ ਤਲਵੰਡੀ ਸਾਬੋ ਸ੍ਰ. ਪਰਬਤ ਸਿੰਘ ਤੇ ਡੀ ਐੱਸ ਪੀ ਤਲਵੰਡੀ ਸਾਬੋ ਸ੍ਰੀ ਰਜੇਸ਼ ਸਨੇਹੀ ਆਪਣੀ ਫੋਰਸ ਸਮੇਤ ਮੌਕਾ ਏ ਵਾਰਦਾਤ ਉਪਰ ਪੁੱਜੇ।ਘਟਨਾ ਸਥਾਨ 'ਤੇ ਪੁੱਜੇ ਡੀ ਐੱਸ ਪੀ ਸ੍ਰੀ ਰਾਜੇਸ਼ ਸਨੇਹੀ ਨੇ ਕਿਹਾ ਕਿ ਜਲਦੀ ਹੀ ਉਕਤ ਹਮਲਾਵਰ ਨੂੰ ਗ੍ਰਿਫਤਾਰ ਕਰਕੇ ਕਾਨੂੰਨ ਦੇ ਹਵਾਲੇ ਕੀਤਾ ਜਾਵੇਗਾ।ਉਧਰ ਇਹ ਖਬਰ ਲਿਖੇ ਜਾਣ ਵੇਲੇ ਤੱਕ ਸਥਾਨਕ ਪੁਲਸ ਵੱਲੋਂ ਮਾਮਲਾ ਦਰਜ ਕਰਦਿਆਂ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

## ਸਾਬਕਾ ਪ੍ਰਿੰਸੀਪਲ ਵੱਲੋਂ ਥੱਪੜ ਮਾਰਨ 'ਤੇ ਕਲਰਕ ਨੇ ਕੀਤੀ ਖੁਦਕੁਸ਼ੀ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਸਥਾਨਕ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਇੱਕ ਨਿੱਜੀ ਸਕੂਲ (ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਮਾਣਾ) ਦੀ ਸਾਬਕਾ ਪ੍ਰਿੰਸੀਪਲ ਨੀਤੂ ਦੇਵਗਨ, ਜੋ ਹੁਣ ਸਕੂਲ ਵਿੱਚ ਬਤੌਰ ਟੀਚਰ ਸੇਵਾਵਾਂ ਨਿਭਾਅ ਰਹੀ ਹੈ, ਵੱਲੋਂ ਸਕੂਲ ਦੇ ਕਲਰਕ-ਕਮ-ਅਕਾਊਂਟੈਂਟ ਸਤੀਸ਼ ਸੈਣੀ ਦੇ ਥੱਪੜ ਮਾਰਨ ਤੇ ਗਾਲਾਂ ਕੱਢ ਕੇ ਜਲੀਲ ਕਰਨ 'ਤੇ ਉਕਤ ਕਲਰਕ ਨੇ ਆਪਣੀ ਬੇਇਜ਼ਤੀ ਬਰਦਾਸ਼ਤ ਨਾ ਕਰਦਿਆਂ ਸਕੂਲ ਵਿੱਚ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਮ੍ਰਿਤਕ ਸਤੀਸ਼ ਸੈਣੀ ਦੇ ਭਰਾ ਰਾਹੁਲ ਸੈਣੀ ਨੇ ਦੱਸਿਆ ਕਿ ਸਤੀਸ਼ ਸੈਣੀ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਇੱਕ ਸੁਸਾਈਡ ਨੋਟ ਲਿਖਿਆ, ਜਿਸ ਵਿੱਚ ਸਕੂਲ ਦੀ ਸਾਬਕਾ ਪ੍ਰਿੰਸੀਪਲ ਨੀਤੂ ਦੇਵਗਨ ਦਾ ਨਾਮ ਸਪੱਸ਼ਟ ਲਿਖਿਆ ਕਿ ਉਹਦੇ ਵੱਲੋਂ ਤੰਗ ਪ੍ਰੇਸ਼ਾਨ ਕਰਨ 'ਤੇ ਉਸ ਨੇ ਖੁਦਕੁਸ਼ੀ ਕੀਤੀ ਹੈ। ਉਸ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਨੀਤੂ ਦੇਵਗਣ ਉਕਤ ਸਕੂਲ ਦੀ ਜਦੋਂ ਪ੍ਰਿੰਸੀਪਲ ਸੀ ਤਾਂ ਉਸ ਵਕਤ ਵੀ ਉਸ ਨੇ ਸਤੀਸ਼ ਸੈਣੀ ਦੇ ਥੱਪੜ ਮਾਰਿਆ ਸੀ ਤੇ ਗਾਲੀ ਗਲੋਚ ਕਰਕੇ ਉਸ ਦੀ ਬੇਇਜ਼ਤੀ ਕੀਤੀ ਸੀ। ਮ੍ਰਿਤਕ ਸਤੀਸ਼ ਸੈਣੀ ਦੇ ਭਰਾ ਰਾਹੁਲ ਸੈਣੀ ਨੇ ਦੱਸਿਆ ਕਿ ਉਸ ਦੇ ਭਰਾ ਨੂੰ ਤੰਗ ਪ੍ਰੇਸ਼ਾਨ ਕਰਨ ਵਾਲੇ 8-9 ਵਿਅਕਤੀ ਹਨ, ਜੋ ਸ਼ੋਸ਼ਲ ਮੀਡੀਆ 'ਤੇ ਪੋਸਟਾਂ ਪਾ ਪਾ ਕੇ ਉਸ ਨੂੰ ਮਾਨਸਿਕ ਤੌਰ 'ਤੇ ਜ਼ਲੀਲ ਕਰਦੇ ਸਨ।ਪੁਲਸ ਦੇ ਤਫਤੀਸ਼ੀ ਅਫਸਰ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਲਿਆਂਦਾ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸੜਕ ਹਾਦਸੇ 'ਚ ਇੱਕ ਜ਼ਖ਼ਮੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਹੋਏ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ ਹੈ। ਇਸ ਸੰਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਐਕਟਿਵਾ ਸਕੂਟਰੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮੁਕੇਸ਼ ਗਰੋਵਰ ਪੁੱਤਰ ਚਰਨ ਦਾਸ ਗਰੋਵਰ ਵਾਸੀ ਹਾਊਸ ਨੰਬਰ 248, ਗਲੀ ਨੰਬਰ 02 ਕੁੰਦਨ ਨਗਰ ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ 16 ਜੂਨ 2025 ਨੂੰ ਕਰੀਬ ਸ਼ਾਮ 6.05 ਵਜੇ ਉਸ ਦਾ ਪਿਤਾ ਚਰਨ ਦਾਸ ਗਰੋਵਰ ਆਪਣੀ ਐਕਟਿਵਾ ਸਕੂਟਰੀ ਨੰਬਰ ਪੀਬੀ 05 ਏਐੱਸ 5779 'ਤੇ ਆਪਣੇ ਕੰਮ ਕਾਜ ਸੰਬੰਧੀ ਬਾਗੀ ਰੋਡ ਵੱਲ ਜਾ ਰਹੇ ਸੀ ਤਾਂ ਪਿੱਛੋਂ ਇੱਕ ਤੇਜ਼ ਰਫਤਾਰ ਐਕਟਿਵਾ ਨੰਬਰ ਪੀਬੀ 05 ਏਸੀ 1085 'ਤੇ ਦੋ ਲੜਕੇ ਜੋ ਕਿ ਐਕਟਿਵਾ ਨੂੰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਚਲਾ ਰਹੇ ਸਨ, ਉਸ ਦੇ ਪਿਤਾ ਦੀ ਐਕਟਿਵਾ ਸਕੂਟਰੀ ਵਿੱਚ ਜ਼ੋਰ ਨਾਲ ਵੱਜੇ, ਜਿਸ ਦੇ ਚੱਲਦੇ ਉਸ ਦੇ ਪਿਤਾ ਐਕਟਿਵਾ ਤੋਂ ਡਿੱਗ ਪਏ, ਉਨ੍ਹਾਂ ਦੇ ਕਾਫੀ ਸੱਟਾਂ ਲੱਗੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਐਕਟਿਵਾ ਸਵਾਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# 9 ਦੀ ਦੇਸ਼ ਵਿਆਪੀ ਹੜਤਾਲ 'ਚ ਆਂਗਣਵਾੜੀ ਵਰਕਰ/ਹੈਲਪਰ ਵੱਡੀ ਗਿਣਤੀ 'ਚ ਸ਼ਾਮਲ ਹੋਣਗੀਆਂ : ਸਰੋਜ ਛੱਪੜੀਵਾਲਾ, ਸੁਨੀਲ ਬੇਦੀ

**ਜਲਾਲਾਬਾਦ (ਜੀਤ ਕੁਮਾਰ, ਰਣਬੀਰ ਕੌਰ ਢਾਬਾਂ)**
ਆਲ ਇੰਡੀਆ ਆਂਗਣਵਾੜੀ ਵਰਕਰਜ਼/ਹੈਲਪਰਜ਼ ਯੂਨੀਅਨ (ਏਟਕ) ਦੀ ਮੀਟਿੰਗ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਸੰਬੰਧੀ ਸੁਤੰਤਰ ਭਵਨ ਵਿਖੇ ਬਲਾਕ ਪ੍ਰਧਾਨ ਬਲਵਿੰਦਰ ਕੌਰ ਮੁਹੰਮਦੇ ਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਤੇ ਜ਼ਿਲ੍ਹਾ ਪ੍ਰਧਾਨ ਸੁਨੀਲ ਕੌਰ ਬੇਦੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸ੍ਰੀਮਤੀ ਸਰੋਜ ਛੱਪੜੀਵਾਲਾ ਨੇ ਕਿਹਾ ਕਿ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਬਣਾਉਣ ਲਈ ਆਂਗਣਵਾੜੀ ਵਰਕਰ/ਹੈਲਪਰ ਆਪਣੀਆਂ ਮੰਗਾਂ ਨੂੰ ਲੈ ਕੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੀਆਂ। ਯੂਨੀਅਨ ਦੀਆਂ ਮੰਗਾਂ ਦੇ ਸਬੰਧ 'ਚ ਉਨ੍ਹਾਂ ਕਿਹਾ ਕਿ ਪੋਸ਼ਣ ਟਰੈਕਰ ਦੇ ਨਾਂ 'ਤੇ ਆਂਗਣਵਾੜੀ ਵਰਕਰਾਂ/ਹੈਲਪਰਾਂ ਦੀ ਮਾਨਸਿਕ ਤੇ ਆਰਥਿਕ ਲੁੱਟ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਨਾ ਤਾਂ ਕੋਈ ਮੋਬਾਈਲ ਦਿੱਤੇ ਗਏ ਹਨ ਤੇ ਨਾ ਹੀ ਸਾਲ ਭਰ ਦਾ ਮੋਬਾਈਲ ਰੀਚਾਰਜ ਦਿੱਤਾ ਗਿਆ ਹੈ। ਪੋਸ਼ਣ ਟਰੈਕਰ 'ਤੇ ਕੰਮ ਸਵੇਰੇ 8 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਚੱਲਦਾ ਹੈ। ਕੰਮ ਇੰਨਾ ਜ਼ਿਆਦਾ ਹੈ ਕਿ ਵਰਕਰ 14 ਘੰਟੇ ਕੰਮ ਕਰਨ 'ਤੇ ਵੀ ਪੂਰਾ ਨਹੀਂ ਕਰ ਸਕਦੀ, ਕਿਉਂਕਿ ਉਸ ਵਿੱਚ ਰਾਸ਼ਨ ਦੇਣ ਲਈ ਲਾਭ ਪਾਤਰੀ ਦੀ ਫੋਟੋ ਕੈਪਚਰ ਕਰਕੇ ਓਟੀਪੀ ਲੈਣਾ ਹੁੰਦਾ ਹੈ। ਕਈ ਵਾਰ ਲਾਭਪਾਤਰੀ ਆਪ ਮੌਜੂਦ ਨਹੀਂ ਹੁੰਦਾ।ਉਸ ਦੇ ਪਰਿਵਾਰ ਵਾਲਾ ਕੋਈ ਰਾਸ਼ਨ ਲੈਣ ਆ ਜਾਂਦਾ ਹੈ। ਕੁਝ ਲਾਭਪਾਤਰੀ ਗਰੀਬੀ ਕਰਕੇ ਮੋਬਾਈਲ ਵੀ ਨਹੀਂ ਖਰੀਦ ਸਕਦੇ। ਕਈ ਵਾਰੀ ਆਪਣੇ ਬੈਂਕ ਖਾਤੇ ਵਿੱਚੋਂ ਪੈਸੇ ਨਿਕਲਣ ਦੇ ਡਰ ਨਾਲ ਉਹ ਵਰਕਰ ਨੂੰ ਓਟੀਪੀ ਨਹੀਂ ਦਿੰਦੇ। ਕੰਮ ਵੀ ਪੰਜਾਬੀ ਭਾਸ਼ਾ ਵਿੱਚ ਨਹੀਂ ਸਗੋਂ ਅੰਗਰੇਜ਼ੀ ਭਾਸ਼ਾ ਵਿੱਚ ਕਰਨਾ ਹੁੰਦਾ ਹੈ।



ਮੀਟਿੰਗ ਦੌਰਾਨ ਮੌਜੂਦ ਆਂਗਣਵਾੜੀ ਵਰਕਰ/ਹੈਲਪਰ ਤੇ ਅਹੁਦੇਦਾਰ।

ਉਨ੍ਹਾਂ ਮੰਗ ਕਰਦੇ ਹੋਏ ਕਿਹਾ ਕਿ ਲਾਭਪਾਤਰੀਆਂ ਤੋਂ ਓਟੀਪੀ ਲੈਣਾ ਬੰਦ ਕੀਤਾ ਜਾਵੇ।

ਜ਼ਿਲ੍ਹਾ ਪ੍ਰਧਾਨ ਸੁਨੀਲ ਕੌਰ ਬੇਦੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਹੈ, ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਪੂਰੀ ਤਨਖਾਹ ਕਦੇ ਵੀ ਨਹੀਂ ਮਿਲੀ। ਹੁਣ ਤਾਂ ਲਾਭਪਾਤਰੀਆਂ ਅਨੁਸਾਰ ਰਾਸ਼ਨ ਵੀ ਨਹੀਂ ਦਿੱਤਾ ਜਾਂਦਾ। ਇਸ ਤੋਂ ਇਲਾਵਾ ਮੀਟਿੰਗ ਨੂੰ ਭਗਵੰਤ ਕੌਰ ਨਕੇਰੀਆਂ, ਬਲਵਿੰਦਰ ਕੌਰ ਮੁਹੰਮਦੇ ਵਾਲਾ, ਹਰਜੀਤ ਕੌਰ ਢੰਡੀਆਂ, ਬਿਮਲਾ ਰਾਣੀ, ਸਲਵਿੰਦਰ ਕੌਰ, ਅਰਪਣਾ ਰਾਣੀ ਸਿਮਰਿਆਂ ਵਾਲੀ, ਨੀਲਮ ਰਾਣੀ, ਕ੍ਰਿਸ਼ਨਾ ਰਾਣੀ ਸੰਤੋਖ ਸਿੰਘ ਵਾਲਾ, ਰਾਜ ਲੋਮਚੜ, ਮੰਜੂ ਬਾਲਾ, ਰਾਜ ਲਾਧੂਕਾ, ਲਾਜਵੰਤੀ, ਅਮਰਜੀਤ ਕੌਰ ਜੰਡਵਾਲਾ, ਕੁਸਮ ਲਤਾ ਕੱਟੀਆਂ ਵਾਲਾ, ਕੁਲਵਿੰਦਰ ਕੌਰ ਨਕੇਰੀਆਂ, ਗੁਰਪ੍ਰੀਤ ਕੌਰ ਜਲਾਲਾਬਾਦ, ਕੈਲਾਸ਼ ਰਾਣੀ ਜਲਾਲਾਬਾਦ ਨੇ ਸੰਬੋਧਨ ਕੀਤਾ।

## ਕਾਤਰਾਂ

### ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਇੱਕ ਨੌਜਵਾਨ ਨੂੰ ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੂਲੇਪੁਰ ਦੀ ਇੱਕ ਪੁਲਸ ਪਾਰਟੀ ਪਿੰਡ ਮੂਲੇਪੁਰ ਦੀ ਦਾਣਾ ਮੰਡੀ ਨਜ਼ਦੀਕ ਮੌਜੂਦ ਸੀ ਤਾਂ ਪੈਦਲ ਆ ਰਹੇ ਇੱਕ ਨੌਜਵਾਨ ਨੇ ਪੁਲਸ ਨੂੰ ਦੇਖ ਕੇ ਹੱਥ 'ਚ ਫੜ੍ਹਿਆ ਲਿਫਾਫਾ ਸੜਕ ਕਿਨਾਰੇ ਸੁੱਟ ਦਿੱਤਾ ਤੇ ਉੱਥੋਂ ਖਿਸਕਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਨਾਮ ਪਤਾ ਪੁੱਛੇ ਜਾਣ 'ਤੇ ਉਸ ਨੇ ਆਪਣੀ ਪਹਿਚਾਣ ਸਤਿਗੁਰ ਸਿੰਘ ਵਾਸੀ ਪਿੰਡ ਰੁੜਕੀ ਵਜੋਂ ਦੱਸੀ।ਉਸ ਵੱਲੋਂ ਸੁੱਟੇ ਗਏ ਲਿਫਾਫੇ ਨੂੰ ਚੈੱਕ ਕਰਨ 'ਤੇ ਨਸ਼ੇ ਦੀਆਂ 70 ਗੋਲੀਆਂ ਬਰਾਮਦ ਹੋਈਆਂ।ਇਸ ਸਬੰਧੀ ਥਾਣਾ ਮੂਲੇਪੁਰ ਵਿਖੇ ਅ/ਧ 22 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਸਤਿਗੁਰ ਸਿੰਘ ਨੂੰ ਗ੍ਰਿਫਤਾਰ ਕਰਕੇ ਸਹਾਇਕ ਥਾਣੇਦਾਰ ਸ਼ਾਸ਼ਵਤ ਕੁਮਾਰ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਲੋਕ ਆਪ ਸਰਕਾਰ ਦੀਆਂ ਨੀਤੀਆਂ ਤੋਂ ਸੰਤੁਸ਼ਟ : ਚੱਠਾ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਆਮ ਆਦਮੀ ਪਾਰਟੀ ਦੇ ਸੂਬਾਈ ਆਗੂ ਸ੍ਰ. ਸਤਿੰਦਰ ਸਿੰਘ ਚੱਠਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਪੰਜਾਬ ਦੀ ਜਨਤਾ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਸਰਕਾਰ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਕੋਈ ਕਮੀ ਨਹੀਂ ਛੱਡੀ।ਸ੍ਰ. ਚੱਠਾ ਨੇ ਕਿਹਾ ਕਿ ਸਿੱਖਿਆ, ਸਿਹਤ, ਬਿਜਲੀ, ਪਾਣੀ ਤੇ ਰੋਜ਼ਗਾਰ ਵਰਗੇ ਮੁੱਦਿਆਂ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਨਕਲਾਬੀ ਕਦਮ ਚੁੱਕੇ ਹਨ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੀ ਸੂਰਤ ਬਦਲੀ ਜਾ ਰਹੀ ਹੈ, ਮੁਹੱਲਾ ਕਲੀਨਿਕਾਂ ਰਾਹੀਂ ਲੋਕਾਂ ਨੂੰ ਘਰ-ਦਫ਼ਤਰ ਨੇੜੇ ਇਲਾਜ ਮਿਲ ਰਿਹਾ ਹੈ ਅਤੇ ਘਰੇਲੂ ਬਿਜਲੀ ਉਪਭੋਗਤਾਵਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਜਾ ਰਹੀ ਹੈ।ਚੱਠਾ ਨੇ ਕਿਹਾ ਕਿ ਲੋਕਾਂ ਨੇ ਆਮ ਆਦਮੀ ਪਾਰਟੀ 'ਤੇ ਭਰੋਸਾ ਕੀਤਾ ਹੈ ਤੇ ਮਾਨ ਸਰਕਾਰ ਉਸ ਭਰੋਸੇ ਨੂੰ ਕਾਇਮ ਰੱਖਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਚੋਣਾਂ 'ਚ ਲੋਕ ਇਕ ਵਾਰ ਫਿਰ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮੱਤ ਨਾਲ ਜਿਤਾਉਣਗੇ।

### ਨਗਰ ਨਿਗਮ ਦੀ ਬਿਲਡਿੰਗ ਬ੍ਰਾਂਚ ਦਾ ਸਟਾਫ ਗ਼ੈਰ ਹਾਜ਼ਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨਗਰ ਨਿਗਮ ਦੀ ਬਿਲਡਿੰਗ ਬ੍ਰਾਂਚ ਦਾ ਜਦੋਂ ਦੌਰਾ ਕੀਤਾ ਗਿਆ ਤਾਂ ਕੁੱਝ ਕਲੈਰੀਕਲ ਸਟਾਫ਼ ਕ੍ਰਮਚਾਰੀ ਅਤੇ ਬਿਲਡਿੰਗ ਇੰਸਪੈਕਟਰ ਮਨਪ੍ਰੀਤ ਕੌਰ ਮੌਜੂਦ ਸਨ ਤੇ ਬਾਕੀ ਸਟਾਫ ਜਿਸ ਵਿੱਚ ਜ਼ਿਆਦਾਤਰ ਬਿਲਡਿੰਗ ਇੰਸਪੈਕਟਰ ਸ਼ਾਮਲ ਹਨ, ਗੈਰ ਹਾਜ਼ਰ ਰਹੇ।ਜਦੋਂ ਕਵਰੇਜ ਕੀਤੀ ਗਈ ਤਾਂ ਉਥੇ ਮੌਜੂਦ ਕਰਮਚਾਰਨ ਵੱਲੋਂ ਆਖਿਆ ਕਿ ਆਏ ਤਾਂ ਹੋਏ ਹਨ, ਪਰ ਬਾਹਰ ਖੜੇ ਹਨ, ਜਦੋਂਕਿ ਬਾਹਰ ਕੋਈ ਵੀ ਨਹੀਂ ਸੀ। ਜਦੋਂ ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ ਨਾਲ ਮੁਲਾਕਾਤ ਕਰਨ ਲਈ ਉਨ੍ਹਾਂ ਦੇ ਦਫ਼ਤਰ ਜਾਇਆ ਗਿਆ ਤਾਂ ਉਹ ਬਾਹਰ ਗਏ ਹੋਏ ਸਨ। ਉਨ੍ਹਾਂ ਦਾ ਕਲੈਰੀਕਲ ਸਟਾਫ ਵੀ ਆਪਣੀਆਂ ਸੀਟਾਂ ਤੋਂ ਗਾਇਬ ਹੀ ਦਿਖਾਈ ਦਿੱਤਾ, ਜਿਸ 'ਤੇ ਉਥੇ ਬੈਠੇ ਕ੍ਰਮਚਾਰੀ ਨੇ ਦੱਸਿਆ ਕਿ ਹਾਲੇ ਆਏ ਨਹੀਂ ਹਨ।

# ਪੰਜਾਬ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 9 ਦੀ ਹੜਤਾਲ ਸੰਬੰਧੀ ਮੀਟਿੰਗ

## ਡੀ ਸੀ ਦਫਤਰ ਸਾਹਮਣੇ ਵਿਸ਼ਾਲ ਰੈਲੀ ਕਰਨ ਦਾ ਫੈਸਲਾ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਫਾਜ਼ਿਲਕਾ ਦੇ ਕਨਵੀਨਰ ਹਰਭਜਨ ਸਿੰਘ ਖੁੰਗਰ ਨੇ ਇੱਥੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਬੀਤੇ ਦਿਨ ਪੰਜਾਬ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਫਾਜ਼ਿਲਕਾ ਦੀ ਮੀਟਿੰਗ ਕੀਤੀ ਗਈ, ਜਿਸ 'ਚ ਸਾਂਝਾ ਫਰੰਟ ਦੇ ਕਨਵੀਨਰ ਸਾਥੀ ਸੁਖਜਿੰਦਰ ਸਿੰਘ ਪੈਰਾ ਮੈਡੀਕਲ ਆਗੂ, ਹਰੀਸ਼ ਚੰਦਰ ਕਬੋਜ, ਟਹਿਲ ਸਿੰਘ, ਮਹਿੰਦਰ ਕੌੜਿਆਂਵਾਲੀ, ਪ੍ਰੇਮ ਕੁਮਾਰ, ਨੌਰੰਗ ਲਾਲ, ਗੁਰਜਿੰਦਰ ਸਿੰਘ, ਭਾਰਤ ਭੂਸ਼ਨ, ਨੈਬ ਸਿੰਘ ਸ਼ਾਮਲ ਹੋਏ ਅਤੇ 9 ਜੁਲਾਈ 2025 ਦੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਦਫਤਰ ਸਾਹਮਣੇ ਇੱਕ ਵਿਸ਼ਾਲ ਰੈਲੀ ਕਰਨ ਦਾ ਵੀ ਫੈਸਲਾ ਲਿਆ ਗਿਆ।

ਉਨ੍ਹਾਂ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਕਰੜੀ ਆਲੋਚਨਾ ਕਰਦਿਆਂ 9 ਜੁਲਾਈ ਦੀ ਹੜਤਾਲ 'ਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਕਰਵਾਉਣ ਤੇ ਸਾਂਝਾ ਫਰੰਟ ਦਾ ਘੇਰਾ ਹੋਰ ਵੱਡਾ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ 'ਚ ਹੜਤਾਲ ਨੂੰ ਸਫਲ ਕਰਨ ਲਈ ਤੇ ਇਸ ਐਕਸ਼ਨ ਨੂੰ ਵਿਆਪਕ ਰੂਪ ਦੇਣ ਲਈ ਹੋਰਨਾਂ ਜਨਤਕ ਜਥੇਬੰਦੀਆਂ ਮਜ਼ਦੂਰਾਂ, ਕਿਸਾਨ ਜਥੇਬੰਦੀਆਂ, ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ, ਨਰੇਗਾ, ਵਿਦਿਆਰਥੀ ਯੂਨੀਅਨਾਂ ਤੇ ਆਮ ਦੁਕਾਨਦਾਰਾਂ ਆਦਿ ਨਾਲ ਤਾਲਮੇਲ ਕਰਕੇ 7 ਜੁਲਾਈ 2025 ਨੂੰ ਫਾਜ਼ਿਲਕਾ ਵਿਖੇ ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਦੇ ਦਫਤਰ 'ਚ ਸ਼ਾਮ 3-30 ਵਜੇ ਇੱਕ ਹੋਰ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ ਹੈ ਤੇ ਸਾਂਝਾ ਫਰੰਟ ਦੇ ਮੰਚ ਨੂੰ ਹੋਰ ਵਡੇਰਾ ਕਰਨ ਤੇ 9 ਜੁਲਾਈ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੇੜੇ ਕੀਤੀ ਜਾਣ ਵਾਲੀ ਰੋਸ ਰੈਲੀ ਤੇ ਮੁਜ਼ਾਹਰੇ ਵਿੱਚ ਵੱਧ ਤੋਂ ਵੱਧ ਲੋਕਾਂ, ਮੁਲਾਜ਼ਮਾਂ, ਪੈਨਸ਼ਨਰਜ਼, ਮਜ਼ਦੂਰਾਂ ਤੇ ਕਿਸਾਨਾਂ, ਆਮ ਦੁਕਾਨਦਾਰਾਂ ਦੀ ਸ਼ਮੂਲੀਅਤ ਕਰਵਾਈ ਜਾ ਸਕੇ। ਸਾਂਝਾ ਫਰੰਟ ਨੇ ਸਮੂਹ ਮੁਲਾਜ਼ਮ ਪੈਨਸ਼ਨਰਜ਼ ਤੇ ਹੋਰ ਸਭ ਜਨਤਕ ਜਥੇਬੰਦੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ 9 ਜੁਲਾਈ 2025 ਦੀ ਆ ਰਹੀ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਇਸ ਨੂੰ ਸਫਲ ਬਣਾਉਣ ਲਈ ਸ਼ਿੱਦਤ ਨਾਲ ਸ਼ਾਮਲ ਹੋਇਆ ਜਾਵੇ।

## 10 ਗ੍ਰਾਮ ਹੈਰੋਇਨ ਤੇ ਹੈਰੋਇਨ ਦਾ ਸੇਵਨ ਕਰਨ ਵਾਲੇ ਸਮੇਤ 3 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਵੱਖ ਵੱਖ ਥਾਵਾਂ ਤੋਂ ਗਸ਼ਤ ਤੇ ਚੈਕਿੰਗ ਦੌਰਾਨ 10 ਗ੍ਰਾਮ ਹੈਰੋਇਨ ਤੇ ਹੈਰੋਇਨ ਦਾ ਸੇਵਨ ਕਰਨ ਵਾਲੇ ਸਮੇਤ 3 ਜਣਿਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਨਾਮਦੇਵ ਚੌਕ ਤੋਂ ਅੱਗੇ ਗੋਵਿੰਦ ਕਾਨਵੈਂਟ ਸਕੂਲ ਪੁੱਜੀ ਤਾਂ ਸੜਕ ਦੇ ਸੱਜੇ ਪੁੱਡਾ ਦੀ ਖਾਲੀ ਪਈ ਜਗ੍ਹਾ ਵਿੱਚ ਦੋ ਵਿਅਕਤੀ ਸਾਗਰ ਉਰਫ ਝੋਟਾ ਪੁੱਤਰ ਜੱਜ ਵਾਸੀ ਪੁਰਾਣੀ ਸਬਜ਼ੀ ਮੰਡੀ ਬਗਦਾਦੀ ਗੇਟ ਫਿਰੋਜ਼ਪੁਰ ਸ਼ਹਿਰ ਤੇ ਰਿਤਿਕ ਪੁੱਤਰ ਜੱਜ ਵਾਸੀ ਪੁਰਾਣੀ ਸਬਜ਼ੀ ਮੰਡੀ ਬਗਦਾਦੀ ਗੇਟ ਫਿਰੋਜ਼ਪੁਰ ਸ਼ਹਿਰ ਧੀਮੀ ਜਿਹੀ ਅੱਗ ਜਲਾ ਕੇ ਸ਼ੱਕੀ ਹਾਲਤ ਵਿੱਚ ਬੈਠੇ ਮਿਲੇ ਤਾਂ ਇਨ੍ਹਾਂ ਨੂੰ ਇਸ ਬਾਰੇ ਪੁੱਛਿਆ ਤਾਂ ਸਾਗਰ ਉਰਫ ਝੋਟਾ ਤੇ ਰਿਤਿਕ ਨੇ ਦੱਸਿਆ ਕਿ ਉਹ ਦੋਵੇਂ ਭਰਾ ਸਿਲਵਰ ਪੇਪਰ 'ਤੇ ਹੈਰੋਇਨ ਪਾ ਕੇ ਨਸ਼ਾ ਕਰ ਰਹੇ ਸਨ। ਪੁਲਸ ਨੇ ਉਕਤ ਦੋਸ਼ੀਆਨ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਸਿਲਵਰ ਪੇਪਰ, ਲਾਇਟਰ ਤੇ ਰੋਲ ਕੀਤਾ ਹੋਇਆ ਪੇਪਰ ਬਰਾਮਦ ਕੀਤਾ। ਇਸੇ ਦੌਰਾਨ ਥਾਣਾ ਤਲਵੰਡੀ ਭਾਈ ਪੁਲਸ ਦੇ ਐੱਸਆਈ ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰ ਸੀ ਤਾਂ ਇਸ ਦੌਰਾਨ ਮੇਨ ਚੌਕ ਤਲਵੰਡੀ ਭਾਈ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸੁਖਪ੍ਰੀਤ ਸਿੰਘ ਉਰਫ ਸੁੱਖ ਪੁੱਤਰ ਲਖਵਿੰਦਰ ਸਿੰਘ ਵਾਸੀ ਮੱਘਰ ਸਿੰਘ ਵਾਲੀ ਗਲੀ, ਵਾਰਡ ਨੰਬਰ 7, ਤਲਵੰਡੀ ਭਾਈ ਜੋ ਕਿ ਹੈਰੋਇਨ ਵੇਚਣ ਦਾ ਆਦੀ ਹੈ, ਜੋ ਤਲਵੰਡੀ ਭਾਈ ਤੋਂ ਫਿਰੋਜ਼ਪੁਰ ਨੂੰ ਜਾਂਦੀ ਹਾਈਵੇ ਪਾਸ ਬਣੇ ਕਰਮਿੱਤੀ ਗੇਟ ਕੋਲ ਖੜਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਦੋਸ਼ੀ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

## ਹਲਕਾ ਸਨੌਰ ਦੀਆਂ ਖਸਤਾ ਹਾਲਤ ਸੜਕਾਂ ਨੇ ਰਿਕਾਰਡ ਤੋੜੇ

# ਚੰਦੂਮਾਜਰਾ ਵੱਲੋਂ ਸੜਕਾਂ ਦੀ ਮੁਰੰਮਤ ਨਾ ਹੋਣ 'ਤੇ ਹਾਈਵੇਅ ਜਾਮ ਕਰਨ ਦੀ ਚਿਤਾਵਨੀ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੇ ਪਿੰਡਾਂ ਨੂੰ ਜਾਂਦੀਆਂ ਸੜਕਾਂ ਦੀ ਖਸਤਾ ਹਾਲਤ ਕਾਰਨ ਰਾਹਗੀਰ ਪ੍ਰੇਸ਼ਾਨ ਹਨ। ਹਲਕਾ ਸਨੌਰ ਦੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੀਆਂ ਖਸਤਾ ਹਾਲ ਸੜਕਾਂ ਕਾਰਨ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੀਆਂ ਸੜਕਾਂ ਪਿਛਲੇ ਡੇਢ ਸਾਲ ਤੋਂ ਟੁੱਟੀਆਂ ਹੋਈਆਂ ਹਨ। ਦੇਵੀਗੜ੍ਹ ਤੋਂ ਕਪੂਰੀ, ਦੇਵੀਗੜ੍ਹ ਤੋਂ ਭੰਬੂਆਂ ਤੇ ਭੰਬੂਆਂ ਤੋਂ ਜੁਲਕਾਂ ਨੂੰ ਜਾਂਦੀਆਂ ਸੜਕਾਂ ਕਾਫੀ ਸਮੇਂ ਤੋਂ ਸੀਵਰੇਜ ਦੇ ਪਾਈਪ ਪਾਉਣ ਲਈ ਪੁੱਟੀਆਂ ਪਈਆਂ ਹਨ। ਮੀਂਹ ਕਾਰਨ ਦਲਦਲ ਬਣੀਆਂ ਇਨ੍ਹਾਂ ਸੜਕਾਂ ਤੋਂ ਪਿੰਡਾਂ ਦੇ ਲੋਕਾਂ ਦਾ ਲੰਘਣਾ ਮੁਸ਼ਕਲ ਹੋ ਗਿਆ ਹੈ। ਚੰਦੂਮਾਜਰਾ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਇਨ੍ਹਾਂ ਪੁੱਟੀਆਂ ਸੜਕਾਂ ਨੂੰ ਜਲਦੀ ਬਣਾਇਆ ਜਾਵੇ, ਨਹੀਂ ਤਾਂ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਨਾਲ ਲੈ ਕੇ ਸਟੇਟ ਹਾਈਵੇ ਜਾਮ ਕਰਨਗੇ। ਉਨ੍ਹਾਂ ਕਿਹਾ ਕਿ ਜੇ ਮੌਕਾ ਮਿਲਿਆ ਤਾਂ ਇਸ ਨਗਰ ਪੰਚਾਇਤ ਨੂੰ ਭੰਗ ਕਰਵਾਇਆ ਜਾਵੇਗਾ। ਚੰਦੂਮਾਜਰਾ ਨੇ ਇਸ ਹਲਕੇ ਵਿੱਚ ਹੁੰਦੀ ਨਾਜਾਇਜ਼ ਮਾਇਨਿੰਗ ਦਾ ਵੀ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਉਹ ਇਹ ਮਸਲਾ ਮੁੱਖ ਮੰਤਰੀ ਪੰਜਾਬ ਕੋਲ ਉਠਾਉਣਗੇ। ਇਸ ਮੌਕੇ ਜਗਜੀਤ ਸਿੰਘ ਕੋਹਲੀ, ਜਥੇਦਾਰ ਤਰਸੇਮ ਸਿੰਘ ਕੋਟਲਾ, ਡਾ. ਯਸ਼ਪਾਲ ਖੰਨਾ, ਕੈਪਟਨ ਖੁਸ਼ਵੰਤ ਸਿੰਘ, ਬਿਕਰਮ ਸਿੰਘ ਫਰੀਦਪੁਰ, ਤਰਲੋਕ ਸਿੰਘ ਹਾਜੀਪੁਰ ਤੇ ਜਸਵਿੰਦਰ ਸਿੰਘ ਬ੍ਰਹਮਪੁਰ ਹਾਜ਼ਰ ਸਨ।

### ਕੰਮ ਜਲਦੀ ਮੁਕੰਮਲ ਕੀਤਾ ਜਾਵੇਗਾ : ਪ੍ਰਧਾਨ ਧੰਜੂ

ਨਗਰ ਪੰਚਾਇਤ ਦੇਵੀਗੜ੍ਹ ਦੀ ਪ੍ਰਧਾਨ ਸਵਿੰਦਰ ਕੌਰ ਧੰਜੂ ਨੇ ਕਿਹਾ ਕਿ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਅਗਵਾਈ ਵਿੱਚ ਪਿੰਡ ਕਪੂਰੀ ਤੋਂ ਭੰਬੂਆਂ ਵਾਇਆ ਕਸਬਾ ਦੇਵੀਗੜ੍ਹ 19 ਕਰੋੜ ਦੀ ਲਾਗਤ ਨਾਲ ਸੀਵਰੇਜ ਦਾ ਪ੍ਰਾਜੈਕਟ ਲਿਆਂਦਾ ਗਿਆ ਸੀ, ਜਿਸ ਦਾ ਕੰਮ ਸ਼ੁਰੂ ਕਰਨ ਲਈ ਤੇ ਸੜਕਾਂ 'ਚ ਸੀਵਰੇਜ ਦੇ ਪਾਈਪ ਪਾਉਣ ਲਈ ਪੁੱਟੀਆਂ ਗਈਆਂ ਸਨ, ਹੁਣ ਜਦੋਂਕਿ ਇਸ ਪ੍ਰਾਜੈਕਟ ਦਾ 80 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਬਾਕੀ 20 ਫੀਸਦੀ ਕੰਮ ਵੀ ਜਲਦੀ ਨੇਪਰੇ ਚਾੜ੍ਹਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਜੁਲਕਾਂ ਤੋਂ ਭੰਬੂਆਂ, ਛੰਨਾ ਮੋੜ ਤੋਂ ਪਿੰਡ ਛੰਨਾਂ ਤੱਕ ਸੜਕਾਂ ਬਣਨੀਆਂ ਸ਼ੁਰੂ ਹੋ ਚੁੱਕੀਆਂ ਹਨ ਤੇ ਬਰਸਾਤ ਪੈਣ ਕਰਕੇ ਕੰਮ ਰੁਕਿਆ ਹੋਇਆ ਹੈ, ਜਿਸ ਨੂੰ ਜਲਦੀ ਨੇਪਰੇ ਚਾੜ੍ਹਿਆ ਜਾਵੇਗਾ। ਇਸ ਤੋਂ ਇਲਾਵਾ ਨਵਾਂ ਬੱਸ ਅੱਡਾ ਬਣਾਇਆ ਗਿਆ ਹੈ ਤੇ ਪੁਰਾਣੇ ਬਜ਼ਾਰ ਵਿੱਚ ਸੀਵਰੇਜ ਪਾ ਕੇ ਸੜਕ 'ਤੇ ਪੱਥਰ ਪਾ ਦਿੱਤਾ ਜਾਏਗਾ।

## 26 ਗ੍ਰਾਮ ਹੈਰੋਇਨ, 1.40 ਲੱਖ ਦੀ ਡਰੱਗ ਮਨੀ ਸਮੇਤ 2 ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਤੇ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਵੱਖ ਵੱਖ ਥਾਵਾਂ ਤੋਂ 26 ਗ੍ਰਾਮ ਹੈਰੋਇਨ ਤੇ 1 ਲੱਖ 40 ਹਜ਼ਾਰ ਡਰੱਗ ਮਨੀ ਸਣੇ ਇੱਕ ਔਰਤ ਸਮੇਤ 2 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਦਰਜ ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਥਾਣਾ ਸਦਰ ਏਰੀਏ ਵਿੱਚ ਮੌਜੂਦ ਸੀ ਅਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਟੀ-ਪੁਆਇੰਟ ਨਾਨਕ ਨਗਰੀ ਉਰਫ ਧਰਮੂ ਵਾਲਾ ਪੁੱਜੀ ਤਾਂ ਸਾਹਮਣੇ ਤੋਂ ਇੱਕ ਔਰਤ ਆਉਂਦੀ ਦਿਖਾਈ ਦਿੱਤੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਕੇ ਪਿੱਛੇ ਮੁੜਨ ਲੱਗੀ ਤਾਂ ਆਪਣੇ ਸੱਜੇ ਹੱਥ 'ਚ ਫੜਿਆ ਹੋਇਆ ਲਿਫਾਫਾ ਜ਼ਮੀਨ ਹੇਠਾਂ ਸੁੱਟ ਦਿੱਤਾ, ਜਿਸ 'ਤੇ ਪੁਲਸ ਪਾਰਟੀ ਨੇ ਇਸ ਔਰਤ ਨੂੰ ਹਿਰਾਸਤ 'ਚ ਲੈ ਕੇ ਉਸ ਦੇ ਕਬਜ਼ੇ ਵਿੱਚੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸ ਔਰਤ ਦੀ ਪਹਿਚਾਣ ਪ੍ਰੇਮੋ ਬਾਈ ਪਤਨੀ ਮਹਿੰਦਰ ਸਿੰਘ ਵਾਸੀ ਧਰਮੂਵਾਲਾ ਵਜੋਂ ਹੋਈ ਹੈ। ਥਾਣਾ ਸਦਰ ਵਿਖੇ ਪ੍ਰੇਮੋ ਬਾਈ ਵਿਰੁੱਧ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਉਧਰ, ਥਾਣਾ ਵੈਰੋਕੇ ਵਿਖੇ ਦਰਜ ਮੁਕੱਦਮੇ ਦੇ ਤਫਤੀਸ਼ੀ ਅਫਸਰ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਵੈਰੋਕੇ ਏਰੀਏ ਵਿੱਚ ਮੌਜੂਦ ਸੀ ਤੇ ਜਦੋਂ ਪੁਲਸ ਪਾਰਟੀ ਪਿੰਡ ਕਾਠਗੜ੍ਹ ਤੋਂ ਪਾਲੀ ਵਾਲਾ ਨੂੰ ਜਾ ਰਹੀ ਸੀ ਤਾਂ ਇਕ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਆਪਣੇ ਹੱਥ ਵਿੱਚ ਫੜੀ ਵਸਤੂ ਨੂੰ ਸੁੱਟ ਕੇ ਤੇਜ਼ ਕਦਮੀ ਤੁਰਿਆ, ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਸ ਪਾਸੋਂ 20 ਗ੍ਰਾਮ ਹੈਰੋਇਨ ਤੇ 1 ਲੱਖ 40 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਹੋਈ। ਪੁਲਸ ਵੱਲੋਂ ਹੈਰੋਇਨ ਤੇ ਡਰੱਗ ਮਨੀ ਸਮੇਤ ਕਾਬੂ ਕੀਤੇ ਇਸ ਵਿਅਕਤੀ ਦੀ ਪਹਿਚਾਣ ਜਤਿੰਦਰ ਸਿੰਘ ਉਰਫ ਕਾਕਾ ਉਰਫ ਬੱਬੂ ਪੁੱਤਰ ਬਚਨ ਸਿੰਘ ਵਾਸੀ ਪਾਲੀ ਵਾਲਾ ਵਜੋਂ ਹੋਈ ਹੈ, ਜਿਸ 'ਤੇ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਕੋਰ ਕਮੇਟੀ ਮੈਂਬਰ ਜਥੇਦਾਰ ਮਾਹਲਾ ਦਾ ਸੰਨੀ ਗਿੱਲ ਤੇ ਹਲਕਾ ਟੀਮ ਵੱਲੋਂ ਵਿਸ਼ੇਸ਼ ਸਨਮਾਨ

## ਕੋਰ ਕਮੇਟੀ 'ਚ ਸ਼ਾਮਲ ਕਰਨ 'ਤੇ ਸੁਖਬੀਰ ਬਾਦਲ ਦਾ ਕੀਤਾ ਧੰਨਵਾਦ



**ਮੋਗਾ (ਇਕਬਾਲ ਸਿੰਘ ਖਹਿਰਾ)**
ਮੋਗਾ ਦੇ ਮੁੱਖ ਬਜ਼ਾਰ ਸਥਿਤ ਸੰਨੀ ਟਾਵਰ 'ਤੇ ਵਿਸ਼ੇਸ਼ ਸਨਮਾਨ ਸਮਾਰੋਹ ਦਾ ਕੀਤਾ ਗਿਆ, ਜਿਸ ਨੇ ਇੱਕ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਲਿਆ।ਇਸ ਸਨਮਾਨ ਸਮਾਰੋਹ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਕੋਰ ਕਮੇਟੀ ਵਿੱਚ ਸ਼ਾਮਲ ਕਰਨ 'ਤੇ ਜਥੇਦਾਰ ਮਾਹਲਾ ਦਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਤੇ ਹਲਕਾ ਮੋਗਾ ਦੇ ਅਕਾਲੀ ਆਗੂਆਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕਰਨ ਉਪਰੰਤ ਦੋਸ਼ਾਲਾ, ਸਿਰੋਪਾਓ ਤੇ ਕਿਰਪਾਨ ਭੇਟ ਕਰਕੇ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵਿੱਚ ਰਜਿੰਦਰ ਸਿੰਘ ਡੱਲਾ, ਰਣਵਿੰਦਰ ਸਿੰਘ ਪੱਪੂ ਰਾਮੂੰਵਾਲਾ, ਖਣਮੁੱਖ ਭਾਰਤੀ ਪੱਤੋ, ਚਰਨਜੀਤ ਸਿੰਘ ਝੰਡੇਆਣਾ, ਰਾਜਵਿੰਦਰ ਸਿੰਘ ਧਰਮਕੋਟ, ਰਾਜਵੰਤ ਸਿੰਘ ਮਾਹਲਾ, ਹਰਮੇਲ ਸਿੰਘ ਮੌੜ, ਦੇਬ ਆਸੀਸ ਮਲਿਕ, ਸੁਖਬੀਰ ਸਿੰਘ ਗਿੱਲ, ਮਨਜੀਤ ਸਿੰਘ ਧੰਮੂ, ਜਗਦੀਸ਼ ਛਾਬੜਾ, ਗੋਵਰਧਨ ਪੋਪਲੀ, ਐਡਵੋਕੇਟ ਰਾਜਪਾਲ ਸ਼ਰਮਾ ਵਿਸ਼ੇਸ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਸ਼ਖਸੀਅਤ ਬਾਰੇ ਬੋਲਦਿਆਂ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਸ਼੍ਰੋਮਣੀ ਅਕਾਲੀ ਦਲ ਦੇ ਉਹ ਸੱਚੇ ਸਿਪਾਹੀ ਹਨ, ਜਿਨ੍ਹਾਂ ਨੇ ਵੱਖ ਵੱਖ ਅਹੁਦਿਆਂ 'ਤੇ ਰਹਿ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕੀਤਾ ਤੇ ਪਾਰਟੀ ਪ੍ਰਤੀ ਨਿਭਾਈਆਂ ਗਈਆਂ ਸੇਵਾਵਾਂ ਕਾਰਨ ਹੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਕੋਰ ਕਮੇਟੀ ਵਿੱਚ ਸ਼ਾਮਲ ਕਰਕੇ ਮੋਗਾ ਜ਼ਿਲ੍ਹੇ ਨੂੰ ਵੱਡਾ ਮਾਣ ਬਖਸ਼ਿਆ ਹੈ।ਇਸ ਮੌਕੇ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਜਥੇਦਾਰ ਮਾਹਲਾ ਜੀ ਪਾਰਟੀ ਦੀਆਂ ਉਨ੍ਹਾਂ ਸ਼ਖਸੀਅਤਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੇ ਪਾਰਟੀ ਨੂੰ ਮਜ਼ਬੂਤੀ ਪ੍ਰਦਾਨ ਹੀ ਨਹੀਂ ਕੀਤੀ, ਸਗੋਂ ਦੂਸਰੀਆਂ ਸਰਕਾਰਾਂ ਨਾਲ ਲੋਕਾਂ ਦੇ ਹਿੱਤਾਂ ਲਈ ਮੂਹਰੇ ਹੋ ਕੇ ਲੜਾਈ ਲੜੀ ਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।ਇਸ ਲਈ ਜਿੱਥੇ ਉਹ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦੇ ਹਨ, ਉੱਥੇ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਸਨਮਾਨਤ ਕਰਨ 'ਤੇ ਵੀ ਮਾਣ ਮਹਿਸੂਸ ਕਰਦੇ ਹਨ।

ਇਸ ਮੌਕੇ ਰਵਦੀਪ ਸਿੰਘ ਦਾਰਾਪੁਰ, ਗੁਰਬਿੰਦ ਸਿੰਘ ਸਿੰਘਾ ਵਾਲਾ, ਪਵਨਜੀਤ ਸਿੰਘ ਘੱਲ ਕਲਾਂ, ਬਿਪਨਪਾਲ ਸਿੰਘ ਖੋਸਾ ਸਾਰੇ ਸਰਕਲ ਪ੍ਰਧਾਨ, ਗੁਰਮੇਲ ਸਿੰਘ ਸਿੱਧੂ ਧਰਮਕੋਟ, ਰਣਜੀਤ ਸਿੰਘ ਭਾਊ, ਦਿਲਬਾਗ ਸਿੰਘ ਬਾਗੀ, ਬੂਟਾ ਸਿੰਘ ਦੌਲਤਪੁਰਾ, ਕੁਲਵਿੰਦਰ ਸਿੰਘ ਚੋਟੀਆਂ, ਗੁਰਚਰਨ ਸਿੰਘ ਕਾਲੀਏ ਵਾਲਾ, ਲਖਜਿੰਦਰ ਸਿੰਘ ਸਾਬਕਾ ਕੌਂਸਲਰ, ਇੰਦਰਜੀਤ ਲੰਡੇ, ਹਰਮੇਲ ਸਿੰਘ ਮੌੜ, ਹਰਪ੍ਰੀਤ ਸਿੰਘ ਗੋਪੀ ਕੋਟਲਾ, ਗੁਰਜੀਤ ਸਿੰਘ ਕੋਟਲਾ ਰਾਏਕਾ, ਜਗਜੀਤ ਸਿੰਘ ਘਾਰੂ, ਸਤਨਾਮ ਸਿੰਘ, ਗੁਰਵੀਰ ਸਿੰਘ, ਲਵਲੀ ਦੁੱਨੇਕੇ ਪੀ ਏ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪਟਿਆਲਾ ਦਾ ਨੌਜਵਾਨ ਅੰਗਦਜੀਤ ਅਮਰੀਕਾ ਪੁਲਸ 'ਚ ਭਰਤੀ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਪਟਿਆਲਾ ਦੇ ਵਸਨੀਕ ਸਿੱਖ ਨੌਜਵਾਨ ਅੰਗਦਜੀਤ ਸਿੰਘ ਦਿਓਲ (18) ਨੇ ਅਮਰੀਕਾ ਪੁਲਸ ਵਿੱਚ ਬਤੌਰ ਪੁਲਸ ਖੋਜਕਾਰ ਵਜੋਂ ਭਰਤੀ ਹੋ ਕੇ ਪੰਜਾਬ, ਪਰਵਾਰ ਤੇ ਜ਼ਿਲ੍ਹਾ ਪਟਿਆਲਾ ਦਾ ਨਾਮ ਰੌਸ਼ਨ ਕੀਤਾ ਹੈ।ਅੰਗਦਜੀਤ ਸਿੰਘ ਦਿਓਲ ਦੇ ਪਿਤਾ ਹਰਮਨਜੀਤ ਸਿੰਘ ਦਿਓਲ ਜੱਜ ਹਨ।ਉਨ੍ਹਾਂ ਦੱਸਿਆ ਕਿ ਅੰਗਦਜੀਤ ਨੇ ਆਪਣੀ ਦਸਵੀਂ ਦੀ ਪੜ੍ਹਾਈ ਗੋਲਡਨ ਅਰਥ ਗਲੋਬਲ ਸਕੂਲ ਸੰਗਰੂਰ ਤੋਂ ਪਾਸ ਕਰਨ ਉਪਰੰਤ ਸਾਲ 2023 ਵਿੱਚ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ 'ਚ ਹਾਈ ਸਕੂਲ ਦੀ ਪੜ੍ਹਾਈ ਜੋਹਨ ਐੱਫ ਕੈਨੇਡੀ ਸਕੂਲ ਤੋਂ ਸ਼ੁਰੂ ਕੀਤੀ।ਬਾਰਵੀਂ ਜਮਾਤ ਪਾਸ ਕਰਨ ਤੋਂ ਬਾਅਦ ਅੰਗਦਜੀਤ ਨੇ ਪੁਲਸ ਐਡਮਨਿਸਟ੍ਰੇਸ਼ਨ ਦੀਆਂ ਕਲਾਸਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਨਾਲ ਦੀ ਨਾਲ ਆਪਣੇ ਪਿਤਾ ਦੁਆਰਾ ਦਿੱਤੀਆਂ ਜਾ ਰਹੀਆਂ ਕਾਨੂੰਨ ਦੀਆਂ ਸੇਵਾਵਾਂ ਤੋਂ ਪ੍ਰਭਾਵਿਤ ਹੋ ਕੇ ਕਾਨੂੰਨ ਲਾਗੂ ਕਰਨ ਸਬੰਧੀ ਪੜ੍ਹਾਈ ਵੀ ਸ਼ੁਰੂ ਕਰ ਦਿੱਤੀ।

ਇਸ ਤੋਂ ਬਾਅਦ ਉਸ ਦੀ ਚੋਣ ਨਿਊਯਾਰਕ ਪੁਲਸ ਡਿਪਾਰਟਮੈਂਟ ਕੈਲੇਫੋਰਨੀਆ ਵਿੱਚ ਬਤੌਰ ਪੁਲਸ ਖੋਜਕਾਰੀ ਦੇ ਤੌਰ 'ਤੇ ਹੋ ਗਈ। ਉਨ੍ਹਾਂ ਦੱਸਿਆ ਕਿ ਅੰਗਦਜੀਤ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਰੁਚੀ ਰੱਖਦਾ ਹੈ ਤੇ ਭਾਰਤ ਵਿੱਚ ਤੈਰਾਕੀ ਦਾ ਕੌਮੀ ਪੱਧਰ ਦਾ ਖਿਡਾਰੀ ਰਹਿ ਚੁੱਕਿਆ ਹੈ।ਅੰਗਦਜੀਤ ਸਿੰਘ ਦੀ ਪੁਲਸ ਵਿਭਾਗ ਅਮਰੀਕਾ ਵਿੱਚ ਭਰਤੀ ਹੋਣ ਦੇ ਨਾਲ ਦਿਓਲ ਪਰਿਵਾਰ ਨੂੰ ਵਧਾਈਆਂ ਦੇਣ ਵਾਲਿਆਂ ਦੀ ਭੀੜ ਲੱਗੀ ਹੋਈ ਹੈ।

# ਦੇਸ਼ ਵਿਆਪੀ ਹੜਤਾਲ ਦੀ ਤਿਆਰੀ ਸੰਬੰਧੀ ਮਜ਼ਦੂਰ, ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ



**ਮਾਲੇਰਕੋਟਲਾ (ਅਸਗਰ ਪਰਿਹਾਰ)** : 9 ਜੁਲਾਈ ਨੂੰ 10 ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਦੇਸ਼ ਵਿਆਪੀ ਹੜਤਾਲ ਕੇਂਦਰ ਸਰਕਾਰ ਵਿਰੁੱਧ ਕੀਤੀ ਜਾ ਰਹੀ ਹੈ। ਇਸ ਹੜਤਾਲ ਦੀ ਤਿਆਰੀ ਦੇ ਸਬੰਧ ਵਿੱਚ ਟਰੇਡ ਯੂਨੀਅਨ ਕੌਂਸਲ (ਏਟਕ) ਮਾਲੇਰਕੋਟਲਾ ਦੇ ਦਫਤਰ ਕਮਲ ਸਿਨੇਮਾ ਰੋਡ ਮਾਲੇਰਕੋਟਲਾ ਵਿਖੇ ਜ਼ਿਲ੍ਹਾ ਮਾਲੇਰਕੋਟਲਾ ਸੀਟੂ ਦੇ ਪ੍ਰਧਾਨ ਕਾ. ਅਬਦੁੱਲ ਸਤਾਰ ਤੇ ਪੀ ਐੱਸ ਈ ਬੀ ਇੰਪਲਾਈਜ਼ ਯੂਨੀਅਨ ਏਟਕ ਡਵੀਜ਼ਨ ਮਾਲੇਰਕੋਟਲਾ ਦੇ ਪ੍ਰਧਾਨ ਨਰਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬੂਟਾ ਖਾਂ ਸੰਘੇੜਾ, ਬੀ ਕੇ ਯੂ ਡਕੌਂਦਾ, ਰਪਿੰਦਰ ਸਿੰਘ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾ. ਭਰਪੂਰ ਸਿੰਘ ਬੂਲਾਪੁਰ ਜਨਰਲ ਸਕੱਤਰ ਜ਼ਿਲ੍ਹਾ ਏਟਕ ਮਾਲੇਰਕੋਟਲਾ, ਦੇਵ ਰਾਜ ਵਰਮਾ ਪ੍ਰਧਾਨ ਸੀ ਟੀ ਯੂ ਪੰਜਾਬ, ਮੁਹੰਮਦ ਖਲੀਲ ਏਟਕ ਆਗੂ, ਪੀ.ਐੱਸ.ਐੱਸ.ਐੱਫ. ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਬਹਾਦਰ ਸਿੰਘ ਪ੍ਰਧਾਨ ਕੁੱਲ ਹਿੰਦ ਸਭਾ ਮਾਲੇਰਕੋਟਲਾ, ਕਾ. ਪ੍ਰਦੁੱਮਣ ਸਿੰਘ ਜ਼ਿਲ੍ਹਾ ਪ੍ਰਧਾਨ ਪੰਜਾਬ ਕਿਸਾਨ ਸਭਾ, ਕਾ. ਦਿਨੇਸ਼ ਭਾਰਦਵਾਜ ਏਟਕ ਆਗੂ ਆਦਿ ਨੇ ਕਿਹਾ ਕਿ ਪਹਿਲਾਂ ਇਹ ਹੜਤਾਲ 20 ਮਈ 2025 ਨੂੰ ਕਰਨੀ ਸੀ, ਪ੍ਰੰਤੂ 22 ਅਪ੍ਰੈਲ 2025 ਨੂੰ ਜੰਮੂ ਕਸ਼ਮੀਰ ਵਿੱਚ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਕਰਕੇ ਮੁਲਤਵੀ ਕਰਕੇ 9 ਜੁਲਾਈ 2025 ਦੀ ਕਰ ਦਿੱਤੀ ਗਈ ਸੀ, ਕਿਉਂਕਿ ਮੋਦੀ ਸਰਕਾਰ ਨੇ ਜਦੋਂ ਤਿੰਨ ਖੇਤੀ ਕਾਲੇ ਕਾਨੂੰਨ ਪਾਸ ਕੀਤੇ ਸੀ, ਉਸ ਸਮੇਂ ਹੀ 29 ਕਿਰਤ ਕਾਨੂੰਨਾਂ ਖਤਮ ਕਰਕੇ 4 ਲੇਬਰ ਕੋਡਾਂ ਵਿੱਚ ਬਦਲ ਦਿੱਤਾ ਗਿਆ ਸੀ, ਕੰਮ ਦਿਹਾੜੀ ਸਮਾਂ 8 ਘੰਟੇ ਤੋਂ 12 ਘੰਟੇ ਕਰਨ ਦਾ ਕਾਨੂੰਨ ਬਣਾ ਦਿੱਤਾ ਸੀ, ਜੋ 1 ਅਪ੍ਰੈਲ 2025 ਤੋਂ ਲਾਗੂ ਕਰਨਾ ਸੀ, ਜਿਸ ਕਾਰਨ 10 ਕੇਂਦਰੀ ਟਰੇਡ ਯੂਨੀਅਨਾਂ ਨੇ 20 ਮਈ ਦੀ ਹੜਤਾਲ ਦਾ ਸੱਦਾ ਦਿੱਤਾ, ਜਿਸ ਦੇ ਦਬਾਅ ਕਾਰਨ 1 ਅਪ੍ਰੈਲ 25 ਤੋਂ 12 ਘੰਟੇ ਦਿਹਾੜੀ ਲਾਗੂ ਨਹੀਂ ਕੀਤੀ ਸੀ, ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਜਾ ਰਹੀ, ਲੱਖਾਂ ਖਾਲੀ ਅਸਾਮੀਂ 'ਤੇ ਰੈਗੂਲਰ ਭਰਤੀ ਕਰਨ ਦੀ ਬਜਾਏ ਠੇਕਾ ਤੇ ਆਊਟ ਸੋਰਸ ਪ੍ਰਣਾਲੀ ਨੂੰ ਜੰਗੀ ਪੱਧਰ 'ਤੇ ਲਾਗੂ ਕੀਤਾ ਜਾ ਰਿਹਾ, ਸਕੀਮ ਵਰਕਰਾਂ ਦਾ ਆਰਥਿਕ ਸ਼ੋਸ਼ਣ ਜਾਰੀ ਹੈ, ਪੰਜਾਬ ਦੀ ਆਮ ਆਦਮੀਂ ਪਾਰਟੀ ਦੀ ਸਰਕਾਰ ਨੇ 18 ਮਈ 25 ਨੂੰ ਲੁਧਿਆਣਾ ਦੀ ਜ਼ਿਮਨੀ ਚੋਣ ਵਿੱਚ ਸੌਪ ਐਕਟ ਖਤਮ ਕਰਕੇ 12 ਘੰਟੇ ਦਿਹਾੜੀ ਤੇ ਹਫਤੇ ਵਿੱਚ 144 ਘੰਟੇ ਓਵਰ ਟਾਇਮ ਲਾਗੂ ਕਰ ਦਿੱਤਾ ਸੀ, ਪੰਜਾਬ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ, ਇਸ ਕਰਕੇ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਦੀ ਕਾਮਯਾਬੀ ਲਈ ਪੂਰੀ ਤਾਕਤ ਲਾਈ ਜਾਵੇਗੀ ਅਤੇ ਡੀ ਸੀ ਦਫਤਰ ਮਾਲੇਰਕੋਟਲਾ ਵਿਖੇ ਵੱਡੀ ਰੈਲੀ ਕੀਤੀ ਜਾਵੇਗੀ। ਰੈਲੀ ਵਿੱਚ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਚਰਨ ਭੱਟੀਆਂ, ਜੀਤ ਬਿੰਝੋਕੀ, ਅਲੀ ਮਹੰਮਦ ਮੁਲਾਜ਼ਮ ਆਗੂ, ਹਾਜੀ ਮੁਹੰਮਦ ਰਮਜਾਨ, ਅਮਰਜੀਤ ਸਿੰਘ ਸੰਗਾਲਾ, ਜਤਿੰਦਰ ਗੁਪਤਾ, ਬਲਜੀਤ ਸਿੰਘ ਖੁਰਦ, ਸੁਖਦੇਵ ਸਿੰਘ ਖੁਰਦ, ਮਹੰਮਦ ਸਤਾਰ ਆਦਿ ਹਾਜ਼ਰ ਸਨ।

## 2027 'ਚ ਕਾਂਗਰਸ ਪੂਰੀ ਇਕਜੁੱਟਤਾ ਨਾਲ ਚੋਣ ਲੜੇਗੀ : ਰਾਜਿੰਦਰ ਸਿੰਘ

**ਪਟਿਆਲਾ (ਥਿੰਦ)**-ਸੂਬੇ ਅੰਦਰ ਕਾਂਗਰਸ ਪਾਰਟੀ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੂਬੇ ਅੰਦਰ ਕਾਂਗਰਸ ਪਾਰਟੀ ਇਕਜੁੱਟਤਾ ਨਾਲ ਚੋਣਾਂ ਲੜੇਗੀ ਤਾਂ ਜੋ ਪੰਜਾਬ ਅੰਦਰ ਮੁੜ ਤੋਂ ਕਾਂਗਰਸ ਪਾਰਟੀ ਦੀ ਸਰਕਾਰ ਬਣਾਈ ਜਾ ਸਕੇ।ਇਹ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਤੇ ਸਮਾਣਾ ਹਲਕੇ ਦੇ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਲੁਧਿਆਣਾ ਚੋਣਾਂ ਤੋਂ ਬਾਅਦ ਸਾਰੇ ਕਾਂਗਰਸੀ ਆਗੂਆਂ ਵੱਲੋਂ ਵੱਖ-ਵੱਖ ਚੋਣ ਪ੍ਰਚਾਰ ਕੀਤੇ ਜਾਣ ਕਾਰਨ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਨਹੀਂ ਤਾਂ ਲੋਕਾਂ ਦਾ ਰੁਝਾਨ ਕਾਂਗਰਸ ਵੱਲ ਝੁਕਦਾ ਦਿਖਾਈ ਦੇ ਰਿਹਾ ਸੀ।



ਰਾਜਿੰਦਰ ਸਿੰਘ ਨੇ ਕਿਹਾ ਕਿ ਹੁਣ ਜਲਦ ਹੀ ਸੂਬਾ ਪੱਧਰ 'ਤੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ, ਜਿਸ 'ਚ ਸੂਬਾ ਪੱਧਰ 'ਤੇ ਸਮੁੱਚੇ ਆਗੂ ਇਕ ਮੰਚ ਤੋਂ ਵਰਕਰਾਂ ਤੇ ਜਨਤਾ ਨੂੰ ਸੰਬੋਧਨ ਕਰ ਕੇ ਮੌਜੂਦਾ ਭਗਵੰਤ ਮਾਨ ਸਰਕਾਰ ਖਿਲਾਫ ਲਾਮਬੰਦ ਕਰਨਗੇ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਅੰਦਰ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ, ਜਿਸ ਪ੍ਰਕਾਰ ਸਰਕਾਰ ਦੇ ਸਾਰੇ ਮੰਤਰੀ, ਆਗੂ ਤੇ ਇਥੋਂ ਤੱਕ ਕਿ ਸਰਕਾਰੀ ਅਫਸਰਾਂ ਨੇ ਵੀ ਚੋਣ 'ਚ ਇਕ ਵਰਕਰ ਵਾਂਗ ਕੰਮ ਕੀਤਾ ਤਾਂ ਇਹ ਚੋਣ ਲੁੱਟਣ ਲਈ ਹਰ ਹੀਲਾ ਵਰਤਿਆ ਗਿਆ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਵੀ ਸਾਡੀ ਸੁਣਵਾਈ ਘੱਟ ਕੀਤੀ ਹੈ, ਇਹ ਵੀ ਇਕ ਤਰ੍ਹਾਂ ਦਾ ਸੱਤਾਧਾਰੀ ਪਾਰਟੀ ਦਾ ਪੱਖ ਪੂਰਨ ਵਾਲੀ ਗੱਲ ਹੀ ਹੁੰਦੀ ਹੈ। ਇਸ ਮੌਕੇ ਕਾਂਗਰਸੀ ਆਗੂ ਡਾ. ਰਾਜ ਕੁਮਾਰ ਡਕਾਲਾ, ਨਾਇਬ ਸਿੰਘ ਭਾਨਰੀ, ਨੰਬਰਦਾਰ ਗੁਰਪ੍ਰੀਤ ਡਕਾਲਾ ਹਾਜ਼ਰ ਸਨ।

## ਸੁਪਰੀਮ ਕੋਰਟ 'ਚ ਐੱਸ ਸੀ/ਐੱਸ ਟੀ ਕਰਮਚਾਰੀਆਂ ਲਈ ਰਾਖਵਾਂਕਰਨ ਲਾਗੂ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਮਾਨਯੋਗ ਸੁਪਰੀਮ ਕੋਰਟ 'ਚ ਕੰਮ ਕਰਦੇ ਐਸ.ਸੀ./ਐਸ.ਟੀ. ਕ੍ਰਮਚਾਰੀਆਂ ਲਈ ਨਿਯੁਕਤੀਆਂ ਤੇ ਪ੍ਰਮੋਸ਼ਨਾਂ ਵਿੱਚ ਰਾਖਵਾਂਕਰਨ ਲਾਗੂ ਕਰ ਦਿੱਤਾ ਗਿਆ ਹੈ। ਮਾਨਯੋਗ ਸੁਪਰੀਮ ਕੋਰਟ ਦੇ ਮੌਜੂਦਾ ਚੀਫ਼ ਜਸਟਿਸ ਬੀ.ਆਰ. ਗਵਈ ਨੇ ਇਸ ਸਬੰਧੀ ਹਿਦਾਇਤਾਂ ਜਾਰੀ ਕਰ ਦਿੱਤੀਆਂ ਹਨ। ਇਨ੍ਹਾਂ ਹਦਾਇਤਾਂ ਅਨੁਸਾਰ ਸੁਪਰੀਮ ਕੋਰਟ ਵਿੱਚ ਐਸ.ਸੀ. ਕ੍ਰਮਚਾਰੀਆਂ ਲਈ 15 ਪ੍ਰਤੀਸ਼ਤ ਤੇ ਐਸ.ਟੀ. ਕ੍ਰਮਚਾਰੀਆਂ ਲਈ 7.5 ਪ੍ਰਤੀਸ਼ਤ ਰਾਖਵਾਂਕਰਨ ਲਾਗੂ ਕੀਤਾ ਗਿਆ ਹੈ। ਇਹ ਰਾਖਵਾਂਕਰਨ ਪਿਛਲੇ ਮਹੀਨੇ ਦੀ 23 ਜੂਨ ਤੋਂ ਲਾਗੂ ਕੀਤਾ ਜਾਵੇਗਾ। ਇਸ ਸਬੰਧੀ ਬਕਾਇਦਾ ਤੌਰ 'ਤੇ ਮਾਨਯੋਗ ਸੁਪਰੀਮ ਕੋਰਟ ਦੇ ਰਜਿਸਟਰਾਰ ਤੇ ਹੋਰਨਾਂ ਸਬੰਧਤ ਅਧਿਕਾਰੀਆਂ ਨੂੰ ਉਕਤ ਹਿਦਾਇਤਾਂ ਦੀ ਪਾਲਣਾ ਹਿੱਤ ਪੱਤਰ ਜਾਰੀ ਕਰ ਦਿੱਤਾ ਹੈ। ਐਲ.ਬੀ.ਸੀ.ਟੀ. ਦੀ ਵਿਸ਼ੇਸ਼ ਮੀਟਿੰਗ ਜੈਸਮੀਨ ਹੋਟਲ ਵਿਖੇ ਆਯੋਜਤ ਕੀਤੀ ਗਈ। ਲਾਰਡ ਬੁੱਧਾ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ (ਸੇਵਾ ਮੁਕਤ ਬੈਂਕ ਮੈਨੇਜਰ) ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਟਰੱਸਟ ਦੇ ਬਾਨੀ ਚੇਅਰਮੈਨ ਤੇ ਆਲ ਇੰਡੀਆ ਐਸ.ਸੀ./ਬੀ.ਸੀ./ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਮੁਕਤਸਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਟਰੱਸਟ ਦੇ ਜ਼ਿਲ੍ਹਾ ਚੇਅਰਮੈਨ ਪ੍ਰਿੰ. ਕ੍ਰਿਸ਼ਨ ਲਾਲ (ਸੇਵਾਮੁਕਤ ਪ੍ਰਿੰਸੀਪਲ), ਚੀਫ ਪੈਟਰਨ ਹੀਰਾਵਤੀ (ਸੇਵਾਮੁਕਤ ਨਾਇਬ ਤਹਿਸੀਲਦਾਰ), ਸ੍ਰੀ ਕ੍ਰਿਸ਼ਨ (ਸੇਵਾਮੁਕਤ ਆਰ.ਏ.), ਮਨਜੀਤ ਕੁਮਾਰ ਖਿੱਚੀ (ਯੂਨੀਕ ਬਨਾਉਟੀ ਅੰਗ ਸੈਂਟਰ ਦੇ ਸੰਚਾਲਕ) ਤੋਂ ਇਲਾਵਾ ਪਰਵੰਤਾ ਦੇਵੀ (ਸਾਬਕਾ ਸਰਕਲ ਸੁਪਰਡੈਂਟ), ਮੈਡਮ ਦਰਸ਼ਨ ਤੇ ਮੈਡਮ ਪ੍ਰੇਮ ਲਤਾ ਅਤੇ ਗੁਲਨਾਜ ਭਾਰਤੀ ਆਦਿ ਮੌਜੂਦ ਸਨ। ਚੇਅਰਮੈਨ ਢੋਸੀਵਾਲ ਨੇ ਦੱਸਿਆ ਕਿ ਸੁਪਰੀਮ ਕੋਰਟ ਵਿੱਚ ਮੌਜੂਦਾ ਸਮੇਂ ਸੀਨੀਅਰ ਪਰਸਨਲ ਅਸਿਸਟੈਂਟ ਦੀਆਂ ਚੁਰਾਨਵੇਂ, ਅਸਿਸਟੈਂਟ ਲਾਈਬ੍ਰੇਰੀਅਨ ਦੀਆਂ ਵੀਹ, ਜੂਨੀਅਰ ਕੋਰਟ ਅਸਿਸਟੈਂਟ ਦੀਆਂ ਚਾਰ ਸੌ ਸੈਂਤੀ, ਜੂਨੀਅਰ ਕੋਰਟ ਅਟੈਂਡੇਂਟਸ ਦੀਆਂ ਛੇ ਸੌ ਤੇ ਚੈਂਬਰ ਅਟੈਂਡੇਂਟ ਦੀਆਂ ਇੱਕ ਸੌ ਪੰਜ ਪੋਸਟਾਂ ਸਮੇਤ ਕੁੱਲ ਬਾਰਾਂ ਸੌ ਛਪੰਜਾ ਦੇ ਕਰੀਬ ਪੋਸਟਾਂ ਮਨਜ਼ੂਰ ਹਨ।



ਇਨ੍ਹਾਂ ਪੋਸਟਾਂ ਵਿੱਚੋਂ ਰਾਖਵੇਂਕਰਨ ਦੀਆਂ ਉਕਤ ਹਦਾਇਤਾਂ ਅਨੁਸਾਰ 200 ਪੁਆਇੰਟ ਰੋਸਟਰ ਸਿਸਟਮ ਮੁਤਾਬਕ ਐਸ.ਸੀ./ਐਸ.ਟੀ. ਕ੍ਰਮਚਾਰੀਆਂ ਨੂੰ ਬਣਦਾ ਕੋਟਾ ਦਿੱਤਾ ਜਾਵੇਗਾ। ਸਮੂਹ ਬੁਲਾਰਿਆਂ ਨੇ ਕਿਹਾ ਕਿ ਚੀਫ਼ ਜਸਟਿਸ ਬੀ.ਆਰ. ਗਵਈ ਵੱਲੋਂ ਕੀਤੇ ਗਏ ਇਤਿਹਾਸਕ ਫੈਸਲੇ ਨਾਲ ਐਸ.ਸੀ./ਐਸ.ਟੀ. ਵਰਗ ਦੇ ਕ੍ਰਮਚਾਰੀਆਂ ਨੂੰ ਭਵਿੱਖ ਵਿੱਚ ਵੀ ਰਾਖਵੇਂਕਰਨ ਦਾ ਲਾਭ ਮਿਲਦਾ ਰਹੇਗਾ। ਮੀਟਿੰਗ ਦੌਰਾਨ ਲਾਰਡ ਬੁੱਧਾ ਟਰੱਸਟ ਦੇ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਉਕਤ ਰਾਖਵਾਂਕਰਨ ਲਾਗੂ ਕਰਨ ਲਈ ਮਾਨਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਬੀ.ਆਰ. ਗਵਈ ਦੇ ਉਕਤ ਫੈਸਲੇ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ ਹੈ।

## ਰੋਜ਼ਗਾਰ ਮੇਲਾ 9 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਬਿਊਰੋ ਆਫ਼ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 9 ਜੁਲਾਈ ਬੁੱਧਵਾਰ ਨੂੰ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਦਿਲਬਾਗ ਸਿੰਘ ਜ਼ਿਲ੍ਹਾ ਰੋਜ਼ਗਾਰ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਨੇ ਦੱਸਿਆ ਕਿ 9 ਜੁਲਾਈ 2025 ਨੂੰ ਸਕਿੱਲ ਡਿਵੈਲਪਮੈਂਟ ਸੈਂਟਰ, ਕਨਟੋਨਮੈਂਟ ਬੋਰਡ ਫਿਰੋਜ਼ਪੁਰ ਕੈਂਟ ਵੱਲੋਂ ਇੰਟਰਵਿਊ ਕੀਤੀ ਜਾਵੇਗੀ। ਇਸ ਸੰਸਥਾ ਵੱਲੋਂ ਟਰੇਨਰ ਟੇਲਰ, ਟਰੇਨਰ ਹੈਂਡ ਇੰਬੋਡਰਰ, ਟਰੇਨਰ ਡਾਟਾ ਐਂਟਰੀ ਉਪਰੇਟਰ ਤੇ ਟਰੇਨਰ ਅਸਿਸਟੈਂਟ ਬਿਊਟੀ ਥਰੈਪਿਸਟ ਲਈ ਇੰਟਰਵਿਊ ਕੀਤੀ ਜਾਵੇਗੀ। ਇਸ ਇੰਟਰਵਿਊ ਵਿੱਚ ਆਈ ਟੀ ਆਈ/ਬਾਰਵੀਂ/ਡਿਪਲੋਮਾ/ਗ੍ਰੈਜੂਏਸ਼ਨ/ਪਾਸ ਪ੍ਰਾਰਥੀ ਲੜਕੇ ਤੇ ਲੜਕੀਆਂ ਭਾਗ ਲੈ ਸਕਦੇ ਹਨ ਤੇ ਇੰਟਰਵਿਊ ਲਈ ਉਮਰ ਹੱਦ 18 ਤੋਂ 35 ਸਾਲ ਹੋਣੀ ਚਾਹੀਦੀ ਹੈ। ਇੰਟਰਵਿਊ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਆਪਣੀ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ, ਰੀਜ਼ਿਊਮ, ਆਧਾਰ ਕਾਰਡ, ਪੈਨ ਕਾਰਡ, ਤੇ ਉਨ੍ਹਾਂ ਦੀਆਂ ਫੋਟੋ ਕਾਪੀਆਂ ਨਾਲ ਲੈ ਕੇ ਆਉਣਾ ਲਾਜ਼ਮੀ ਹੋਵੇਗਾ। ਇਹ ਕੈਂਪ ਸਵੇਰੇ 10 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਫਿਰੋਜ਼ਪੁਰ ਦੇ ਆਈ ਬਲਾਕ, ਦੂਜੀ ਮੰਜ਼ਿਲ ਵਿਖੇ ਸਥਿਤ ਦਫ਼ਤਰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਫਿਰੋਜ਼ਪੁਰ ਵਿਖੇ ਲਗਾਇਆ ਜਾਵੇਗਾ।

## ਸਾਥੀ ਬਸ਼ੀਰ ਅਹਿਮਦ ਨੂੰ ਅਕਾਸ਼ ਗੁੰਜਾਊ ਨਾਹਰਿਆਂ ਨਾਲ ਅੰਤਿਮ ਵਿਦਾਇਗੀ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸਾਬਕਾ ਆਗੂ ਬਸ਼ੀਰ ਅਹਿਮਦ ਬੇਵਕਤੀ ਵਿਛੋੜਾ ਦੇ ਗਏ।ਸਾਥੀ ਬਸ਼ੀਰ ਅਹਿਮਦ ਦੇ ਵਿਛੋੜੇ ਨੂੰ ਉਸ ਦੇ ਸੰਗਰਾਮੀ ਸਾਥੀ ਦੇ ਰਾਹੀਆਂ ਨੇ ਵੱਡਾ ਘਾਟਾ ਕਰਾਰ ਦਿੱਤਾ। ਆਗੂ ਗੁਰਦੇਵ ਸਿੰਘ ਮਾਂਗੇਵਾਲ, ਟੀ ਐੱਸ ਯੂ ਦੇ ਆਗੂ ਮਨਦੀਪ ਸਿੰਘ ਕੁਰੜ, ਕੁਲਦੂ ਸਿੰਘ ਗੁੰਮਟੀ, ਭੋਲਾ ਸਿੰਘ ਗੁੰਮਟੀ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂਆਂ ਰਜਿੰਦਰ ਸਿੰਘ ਖਿਆਲੀ, ਸ਼ਿੰਗਾਰਾ ਸਿੰਘ ਕੁਰੜ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਮਜੀਦ ਖਾਂ ਨੇ ਲੋਕ ਪੱਖੀ ਘੋਲਾਂ ਵਿੱਚ ਪਾਏ ਅਹਿਮ ਯੋਗਦਾਨ ਨੂੰ ਯਾਦ ਕੀਤਾ। ਟੀਐੱਸਯੂ ਸਰਕਲ ਬਰਨਾਲਾ ਦੇ ਆਗੂਆਂ ਦਰਸ਼ਨ ਸਿੰਘ ਦਰੋਗਾ ਸਿੰਘ ਵਾਲਾ, ਕੁਲਵੀਰ ਸਿੰਘ ਔਲਖ ਨੇ ਕਿਹਾ ਕਿ ਬਸ਼ੀਰ ਅਹਿਮਦ ਨੇ ਜਥੇਬੰਦੀ ਨੂੰ ਮਜ਼ਬੂਤ ਕਰਨ 'ਚ ਚੇਤੰਨ ਭੂਮਿਕਾ ਨਿਭਾਈ।ਅਜਿਹੇ ਜ਼ਿੰਮੇਵਾਰਾਨਾ ਫਰਜ਼ ਵਿਰਲੇ ਹੀ ਨਿਭਾਉਂਦੇ ਹਨ।ਆਗੂਆਂ ਨੇ ਕਿਹਾ ਕਿ ਉਨ੍ਹਾਂ ਦੇ ਬੇਵਕਤੀ ਚਲੇ ਜਾਣ ਨਾਲ ਪ੍ਰੀਵਾਰ ਸਮੇਤ ਸਮਾਜ ਨੂੰ ਵੀ ਵੱਡਾ ਘਾਟਾ ਪਿਆ ਹੈ।ਇਸ ਮੌਕੇ ਸਾਥੀ ਬਸ਼ੀਰ ਅਹਿਮਦ ਨੂੰ ਅਕਾਸ਼ ਗੁੰਜਾਊ ਇਨਕਲਾਬੀ ਨਾਹਰਿਆਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ।ਇਸ ਸਮੇਂ ਨਿਰਮਲ ਸਿੰਘ ਕੁਰੜ, ਬਲਵੀਰ ਸਿੰਘ ਮਹਿਲ ਖੁਰਦ ਆਦਿ ਵੱਡੀ ਗਿਣਤੀ ਵਿੱਚ ਆਗੂ, ਵਰਕਰ ਹਾਜ਼ਰ ਸਨ।

## ਦੇਸ਼ ਭਗਤ ਯੂਨੀਵਰਸਿਟੀ ਨੇ ਸ਼ੋਭਿਤ ਯੂਨੀਵਰਸਿਟੀ ਗੰਗੋਹ ਨਾਲ ਕੀਤਾ ਸਮਝੌਤਾ

### ਆਯੁਰਵੇਦ, ਫਾਰਮੇਸੀ ਤੇ ਖੋਜ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਕੀਤਾ ਕਰਾਰ



ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਮੰਡੀ ਗੋਬਿੰਦਗੜ੍ਹ ਦੇ ਵਾਈਸ ਚਾਂਸਲਰ ਡਾ. ਜ਼ੋਰਾ ਸਿੰਘ ਦੀ ਦੂਰਦਰਸ਼ੀ ਅਗਵਾਈ ਹੇਠ ਯੂਨੀਵਰਸਿਟੀ ਨੇ ਸ਼ੋਭਿਤ ਯੂਨੀਵਰਸਿਟੀ ਗੰਗੋਹ (ਉੱਤਰ ਪ੍ਰਦੇਸ਼) ਦੇ ਵੱਖ-ਵੱਖ ਵਿਭਾਗਾਂ ਨਾਲ ਤਿੰਨ ਇਤਿਹਾਸਕ ਸਮਝੌਤਿਆਂ (ਐੱਮਓਯੂ) 'ਤੇ ਦਸਤਖ਼ਤ ਕੀਤੇ।ਇਹ ਸਮਝੌਤੇ ਆਯੁਰਵੇਦ, ਫਾਰਮੇਸੀ ਤੇ ਖੋਜ ਦੇ ਖੇਤਰ ਵਿੱਚ ਫੈਕਲਟੀ ਐਕਸਚੇਂਜ, ਸੰਯੁਕਤ ਖੋਜ ਤੇ ਅਕਾਦਮਿਕ ਸਹਿਯੋਗ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇੱਕ ਰਣਨੀਤਕ ਭਾਈਵਾਲੀ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ।ਇਹ ਸਮਝੌਤੇ ਸਹਿਯੋਗੀ ਖੋਜ ਪ੍ਰੋਜੈਕਟਾਂ, ਸਰੋਤ ਸਾਂਝੇਦਾਰੀ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਸੈਮੀਨਾਰਾਂ ਤੇ ਕਾਨਫਰੰਸਾਂ ਦੇ ਸੰਗਠਨ ਨੂੰ ਪੇਸ਼ ਕਰਨ ਦੀ ਸਹੂਲਤ ਪ੍ਰਦਾਨ ਕਰਨਗੇ।ਡੀਬੀਯੂ ਕੈਂਪਸ ਵਿੱਚ ਕਰਵਾਏ ਇੱਕ ਰਸਮੀ ਸਮਾਰੋਹ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਤੇ ਸ਼ੋਭਿਤ ਯੂਨੀਵਰਸਿਟੀ ਗੰਗੋਹ ਦੇ ਵਾਈਸ ਚਾਂਸਲਰ ਡਾ. ਰਣਜੀਤ ਸਿੰਘ ਨੇ ਸਮਝੌਤਿਆਂ ਉੱਪਰ ਦਸਤਖ਼ਤ ਕੀਤੇ।ਇਸ ਸਮਾਗਮ ਵਿੱਚ ਡੀ.ਬੀ.ਯੂ. ਦੇ ਸੀਨੀਅਰ ਅਕਾਦਮਿਕ ਤੇ ਪ੍ਰਸ਼ਾਸਕੀ ਆਗੂਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਡਾ. ਪਰਵੀਨ ਬਾਂਸਲ, ਡੀਨ, ਖੋਜ ਤੇ ਵਿਕਾਸ, ਸ੍ਰੀ ਸੁਰਿੰਦਰ ਕਪੂਰ ਰਜਿਸਟਰਾਰ, ਡਾ. ਕੁਲਭੂਸ਼ਣ ਡਾਇਰੈਕਟਰ ਆਯੁਰਵੇਦ, ਡਾ. ਪੂਜਾ ਗੁਲਾਟੀ ਡਾਇਰੈਕਟਰ ਫਾਰਮੇਸੀ ਅਤੇ ਡਾ. ਹਰਵਿੰਦਰ ਕੌਰ ਸਿੱਧੂ ਡੀਨ ਖੇਤੀਬਾੜੀ ਸ਼ਾਮਲ ਸਨ।ਇਸ ਮੌਕੇ ਬੋਲਦੇ ਹੋਏ ਡਾ. ਹਰਸ਼ ਸਦਾਵਰਤੀ ਨੇ ਰਵਾਇਤੀ ਤੇ ਆਧੁਨਿਕ ਸਿਹਤ ਸੰਭਾਲ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤੇ ਦੱਸਿਆ ਕਿ ਕਿਵੇਂ ਅਜਿਹੇ ਸਹਿਯੋਗ ਨਵੇਂ ਖੋਜ ਮੌਕੇ ਖੋਲ੍ਹਣ ਤੇ ਅਕਾਦਮਿਕ ਡਿਲੀਵਰੀ ਨੂੰ ਅਮੀਰ ਬਣਾਉਣ ਵਿੱਚ ਮਦਦ ਕਰਨਗੇ।ਡਾ. ਰਣਜੀਤ ਸਿੰਘ ਨੇ ਸਹਿਯੋਗ ਲਈ ਆਪਣਾ ਉਤਸ਼ਾਹ ਸਾਂਝਾ ਕੀਤਾ, ਭਾਰਤੀ ਮੈਡੀਕਲ ਪ੍ਰਣਾਲੀਆਂ ਤੇ ਫਾਰਮਾਸਿਊਟੀਕਲ ਵਿਗਿਆਨ ਵਿੱਚ ਉੱਤਮਤਾ ਨੂੰ ਉਤਸ਼ਾਹਤ ਕਰਨ ਲਈ ਦੋਵਾਂ ਯੂਨੀਵਰਸਿਟੀਆਂ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ।ਇਸ ਰਣਨੀਤਕ ਗੱਠਜੋੜ ਤੋਂ ਅਕਾਦਮਿਕ ਨਵੀਨਤਾ, ਵਿਦਿਆਰਥੀ ਸਸ਼ਕਤੀਕਰਨ ਤੇ ਪ੍ਰਭਾਵਸ਼ਾਲੀ ਖੋਜ ਲਈ ਨਵੇਂ ਰਸਤੇ ਬਣਾਉਣ ਦੀ ਉਮੀਦ ਹੈ।

## ਰੋਟਰੀ ਕਲੱਬ ਦੇ ਪ੍ਰਧਾਨ ਵੱਲੋਂ ਡਾਕਟਰਾਂ ਤੇ ਚਾਰਟਡ ਅਕਾਊਂਟੈਂਟਸ ਦਾ ਸਨਮਾਨ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਰੋਟਰੀ ਕਲੱਬ ਸੁਨਾਮ ਦੇ ਵਰ੍ਹਾ 2025-2026 ਦੇ ਕਾਰਜਕਾਲ ਦੀ ਸ਼ੁਰੂਆਤ ਉਤਸ਼ਾਹ ਤੇ ਸੇਵਾ ਭਾਵਨਾ ਨਾਲ ਹੋਈ, ਜਦ ਨਵ-ਨਿਯੁਕਤ ਪ੍ਰਧਾਨ ਸ੍ਰੀ ਜਗਦੀਪ ਭਾਰਦਵਾਜ ਨੇ ਰਸਮੀ ਤੌਰ 'ਤੇ ਆਪਣਾ ਪਦਭਾਰ ਸੰਭਾਲਿਆ।ਆਪਣੇ ਕਾਰਜਕਾਲ ਦੇ ਪਹਿਲੇ ਦਿਨ ਨੂੰ ਉਨ੍ਹਾਂ ਨੇ ਵਿਸ਼ੇਸ਼ ਮੌਕੇ ਵਜੋਂ ਮਨਾਇਆ ਤੇ ਕਲੱਬ ਦੇ ਡਾਕਟਰ ਮੈਂਬਰਾਂ ਨੂੰ 'ਡਾਕਟਰਜ਼ ਡੇ' ਮੌਕੇ ਸਨਮਾਨਤ ਕੀਤਾ, ਜਿਨ੍ਹਾਂ ਵਿੱਚ ਡਾ. ਵਿਜੇ ਗਰਗ, ਡਾ. ਰੋਹਿਤ ਗੁਪਤਾ, ਡਾ. ਹਰਦੀਪ ਬਾਵਾ, ਡਾ. ਸ਼ਿਵ ਜਿੰਦਲ, ਡਾ. ਬੀ. ਕੇ. ਗੋਇਲ, ਡਾ. ਪ੍ਰਸ਼ਾਂਤ ਵਸ਼ਿਸ਼ਟ ਤੇ ਡਾ. ਸਿਧਾਰਥ ਫੁੱਲ ਸ਼ਾਮਲ ਸਨ।ਇਸ ਦੇ ਨਾਲ ਹੀ 'ਚਾਰਟਡ ਅਕਾਊਂਟੈਂਟਸ ਡੇ' ਮੌਕੇ ਚਾਰਟਡ ਅਕਾਊਂਟੈਂਟਸ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿੱਚ ਸੀਏ ਰੋਹਿਤ ਗਰਗ, ਸੀਏ ਲਲਿਤ ਕਾਂਸਲ, ਸੀਏ ਭੁਵਨੇਸ਼ ਜੈਨ ਤੇ ਸੀਏ ਹਰਸ਼ ਜੈਨ ਸ਼ਾਮਲ ਸਨ।ਇਸ ਮੌਕੇ ਹੋਈ ਬੋਰਡ ਆਫ ਡਾਇਰੈਕਟਰਸ ਦੀ ਮੀਟਿੰਗ ਦੌਰਾਨ ਸ੍ਰੀ ਭਾਰਦਵਾਜ ਨੇ ਬੋਰਡ ਮੈਂਬਰਾਂ ਨਾਲ ਮੁਲਾਕਾਤ ਕੀਤੀ ਤੇ ਆਉਣ ਵਾਲੇ ਕੰਮਾਂ ਦੀ ਯੋਜਨਾ 'ਤੇ ਵਿਚਾਰ-ਚਰਚਾ ਕੀਤੀ।

ਜਨਰਲ ਹਾਊਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਗਦੀਪ ਭਾਰਦਵਾਜ ਨੇ ਆਪਣੇ ਕਾਰਜਕਾਲ ਦੀ ਦਿਸ਼ਾ ਤੇ ਦ੍ਰਿਸ਼ਟੀਕੋਣ ਸਾਫ ਕੀਤਾ।ਉਨ੍ਹਾਂ ਕਿਹਾ ਕਿ ਰੋਟਰੀ ਇੰਟਰਨੈਸ਼ਨਲ ਦੀ ਕਾਰਜਪ੍ਰਣਾਲੀ ਅਨੁਸਾਰ ਤੇ ਸਮਾਜ ਦੀ ਲੋੜ ਅਨੁਸਾਰ ਸੇਵਾ ਕਾਰਜਾਂ ਨੂੰ ਤਰਜੀਹ ਦਿੱਤੀ ਜਾਵੇਗੀ।ਉਨ੍ਹਾਂ ਦੇ ਪ੍ਰਧਾਨ ਬਣਨ ਦੇ ਸ਼ੁਭ ਅਰੰਭ 'ਤੇ ਰੋਟਰੀ ਕਲੱਬ ਦੇ ਸੀਨੀਅਰ ਮੈਂਬਰਾਂ ਨੇ ਉਨ੍ਹਾਂ ਨੂੰ ਵਧਾਈਆਂ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਸਾਬਕਾ ਪ੍ਰਧਾਨ (ਆਈ ਪੀ ਪੀ) ਦਵਿੰਦਰ ਪਾਲ ਸਿੰਘ ਰਿੰਪੀ ਵੱਲੋਂ ਪਿਛਲੇ ਕਾਰਜਕਾਲ ਵਿੱਚ ਕੀਤੇ ਗਏ ਕੰਮਾਂ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ ਵੀ ਸਨਮਾਨਤ ਕੀਤਾ।ਜਗਦੀਪ ਭਾਰਦਵਾਜ ਨੇ ਹਾਲ ਹੀ ਵਿੱਚ ਅਗਰਵਾਲ ਸਭਾ ਸੁਨਾਮ ਦੇ ਪ੍ਰਧਾਨ ਬਣੇ ਕਲੱਬ ਮੈਂਬਰ ਵਿਕਾਸ ਗਰਗ ਵਿੱਕੀ ਨੂੰ ਵੀ ਸਨਮਾਨਤ ਕੀਤਾ।ਇਸ ਮੀਟਿੰਗ ਵਿੱਚ ਜਗਦੀਪ ਭਾਰਦਵਾਜ ਦੇ ਨਾਲ-ਨਾਲ ਸਾਬਕਾ ਰੋਟਰੀ ਗਵਰਨਰ ਘਨਸ਼ਿਆਮ ਕਾਂਸਲ, ਵਿਜੇ ਮੋਹਨ, ਨਿਸ਼ਾਨ ਸਿੰਘ ਟੋਨੀ, ਚਰਨ ਦਾਸ ਗੋਇਲ, ਸੁਮਿਤ ਬੰਦਲਿਸ਼, ਪ੍ਰਭਾਤ ਜਿੰਦਲ, ਯਸ਼ਪਾਲ ਮੰਗਲਾ, ਐਡਵੋਕੇਟ ਪਰਵੀਨ ਜੈਨ, ਸੰਦੀਪ ਜੈਨ, ਸਤੀਸ਼ ਮਿਤਲ, ਸ਼ਿਵ ਜਿੰਦਲ, ਰਾਕੇਸ਼ ਸਿੰਗਲਾ, ਰਾਕੇਸ਼ ਜਿੰਦਲ, ਮਨਪ੍ਰੀਤ ਬੰਸਲ, ਅਮਨਦੀਪ ਸ਼ਰਮਾ, ਰੁਪਿੰਦਰ ਸੱਗੂ, ਅਸ਼ੋਕ ਗੋਇਲ, ਰਾਜਨ ਸਿੰਗਲਾ, ਅਨੂਪ ਗੋਇਲ, ਸੰਦੀਪ ਦੀਪਾ, ਸੰਜੇ ਬੰਦਲਿਸ਼ ਤੇ ਵਨੀਤ ਗਰਗ ਆਦਿ ਹਾਜ਼ਰ ਸਨ।

## ਵਰਲਡ ਯੂਨੀਵਰਸਿਟੀ ਦੇ ਦੋ ਫੈਕਲਟੀ ਮੈਂਬਰਾਂ ਨੇ ਕੌਮਾਂਤਰੀ ਕਾਂਗਰਸ 'ਚ ਕੀਤੀ ਸ਼ਿਰਕਤ



ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਜੀਵ ਵਿਗਿਆਨ ਵਿਭਾਗ ਦੇ ਫੈਕਲਟੀ ਮੈਂਬਰ ਡਾ. ਚਰਨ ਕਮਲ ਸੇਖੋਂ ਤੇ ਡਾ. ਮੋਨਿਕਾ ਐਰੀ ਨੇ ਤੁਰਕੀ ਵਿੱਚ ਆਯੋਜਿਤ 10ਵੇਂ ਅੰਤਰਰਾਸ਼ਟਰੀ ਖੇਤੀਬਾੜੀ ਤੇ ਪਸ਼ੂ ਵਿਗਿਆਨ ਕਾਂਗਰਸ ਵਿੱਚ ਹਿੱਸਾ ਲਿਆ।ਕਾਂਗਰਸ ਦਾ ਵਿਸ਼ਾ 'ਖੇਤੀਬਾੜੀ ਤੇ ਪਸ਼ੂ ਵਿਗਿਆਨ ਦੇ ਖੇਤਰਾਂ ਵਿੱਚ ਮੌਜੂਦਾ ਵਿਕਾਸ 'ਤੇ ਵਿਚਾਰ-ਵਟਾਂਦਰਾ ਕਰਨ ਲਈ ਵੱਖ-ਵੱਖ ਦੇਸ਼ਾਂ ਤੋਂ ਵਿਦਵਾਨਾਂ ਨੇ ਖੋਜਕਰਤਾਵਾਂ ਨੇ ਸ਼ਿਰਕਤ ਕੀਤੀ। ਕੀਟ-ਪੇਥੋਜਨ ਦੇ ਪ੍ਰਬੰਧਨ ਵਿੱਚ ਮੁਹਾਰਤ ਤੇ 15 ਸਾਲਾਂ ਤੋਂ ਵੱਧ ਖੋਜ ਅਨੁਭਵੀ ਜੀਵ ਵਿਗਿਆਨ ਵਿਭਾਗ ਦੇ ਮੁਖੀ ਡਾ. ਚਰਨ ਕਮਲ ਸੇਖੋਂ ਨੇ 'ਭਾਰਤ ਦੇ ਠੰਢੇ ਹਿਮਾਲਿਅਨ ਖੇਤਰ ਵਿੱਚ ਨੇਕਟ੍ਰਿਡ ਕੀੜਿਆਂ ਦੀ ਵਿਭਿੰਨਤਾ, ਵੰਡ ਤੇ ਆਰਥਿਕ ਮਹੱਤਵ' ਵਿਸ਼ੇ 'ਤੇ ਖੋਜ ਪਰਚਾ ਪੇਸ਼ ਕੀਤਾ।ਉਨ੍ਹਾਂ ਦੀ ਪੇਸ਼ਕਾਰੀ ਹਿਮਾਲਿਅਨ ਤਲਹਟੀਆਂ ਵਿੱਚ ਨੇਕਟ੍ਰਿਡ ਪਤੰਗਿਆਂ ਦੇ ਵਾਤਾਵਰਣ ਤੇ ਖੇਤੀਬਾੜੀ ਪ੍ਰਭਾਵ 'ਤੇ ਕੇਂਦ੍ਰਿਤ ਸੀ। ਉਨ੍ਹਾਂ ਪ੍ਰਭਾਵਸ਼ਾਲੀ ਕੀਟ ਪ੍ਰਬੰਧਨ ਰਣਨੀਤੀਆਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਮੋਨਿਕਾ ਏਰੀ, ਜਿਨ੍ਹਾਂ ਕੋਲ ਕੀਟ-ਮਾਈਕ੍ਰੋਬ ਦੇ ਬਾਇਓਕੰਟਰੋਲ ਵਿੱਚ ਲਗਭਗ 17 ਸਾਲਾਂ ਦਾ ਖੋਜ ਤਜਰਬਾ ਹੈ, ਨੇ ਸਟੋਰਡ ਅਨਾਜ ਕੀਟ ਕੈਲੋਸੋਬਰੁਚਸ ਮੈਕੁਲੇਟਸ ਦੇ ਅੰਡੇ ਦੇ ਪਰਜੀਵੀ, ਜੀਨਸ ਉਸਕਾਨਾ ਦੀ ਮੌਜੂਦਾ ਸਥਿਤੀ ਅਤੇ ਇਸਦੀ ਬਾਇਓਕੰਟਰੋਲ ਸੰਭਾਵਨਾ 'ਤੇ ਇੱਕ ਸਮੀਖਿਆ ਪੇਪਰ ਪੇਸ਼ ਕੀਤਾ।ਅੰਤਰਰਾਸ਼ਟਰੀ ਸਮਾਗਮ ਵਿੱਚ ਦੋਵਾਂ ਫੈਕਲਟੀ ਮੈਂਬਰਾਂ ਦੀ ਭਾਗੀਦਾਰੀ ਦੀ ਆਯੋਜਕਾਂ ਵੱਲੋਂ ਸ਼ਲਾਘਾ ਕੀਤੀ ਗਈ।

## ਭਾਰਤ 'ਚ ਪੱਤਰਕਾਰਾਂ ਦੀ ਦਸ਼ਾ-ਦਿਸ਼ਾ ਤੇ ਸੁਰੱਖਿਆ ਚਿੰਤਾਜਨਕ : ਸਿੰਧਵਾਨੀ, ਚੌਧਰੀ



ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਭਾਰਤ ਵਿੱਚ ਪੱਤਰਕਾਰਾਂ ਦੀ ਦਿਨੋਂ-ਦਿਨ ਖਰਾਬ ਹੋ ਰਹੀ ਦਸ਼ਾ, ਉਨ੍ਹਾਂ ਦੀ ਘਟਦੀ ਸੁਰੱਖਿਆ ਤੇ ਸਰਕਾਰੀ ਅਣਗੌਲ਼ੀ ਨੂੰ ਲੈ ਕੇ ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਨੇ ਗੰਭੀਰ ਚਿੰਤਾ ਜਤਾਈ ਹੈ।ਸੰਸਥਾ ਦੇ ਚੇਅਰਮੈਨ ਵਿਵੇਕ ਸਿੰਧਵਾਨੀ ਤੇ ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਦੇਸ਼ ਦੇ ਚੌਥੇ ਸਤੰਭ ਦੇ ਰੂਪ ਵਿੱਚ ਮੰਨੇ ਜਾਂਦੇ ਪੱਤਰਕਾਰ ਅੱਜ ਆਪਣੇ ਅਸਲੀ ਹੱਕਾਂ ਤੋਂ ਵਾਂਝੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਸਾਲਾਂ ਵਿੱਚ ਪੱਤਰਕਾਰਾਂ ਉੱਤੇ ਹੋਣ ਵਾਲੇ ਹਮਲਿਆਂ, ਝੂਠੇ ਮੁਕੱਦਮਿਆਂ ਤੇ ਧਮਕੀਆਂ ਵਿੱਚ ਵਾਧਾ ਹੋਇਆ ਹੈ। ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਸੈਂਕੜੇ ਪੱਤਰਕਾਰ ਬਿਨਾਂ ਕਿਸੇ ਸੁਰੱਖਿਆ ਜਾਂ ਸਰਕਾਰੀ ਮਾਨਤਾ ਦੇ ਕੰਮ ਕਰ ਰਹੇ ਹਨ।ਕਈਆਂ ਨੂੰ ਤਾਂ ਆਪਣੀ ਰਿਪੋਰਟਿੰਗ ਦੇ ਕਾਰਨ ਨੌਕਰੀ ਤੋਂ ਵੀ ਹੱਥ ਧੋਣਾ ਪਿਆ। ਚੇਅਰਮੈਨ ਵਿਵੇਕ ਸਿੰਧਵਾਨੀ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਰਾਸ਼ਟਰੀ ਪੱਤਰਕਾਰ ਸੁਰੱਖਿਆ ਕਾਨੂੰਨ ਲਾਗੂ ਕਰੇ ਤੇ ਹਰੇਕ ਰਾਜ ਵਿੱਚ ਜ਼ਿਲ੍ਹਾ ਪੱਧਰ 'ਤੇ ਮੀਡੀਆ ਭਲਾਈ ਤੇ ਸੁਝਾਅ ਬੋਰਡ ਬਣਾਇਆ ਜਾਵੇ, ਤਾਂ ਜੋ ਪੱਤਰਕਾਰਾਂ ਦੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਦਾ ਸੁਣਵਾਈਯੋਗ ਨਿਪਟਾਰਾ ਹੋ ਸਕੇ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਲਈ ਹਲਾਤ ਇੰਨੇ ਵਿਗੜ ਚੁੱਕੇ ਹਨ ਕਿ ਆਮ ਪੱਤਰਕਾਰ ਆਪਣੀ ਜ਼ਿੰਦਗੀ ਦੇ ਖਰਚੇ ਵੀ ਬੜੀ ਮੁਸ਼ਕਲ ਨਾਲ ਚਲਾ ਰਹੇ ਹਨ।ਇਸ ਦੇ ਹੱਲ ਵਜੋਂ ਸਰਕਾਰ ਨੂੰ ਚਾਹੀਦਾ ਹੈ ਕਿ ਮੀਡੀਆ ਕਰਮਚਾਰੀਆਂ ਲਈ ਵਿਸ਼ੇਸ਼ ਪੈਨਸ਼ਨ ਯੋਜਨਾ, ਸਿਹਤ ਬੀਮਾ ਤੇ ਆਵਾਸ ਸਕੀਮ ਲਾਗੂ ਕਰੇ।ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਨੇ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਜਲਦੀ ਪੱਤਰਕਾਰਾਂ ਦੀਆਂ ਮੰਗਾਂ 'ਤੇ ਧਿਆਨ ਨਾ ਦਿੱਤਾ ਤਾਂ ਰਾਸ਼ਟਰੀ ਪੱਧਰ 'ਤੇ ਅੰਦੋਲਨ ਚਲਾਇਆ ਜਾਵੇਗਾ।ਸੰਸਥਾ ਨੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸੂਬਾਈ ਰਾਜਪਾਲਾਂ ਨੂੰ ਵੀ ਮਿਲਣ ਦੀ ਮੰਗ ਕੀਤੀ ਹੈ, ਤਾਂ ਜੋ ਪੱਤਰਕਾਰਾਂ ਦੀ ਆਵਾਜ਼ ਸਿੱਧੀ ਸਰਕਾਰ ਤੱਕ ਪਹੁੰਚ ਸਕੇ।

## ਡੀ ਸੀ ਵੱਲੋਂ ਮਹਿਲ ਕਲਾਂ ਦੇ ਸਰਕਾਰੀ ਦਫਤਰਾਂ ਦੌਰਾ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ. ਬੈਨਿਥ ਨੇ ਸ਼ੁੱਕਰਵਾਰ ਮਹਿਲ ਕਲਾਂ ਦੇ ਸਰਕਾਰੀ ਦਫਤਰਾਂ ਦਾ ਅਚਾਨਕ ਦੌਰਾ ਕੀਤਾ।ਉਨ੍ਹਾਂ ਇਸ ਦੌਰਾਨ ਦਫਤਰਾਂ ਵਿੱਚ ਚੱਲ ਰਹੇ ਪ੍ਰਬੰਧਾਂ, ਆਨਲਾਈਨ ਸੇਵਾਵਾਂ ਤੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ।ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਸੂਬਾ ਸਰਕਾਰ ਦੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਬਰਨਾਲਾ ਦੇ ਸਰਕਾਰੀ ਦਫਤਰਾਂ ਵਿੱਚ ਚੱਲ ਰਹੇ ਪ੍ਰਬੰਧਾਂ, ਆਨਲਾਈਨ ਸੇਵਾਵਾਂ ਤੇ ਪਿੰਡਾਂ ਦੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ।ਉਨ੍ਹਾਂ ਐੱਸ.ਡੀ.ਐੱਮ. ਦਫਤਰ, ਤਹਿਸੀਲ ਤੇ ਫਰਦ ਕੇਂਦਰ ਦੇ ਕੰਮ ਤੇ ਪ੍ਰਬੰਧਾਂ 'ਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਕਿ ਦਫਤਰਾਂ 'ਚ ਆਮ ਲੋਕਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਮੁਕੰਮਲ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ, ਇਸ 'ਚ ਕਿਸੇ ਕਿਸਮ ਦੀ ਕੁਤਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮੌਕੇ ਏ ਡੀ ਸੀ ਸਤਵੰਤ ਸਿੰਘ, ਨਾਇਬ ਤਹਿਸੀਲਦਾਰ ਪਵਨ ਕੁਮਾਰ, ਹਰਵਿੰਦਰ ਸਿੰਘ ਕੁਤਬਾ, ਆਰ ਸੀ ਦੀਪਕ ਗੋਇਲ, ਗੌਰਵ ਕੁਮਾਰ, ਗੁਰਮੀਤ ਕੌਰ, ਰਮਨਪ੍ਰੀਤ ਸ਼ਰਮਾ, ਗੁਰਬਖ਼ਸ਼ ਸਿੰਘ ਵਾਲੀਆ ਆਦਿ ਹਾਜ਼ਰ ਸਨ।

## ਡਾਇਟ ਵਿਖੇ ਸਰੀਰਕ ਤੇ ਮਾਨਸਿਕ ਫਿਟਨੈੱਸ ਨੂੰ ਸਮਰਪਤ ਵਰਕਸ਼ਾਪ



ਨਾਭਾ (ਵਰਿੰਦਰ ਵਰਮਾ)-ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ (ਡਾਇਟ) ਨਾਭਾ ਵਿਖੇ ਪ੍ਰਿੰਸੀਪਲ ਸ੍ਰੀ ਸੰਦੀਪ ਨਾਗਰ ਦੀ ਅਗਵਾਈ ਹੇਠ ਅਧਿਆਪਨ ਕਿੱਤੇ ਲਈ ਸਰੀਰਕ ਤੇ ਮਾਨਸਿਕ ਫਿਟਨੈੱਸ (ਤੰਦਰੁਸਤੀ) ਨੂੰ ਸਮਰਪਤ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ।ਇਸ ਇੱਕ ਰੋਜ਼ਾ ਫਿਟਨੈੱਸ ਵਰਕਸ਼ਾਪ ਵਿੱਚ ਡਾਇਟ ਦੇ ਸਮੂਹ ਸਟਾਫ ਲੈਕਚਰਾਰ ਡਾਕਟਰ ਅਜੀਤ ਸਿੰਘ, ਯਾਦਵਿੰਦਰ ਕੁਮਾਰ, ਰਵਿੰਦਰ ਕੁਮਾਰ ਸ਼ਰਮਾ, ਮੈਡਮ ਮੋਨਿਕਾ ਤੇ ਟੀਚਿੰਗ ਸਟਾਫ ਮੈਡਮ ਸੋਨੀਆ ਧੀਰ, ਮੈਡਮ ਪ੍ਰੀਤੀ ਤੇ ਮੈਡਮ ਜਸਪ੍ਰੀਤ ਕੌਰ ਅਤੇ ਸੰਸਥਾ ਵਿੱਚ ਪੜ੍ਹਾਈ ਕਰ ਰਹੇ ਡੀ ਐੱਲ ਐੱਡ ਦੇ ਸਮੂਹ ਵਿਦਿਆਰਥੀਆਂ ਨੇ ਭਾਗ ਲਿਆ।ਇਸ ਵਰਕਸ਼ਾਪ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਪੋਰਟਸ ਸਾਇੰਸ ਵਿਭਾਗ ਦੇ ਅਸਿਸਟੈਂਟ ਪ੍ਰੋਫ਼ੈਸਰ ਹਰੀਸ਼ ਬਾਤਿਸ਼ ਮੁੱਖ ਵਕਤਾ ਦੇ ਤੌਰ 'ਤੇ ਸ਼ਾਮਲ ਹੋਏ ਅਤੇ ਉਨ੍ਹਾਂ ਵਿਦਿਆਰਥੀਆਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ।ਫਿਟਨੈੱਸ ਵਰਕਸ਼ਾਪ ਦਾ ਆਰੰਭ ਡਾਕਟਰ ਅਜੀਤ ਸਿੰਘ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਸਪੋਰਟਸ ਸਾਇੰਸ ਵਿਭਾਗ ਤੋਂ ਪ੍ਰੋਫ਼ੈਸਰ ਡਾ. ਹਰੀਸ਼ ਕੁਮਾਰ ਨੂੰ ਜੀ ਆਇਆਂ ਕਹਿੰਦੇ ਹੋਏ ਰੋਜ਼ਾਨਾ ਜੀਵਨ ਵਿੱਚ ਤੰਦਰੁਸਤੀ ਦੀ ਮਹੱਤਤਾ ਨੂੰ ਦੱਸ ਕੇ ਕੀਤਾ।ਵਰਕਸ਼ਾਪ ਦੌਰਾਨ ਡਾ. ਹਰੀਸ਼ ਬਾਤਿਸ਼ ਨੇ ਦੱਸਿਆ ਕਿ ਰੋਜ਼ਾਨਾ ਜੀਵਨ ਤੰਦਰੁਸਤੀ 'ਤੇ ਨਿਰਭਰ ਕਰਦਾ ਹੈ। ਵੱਡੀ ਉਮਰ ਜਾਂ ਢਲਦੀ ਉਮਰ ਆਪਣੇ ਆਪ ਵਿੱਚ ਕੋਈ ਰੋਗ ਨਹੀਂ, ਜੇਕਰ ਸਰੀਰ ਤੰਦਰੁਸਤ ਹੈ ਤਾਂ ਹੀ ਮਨੁੱਖ ਆਪਣੇ ਤੇ ਆਪਣੇ ਪਰਿਵਾਰ ਦੇ ਸੁਪਨਿਆਂ ਨੂੰ ਸਾਕਾਰ ਕਰ ਸਕਦਾ ਹੈ। ਵਰਕਸ਼ਾਪ ਦੌਰਾਨ ਸਰੀਰਕ ਤੰਦਰੁਸਤੀ ਦੇ ਲਈ ਪੀ.ਐੱਚ.ਵੈਲਿਊ ਦੀ ਮਹੱਤਤਾ 'ਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਡਾਕਟਰ ਹਰੀਸ਼ ਕੁਮਾਰ ਨੇ ਭਾਰਤ ਦੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਅੱਗੇ ਆਉਣ ਤੇ ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਪ੍ਰਿੰਸੀਪਲ ਸ੍ਰੀ ਸੰਦੀਪ ਨਾਗਰ ਨੇ ਪੰਜਾਬੀ ਯੂਨੀਵਰਸਿਟੀ ਸਪੋਰਟਸ ਸਾਇੰਸ ਵਿਭਾਗ ਦੇ ਪ੍ਰੋਫ਼ੈਸਰ ਡਾਕਟਰ ਹਰੀਸ਼ ਕੁਮਾਰ ਦਾ ਸੰਸਥਾ ਵੱਲੋਂ ਧੰਨਵਾਦ ਕੀਤਾ ਤੇ ਯਾਦਗਾਰੀ ਚਿੰਨ੍ਹ ਵੀ ਭੇਟ ਕੀਤਾ।

## ਵਿਧਾਇਕ ਬੱਗਾ ਵੱਲੋਂ ਗੁਰੂ ਅਰਜਨ ਦੇਵ ਨਗਰ 'ਚ ਸੜਕਾਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ



ਲੁਧਿਆਣਾ (ਰੈਕਟਰ ਕਥੂਰੀਆ)-ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 87 ਅਧੀਨ ਗੁਰੂ ਅਰਜਨ ਦੇਵ ਨਗਰ 'ਚ ਸੜਕਾਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ।ਕੌਂਸਲਰ ਅਮਨ ਬੱਗਾ, ਕੌਂਸਲਰ ਹਰਜਿੰਦਰ ਬਾਲੀ, ਜਸਪਾਲ ਸਿੰਘ ਬੌਨੀ, ਪ੍ਰਵੀਨ ਚਿਤਕਾਰਾ ਸਮੇਤ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਦਿਆਂ ਵਿਧਾਇਕ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਲੋਕਾਂ ਨੂੰ ਮਿਆਰੀ ਸਿੱਖਿਆ, ਸਿਹਤ ਸੇਵਾਵਾਂ ਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਠੋਸ ਉਪਰਾਲੇ ਅਮਲ ਵਿੱਚ ਲਿਆਂਦੇ ਗਏ ਹਨ।ਉਨ੍ਹਾਂ ਦੱਸਿਆ ਕਿ ਹਲਕੇ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਸਥਾਨਕ ਵਸਨੀਕਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਗੁਰੂ ਅਰਜਨ ਦੇਵ ਨਗਰ ਦੀਆਂ ਇਨ੍ਹਾਂ ਸੜਕਾਂ ਦੀ ਹਾਲਤ ਬੇਹੱਦ ਖਸਤਾ ਬਣੀ ਹੋਈ ਸੀ ਤੇ ਬਰਸਾਤੀ ਮੌਸਮ ਦੌਰਾਨ ਰਾਹਗੀਰਾਂ ਨੂੰ ਲੰਘਣਾ ਮੁਸ਼ਕਲ ਹੋ ਜਾਂਦਾ ਸੀ।ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਗਲੀਆਂ ਦੇ ਨਿਰਮਾਣ ਨਾਲ ਆਵਾਜਾਈ ਸੁਖਾਵੀਂ ਹੋਵੇਗੀ ਤੇ ਵਿਕਾਸ ਦਾ ਰਾਹ ਪੱਧਰਾ ਹੋਵੇਗਾ।ਇਲਾਕਾ ਨਿਵਾਸੀਆਂ ਨੇ ਵਿਧਾਇਕ ਮਦਨ ਲਾਲ ਬੱਗਾ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਕੇਂਦਰ ਸਰਕਾਰ ਸਿੱਖਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ : ਮਾਨ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਕੇਂਦਰ ਸਰਕਾਰ 'ਚ ਸਿੱਖਾਂ ਦੀ ਨੁਮਾਇੰਦਗੀ ਨਾ ਹੋਣ ਕਰਕੇ ਅੱਜ ਸਿੱਖਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ, ਜਿਸ ਦੇ ਨਤੀਜੇ ਭਵਿੱਖ 'ਚ ਘਾਤਕ ਸਾਬਿਤ ਹੋਣਗੇ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਸਾਬਕਾ ਮੈਂਬਰ ਪਾਰਲੀਮੈਂਟ ਨੇ ਯੂਥ ਆਗੂ ਸੁਖਵਿੰਦਰ ਸਿੰਘ ਪੱਪੂ ਮਹਿਲ ਕਲਾਂ ਦੇ ਰਿਸ਼ਤੇਦਾਰ ਗੁਰਮੇਲ ਸਿੰਘ ਜਲਵਾਣਾ ਦੀ ਬੇਵਕਤੀ ਮੌਤ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਉਪਰੰਤ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਅੰਦਰ ਹਿੰਦੂ, ਮੁਸਲਿਮ ਤੇ ਸਿੱਖ ਕੋਈ ਵੀ ਸੁਰੱਖਿਅਤ ਨਹੀਂ ਹੈ।ਹਿੰਦੂ ਉਦਯੋਗਪਤੀ ਪੰਜਾਬ ਛੱਡ ਕੇ ਹੋਰ ਸੂਬਿਆਂ ਨੂੰ ਜਾ ਰਹੇ ਹਨ। ਇਹ ਰੁਝਾਨ ਬਹੁਤ ਹੀ ਘਾਤਕ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਨਸ਼ਿਆਂ ਦਾ ਬੋਲ ਬਾਲਾ ਸਭ ਤੋਂ ਪਹਿਲਾਂ ਅਕਾਲੀ-ਭਾਜਪਾ ਦੇ ਕਾਰਜਕਾਲ ਵੇਲੇ ਹੋਇਆ।ਸਮੇਂ ਦੀ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਸਿਰਫ ਡਰਾਮੇਬਾਜ਼ੀ ਤੋਂ ਸਿਵਾਏ ਹੋਰ ਕੱਖ ਨਹੀਂ।ਹਰ ਰੋਜ਼ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਇਸ ਗੱਲ ਦਾ ਸਬੂਤ ਹਨ।ਉਨ੍ਹਾਂ ਇਕ ਸਵਾਲ ਦੇ ਜੁਆਬ 'ਚ ਕਿਹਾ ਕਿ ਪੰਜਾਬ ਸਰਕਾਰ ਦੀ ਸਾਢੇ ਤਿੰਨ ਸਾਲ ਦੀ ਕਾਰਗੁਜ਼ਾਰੀ ਪੂਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ।ਪਿੰਡਾਂ ਦੀਆਂ ਸੱਥਾਂ 'ਚੋਂ ਸਰਕਾਰ ਚਲਾਉਣ ਦੇ ਦਾਅਵੇ ਕਰਨ ਵਾਲੇ ਹੁਣ ਦਿੱਲੀ ਵਾਲਿਆਂ ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ।ਸ: ਮਾਨ ਨੇ ਕਿਹਾ ਕਿ ਜੇਕਰ ਭਾਰਤ ਚੀਨ ਨਾਲ ਵਪਾਰ ਕਰ ਸਕਦਾ, ਫਿਰ ਪਾਕਿਸਤਾਨ ਨਾਲ ਕਿਉਂ ਨਹੀ ? ਉਨ੍ਹਾਂ ਮੰਗ ਕੀਤੀ ਕਿ ਪਾਕਿਸਤਾਨ ਬਾਰਡਰ ਖੋਲ੍ਹਿਆ ਜਾਵੇ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਦਾ ਪੂਰਾ ਮੁੱਲ ਮਿਲ ਸਕੇ। ਇਕ ਸੁਆਲ ਦੇ ਜੁਆਬ ਵਿੱਚ ਸ: ਮਾਨ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਉਣ ਵਾਲੀਆਂ ਸਾਰੀਆਂ ਚੋਣਾਂ ਪੂਰੀ ਗਰਮਜੋਸ਼ੀ ਨਾਲ ਲੜੇਗਾ।ਉਨ੍ਹਾਂ ਪਾਰਟੀ ਵਰਕਰਾਂ, ਆਗੂਆਂ ਨੂੰ ਹੁਣੇ ਤੋਂ ਕਮਰਕੱਸੇ ਕੱਸ ਲੈਣ ਦਾ ਸੱਦਾ ਦਿੱਤਾ।ਇਸ ਮੌਕੇ ਸੀਨੀ: ਆਗੂ ਗੋਬਿੰਦ ਸਿੰਘ ਸੰਧੂ, ਹਲਕਾ ਇੰਚਾਰਜ ਗੁਰਜੰਟ ਸਿੰਘ ਕੱਟੂ, ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਮੰਡੇਰ, ਜਥੇ: ਬਲਦੇਵ ਸਿੰਘ ਗੰਗੋਹਰ, ਭਾਈ ਮਲਕੀਤ ਸਿੰਘ ਮਹਿਲ ਖੁਰਦ, ਮਹਿੰਦਰ ਸਿੰਘ ਸਹਿਜੜਾ ਜਥੇ: ਅਜਮੇਰ ਸਿੰਘ ਮਹਿਲ ਕਲਾਂ, ਅਵਤਾਰ ਸਿੰਘ ਨੰਬਰਦਾਰ, ਗੁਰਪ੍ਰੀਤ ਸਿੰਘ ਸਹਿਜੜਾ, ਬਲਵੰਤ ਸਿੰਘ ਸੋਢਾ, ਭਾਈ ਬਲੌਰ ਸਿੰਘ ਮਹਿਲ ਕਲਾਂ ਆਦਿ ਹਾਜ਼ਰ ਸਨ।

## ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੀ ਹੈ 'ਆਪ' ਸਰਕਾਰ : ਦੌਲਤਪੁਰ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਹਰਦੀਪ ਸਿੰਘ ਦੌਲਤਪੁਰ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਝੂਠੇ ਵਾਅਦਿਆਂ ਨਾਲ ਭਰਮਾਇਆ ਹੈ।ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਮੁਫ਼ਤ ਸੇਵਾਵਾਂ ਦੇ ਸੁਪਨੇ ਵਿਖਾ ਕੇ ਆਮ ਆਦਮੀ ਪਾਰਟੀ ਨੇ ਸਿਰਫ ਵੋਟਾਂ ਹਾਸਲ ਕੀਤੀਆਂ, ਪਰ ਹੁਣ ਜਨਤਾ ਨੂੰ ਇਸ ਦਾ ਕੋਈ ਲਾਭ ਨਹੀਂ ਮਿਲ ਰਿਹਾ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ 'ਚ ਵਿਕਾਸ ਦੀ ਥਾਂ ਕਰਜ਼ਿਆਂ ਦੀ ਲਾਈਨ ਲਗਾ ਰਹੀ ਹੈ।ਹਰ ਰੋਜ਼ ਨਵੇਂ ਕਰਜ਼ੇ ਲੈ ਕੇ ਪੰਜਾਬ ਦੀ ਆਉਣ ਵਾਲੀ ਪੀੜ੍ਹੀ 'ਤੇ ਭਾਰੀ ਬੋਝ ਪਾਇਆ ਜਾ ਰਿਹਾ ਹੈ।

ਕਿਸਾਨਾਂ ਦੀਆਂ ਮੁਸੀਬਤਾਂ ਜਿਉਂ ਦੀ ਤਿਉਂ ਹਨ ਤੇ ਕਿਸੇ ਵੀ ਵਾਅਦੇ 'ਤੇ ਅਮਲ ਨਹੀਂ ਹੋਇਆ।ਦੌਲਤਪੁਰ ਨੇ ਆਖਿਆ ਕਿ ਸਰਕਾਰ ਸਿਰਫ਼ ਵਿਗਿਆਪਨ ਤੇ ਇਵੈਂਟਬਾਜ਼ੀ 'ਤੇ ਧਿਆਨ ਕੇਂਦਰਤ ਕਰ ਰਹੀ ਹੈ, ਜਦਕਿ ਸਿੱਖਿਆ, ਸਿਹਤ, ਕਿਸਾਨੀ ਤੇ ਰੋਜ਼ਗਾਰ ਵਰਗੇ ਅਹਿਮ ਮਸਲੇ ਪਿੱਛੇ ਧੱਕੇ ਖਾ ਰਹੇ ਹਨ।ਉਨ੍ਹਾਂ ਮੰਗ ਕੀਤੀ ਕਿ ਲੋਕਾਂ ਨੂੰ ਧੋਖਾ ਦੇਣ ਵਾਲੀ ਸਰਕਾਰ ਨੂੰ ਜਨਤਾ ਖ਼ੁਦ ਸਬਕ ਸਿਖਾਵੇਗੀ।

## ਕਲੇਰ ਦੇ ਕੋਰ ਕਮੇਟੀ ਮੈਂਬਰ ਬਣਨ 'ਤੇ ਵਧਾਈਆਂ ਦਿੱਤੀਆਂ

ਜਗਰਾਓਂ (ਅਮਿਤ ਖੰਨਾ)-ਐੱਸ.ਆਰ.ਕਲੇਰ ਸਾਬਕਾ ਵਿਧਾਇਕ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਬਣਨ 'ਤੇ ਸਾਬਕਾ ਚੇਅਰਮੈਨ ਕਮਲਜੀਤ ਸਿੰਘ ਮੱਲ੍ਹਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਜਸਵੀਰ ਸਿੰਘ ਜੱਸੀ ਜਗਰਾਓਂ, ਪੰਚ ਬਲਜੀਤ ਸਿੰਘ ਨੇ ਮੂੰਹ ਮਿੱਠਾ ਕਰਾ ਕੇ ਵਧਾਈਆਂ ਦਿੱਤੀਆਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ।

### ਪਬਲਿਕ ਨੋਟਿਸ

ICICI Bank Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

**ਸੋਨਾ ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 15 ਜੁਲਾਈ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਸ਼ਾਮ 3.30 ਵਜੇ ਤੱਕ https://jewel-auction.procuretiger.com ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰਬਰ | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅੰਮ੍ਰਿਤਸਰ ਪੂਰਬੀ ਮੋਹਨ ਨਗਰ | |
| 189305001733 | ਮਧੂ ਬਾਲਾ |
| ਬਰਾਂਚ ਦਾ ਨਾਂਅ : ਲੁਧਿਆਣਾ ਫਾਇਰ ਸਟੇਸ਼ਨ | |

| ਕਰਜ਼ਾ ਖਾਤਾ ਨੰਬਰ | ਗਾਹਕ ਦਾ ਨਾਂਅ |
|---|---|
| 631905016514 | ਦਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਮਜੀਠਾ, ਪੰਜਾਬ | |
| 357005002659 | ਸੁਖਜੀਤ ਕੌਰ |
| ਬਰਾਂਚ ਦਾ ਨਾਂਅ : ਪਾਤੜਾਂ | |
| 283105004803 | ਸੁਖਦੇਵ ਰਾਮ |

ਮਿਤੀ : 05.07.2025 ਸਹੀ/-ਅਧਿਕਾਰਤ ਅਫਸਰ
ਸਥਾਨ : ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਿਟਿਡ

### ਉੱਤਰ ਰੇਲਵੇ

**ਨੋਟਿਸ**

ਉੱਤਰ ਰੇਲਵੇ ਫਿਰੋਜ਼ਪੁਰ ਮੰਡਲ ਵਿਚ ਹਾਸਪੀਟਲ ਵਿਜਿਟਿੰਗ ਵਿਸ਼ੇਸ਼ਗਣਾ ਦੀ ਨਿਯੁਕਤੀ ਦੇ ਲਈ ਨੋਟਿਸ

| ਲੜੀ ਨੰਬਰ | ਚਿਕਿਤਸਾਲਯ ਦਾ ਨਾਮ | ਹਾਸਪੀਟਲ ਵਿਜਿਟਿੰਗ ਵਿਸ਼ੇਸ਼ਗਣ | ਪਦਾਂ ਦੀ ਗਿਣਤੀ |
|---|---|---|---|
| 1 | ਮੰਡਲ ਚਿਕਿਤਸਾਲਯ ਫਿਰੋਜ਼ਪੁਰ | ਈ ਐਨ ਟੀ | 01 |
| | | ਨੇਤਰ ਰੋਗ | 01 |
| | | ਮਨੋਰੋਗ | 01 |
| 2 | ਉਪ ਮੰਡਲ ਚਿਕਿਤਸਾਲਯ ਅੰਮ੍ਰਿਤਸਰ | ਨੇਤਰ ਰੋਗ | 01 |
| | | ਫਿਜੀਸ਼ਿਯਨ | 01 |

ਨਿਯੁਕਤੀ ਨੂੰ ਨਿਯੰਤਰਣ ਕਰਨ ਵਾਲੇ ਪੂਰੇ ਨਿਯਮ ਅਤੇ ਸ਼ਰਤਾਂ ਮੁੱਖ ਚਿਕਿਤਸਾ ਸੁਪਰੀਡੈਂਟ ਦਫਤਰ, ਉੱਤਰ ਰੇਲਵੇ ਮੰਡਲ ਚਿਕਿਤਸਾਲਯ ਫਿਰੋਜ਼ਪੁਰ ਅਤੇ ਉੱਤਰ ਰੇਲਵੇ ਦੀ ਵੈਬਸਾਈਟ www.nr.indianrailway.gov.in ਉਤੇ ਉਪਲਬਧ।
ਇਛੁਕ ਡਾਕਟਰ ਅਪਣਾ ਪੇਸ਼ੇਬਰ ਅਨੁਭਵ/ਜਨਮ ਪ੍ਰਮਾਣ/ਯੋਗਤਾ ਪ੍ਰਮਾਣ ਪੱਤਰ, ਸੰਪਰਕ ਵੇਰਵੇ ਦੇ ਨਾਲ ਅਪਣਾ ਬਾਯੋ-ਡਾਟਾ ਮੁੱਖ ਚਿਕਿਤਸਾ ਸੁਪਰੀਡੈਂਟ ਦਫਤਰ, ਉੱਤਰ ਰੇਲਵੇ ਮੰਡਲ ਚਿਕਿਤਸਾਲਯ ਫਿਰੋਜ਼ਪੁਰ-152001 ਨੂੰ 31.07.2025 ਨੂੰ 13.00 ਵਜੇ ਤਕ ਜਮਾਂ ਕਰ ਸਕਦੇ ਹੈ।
ਨੰ: 40-ਮੇਡ/ਐਚ ਵੀ ਐਸ/2025 ਮਿਤੀ : 01.07.2025 2015/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### ਉੱਤਰ ਰੇਲਵੇ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ।:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-85 | 17/07/2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ): 11058/R1. |
| EAFZR-SLR25-86 | 18/07/2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ): 22480/F1 |
| EAFZR-SLR25-87 | 21/07/2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ): 14542/F1, 15212/F1, 19612/F1, 14680/F1, 14682/F1, 13006/F1, 14633/R1, 15015/F1, 20424/F1 & 14720/F1. |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2013/25

### ਉਤਰ ਰੇਲਵੇ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-13/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 25.07.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।
ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।
ਐਨ। ਆਈ। ਟੀ

| ਕੰਮ ਦਾ ਨਾਮ | ਡੀਐਸਟੀਈ/ਅੰਮ੍ਰਿਤਸਰ ਦੇ ਅਨੁਭਾਗਾਂ ਦੇ ਲਈ ਇਕ ਸਾਲ ਦੇ ਲਈ ਅਨੁਭਾਗੀ ਸਿਗਨਲ ਰਖਰਖਾਅ ਕਾਂਟਰੈਕਟ (ਐਸਐਸਐਮਸੀ) | | |
|---|---|---|---|
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 25.07.2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 02.07.2025 18:57 |
| ਅੰਦਾਜਨ ਲਾਗਤ | 8494887.47 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 11.07.2025 |
| ਬਿਆਨਾ ਰਾਸ਼ੀ (ਰੁ) | 169900.00 | ਕੰਮ ਪੂਰਾ ਕਰਨ ਦਾ ਸਮਾਂ | 12 ਮਹੀਨੇ |
| ਨੋਟ: | ਨਿਵਿਦਾਕਰਤਾ ਰੈਗੂਲਰ ਰੂਪ ਨਾਲ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ ਸ਼ੁਧੀ ਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

ਨਿਵਿਦਾ ਸੂਚਨਾ ਨੰ.:-433-ਸਿਗ-ਟੀ-13-25-26 ਮਿਤੀ- 03.07.2025
ਸਮਾਪਤੀ ਮਿਤੀ/ ਸਮਾਂ:25.07.2025 15:00 ਵਜੇ 2014/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਗੁਰੂ ਗੋਬਿੰਦ ਸਿੰਘ ਪਾਰਕ 'ਚ ਬੂਟੇ ਲਾਏ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਲਾਇਨਜ਼ ਕਲੱਬ ਵੱਲੋਂ ਪ੍ਰਧਾਨ ਵਿਸ਼ਾਲ ਮਿੱਤਲ ਦੀ ਪ੍ਰਧਾਨਗੀ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਤੇ ਖੇਡ ਸਟੇਡੀਅਮ ਵਿੱਚ ਵਣ ਮਹਾਉਤਸਵ ਦੌਰਾਨ ਬੂਟੇ ਲਾਏ। ਬੂਟੇ ਲਾਉਣ ਦੀ ਸ਼ੁਰੂਆਤ ਪ੍ਰਧਾਨ ਵਿਸ਼ਾਲ ਮਿੱਤਲ ਵੱਲੋਂ ਕੀਤੀ ਗਈ। ਪ੍ਰਧਾਨ ਵਿਸ਼ਾਲ ਮਿੱਤਲ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਾਡੇ ਆਲੇ-ਦੁਆਲੇ ਦਾ ਵਾਤਾਵਰਣ ਬਹੁਤ ਗੰਧਲਾ ਤੇ ਦੂਸ਼ਿਤ ਹੋ ਰਿਹਾ ਹੈ, ਜਿਸ ਨੂੰ ਸਾਫ਼ ਸੁਥਰਾ ਕਰਨ ਲਈ ਬੂਟੇ ਲਾਉਣੇ ਅਤੀ ਜ਼ਰੂਰੀ ਹਨ।ਉਨ੍ਹਾਂ ਦੱਸਿਆ ਕਿ ਲਾਇਨਜ਼ ਕਲੱਬ ਨਿਹਾਲ ਸਿੰਘ ਵਾਲਾ ਨੇ ਪਿਛਲੇ ਸਾਲ ਵੀ 3 ਹਜ਼ਾਰ ਦੇ ਕਰੀਬ ਬੂਟੇ ਲਾਏ, ਜਿਨ੍ਹਾਂ ਦੀ ਸਾਭ-ਸੰਭਾਲ ਲਾਇਨਜ਼ ਕਲੱਬ ਵੱਲੋਂ ਹੀ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਇਸ ਸਾਲ ਵੀ ਲਾਇਨਜ਼ ਕਲੱਬ ਨਿਹਾਲ ਸਿੰਘ ਵਾਲਾ ਵਿੱਚ ਵੱਡੇ ਪੱਧਰ 'ਤੇ ਬੂਟੇ ਲਾਏ ਜਾਣਗੇ ਤੇ ਉਨ੍ਹਾਂ ਦੀ ਸਾਭ ਸੰਭਾਲ ਵੀ ਕਲੱਬ ਵੱਲੋਂ ਹੀ ਕੀਤੀ ਜਾਵੇਗੀ।

## ਸਰਕਾਰੀ ਸਕੂਲ ਗੋਬਿੰਦਪੁਰਾ ਵਿਖੇ ਫੌਜ 'ਚ ਭਰਤੀ ਸੰਬੰਧੀ ਸੈਮੀਨਾਰ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਅਧੀਨ ਕੌਮੀ ਸੇਵਾ ਯੋਜਨਾ ਯੂਨਿਟ ਦੇ ਬੈਨਰ ਹੇਠ ਭਾਰਤੀ ਫੌਜ ਦੇ ਅਫ਼ਸਰਾਂ ਦੀ ਟੀਮ ਦੁਆਰਾ ਵਿਦਿਆਰਥੀਆਂ ਨੂੰ ਭਾਰਤੀ ਫੌਜ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕਰਨ ਸੰਬੰਧੀ ਵਿਸ਼ੇਸ਼ ਸੈਮੀਨਾਰ ਕੀਤਾ ਗਿਆ। ਸਕੂਲ ਦੇ ਮੀਡੀਆ ਕੋਆਰਡੀਨੇਟਰ ਤੇ ਪ੍ਰੋਗਰਾਮ ਅਫ਼ਸਰ ਡਾ. ਰਣਜੋਧ ਸਿੰਘ (ਲੈਕ. ਇਕਨੋਮਿਕਸ) ਦੁਆਰਾ ਮੰਚ ਤੋਂ ਫੌਜ ਦੇ ਅਫ਼ਸਰਾਂ ਦੀ ਟੀਮ ਦਾ ਸਵਾਗਤ ਕੀਤਾ ਗਿਆ, ਜਿਸ ਉਪਰੰਤ ਭਾਰਤੀ ਫੌਜ ਦੀ 268 ਬ੍ਰਿਜ ਇੰਜੀਨੀਅਰ ਰੈਜੀਮੈਂਟ ਦੇ ਮੇਜਰ ਸੂਰਜ ਚੌਹਾਨ ਵੱਲੋਂ ਪ੍ਰੋਜੈਕਟਰ ਦੀ ਸਹਾਇਤਾ ਨਾਲ ਸਕੂਲ ਦੇ ਗਿਆਰਵੀਂ ਤੇ ਬਾਰਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਪੱਧਰਾਂ ਭਾਵ ਬਾਰਵੀਂ ਤੇ ਗ੍ਰੈਜੂਏਸ਼ਨ ਤੋਂ ਬਾਅਦ ਭਾਰਤੀ ਫੌਜ ਦੇ ਤਿੰਨੋ ਵਿੰਗਾਂ ਆਰਮੀ, ਨੇਵੀ ਤੇ ਏਅਰ ਫੋਰਸ ਵਿੱਚ ਜਵਾਨ, ਅਫ਼ਸਰ, ਡਾਕਟਰ, ਜੱਜ ਆਦਿ ਭਰਤੀ ਹੋਣ ਸੰਬਧੀ ਨਿਯਮਾਂ ਦੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ। ਇਸ ਸੈਮੀਨਾਰ ਦੌਰਾਨ ਮੇਜਰ ਸੂਰਜ ਚੌਹਾਨ ਵੱਲੋਂ ਫੌਜ ਵਿੱਚ ਭਰਤੀ ਹੋਣ ਲਈ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਕਰਨ ਸੰਬੰਧੀ ਵਿਦਿਆਰਥੀਆਂ ਦੇ ਪ੍ਰਸ਼ਨਾਂ ਦੇ ਉੱਤਰ ਵੀ ਦਿੱਤੇ ਗਏ। ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਨੇ ਦੱਸਿਆ ਕਿ ਇਹ ਸੈਮੀਨਾਰ ਵਿਦਿਆਰਥੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਪ੍ਰੇਰਨਾ ਭਰਪੂਰ ਰਿਹਾ ਤੇ ਵਿਦਿਆਰਥੀਆਂ ਨੇ ਇਸ ਤੋਂ ਭਰਪੂਰ ਜਾਣਕਾਰੀ ਹਾਸਲ ਕੀਤੀ। ਸੈਮੀਨਾਰ ਦੇ ਅੰਤ ਵਿੱਚ ਸਹਾਇਕ ਪ੍ਰੋਗਰਾਮ ਅਫ਼ਸਰ ਵਿਪਨ ਕੁਮਾਰ ਨੇ ਫੌਜੀ ਅਧਿਕਾਰੀਆਂ ਦਾ ਧੰਨਵਾਦ ਕੀਤਾ। ਸੈਮੀਨਾਰ ਵਿੱਚ ਲੈਫਟੀਨੈਂਟ ਕੁਲਵਿੰਦਰ ਸਿੰਘ, ਹਵਲਦਾਰ ਆਖਰੇ, ਹਵਲਦਾਰ ਰਾਹੁਲ ਛਿੰਦੇ ਤੇ ਸਿਪਾਹੀ ਵੈਭਵ ਦੇ ਸਮੇਤ ਸਕੂਲ ਦੇ ਸਟਾਫ ਵਿੱਚੋਂ ਮਨਜੋਤ ਕੌਰ (ਲੈਕ. ਅੰਗਰੇਜ਼ੀ), ਗਲੋਰੀ (ਲੈਕ. ਗਣਿਤ), ਚਮਕੌਰ ਸਿੰਘ (ਲੈਕ. ਰਾਜਨੀਤੀ ਸ਼ਾਸਤਰ), ਸੁਖਵਿੰਦਰ ਕੌਰ (ਲੈਕ. ਪੰਜਾਬੀ), ਸੰਤੋਸ਼ ਕੁਮਾਰ (ਕੰਪਿਊਟਰ ਟੀਚਰ), ਕੁਲਵਿੰਦਰ ਸਿੰਘ (ਡੀ.ਪੀ. ਈ.), ਜਰਨੈਲ ਸਿੰਘ (ਪੰਜਾਬੀ ਮਾਸਟਰ), ਅੰਮ੍ਰਿਤਪਾਲ ਸਿੰਘ ਤੇ ਰਾਜਪ੍ਰੀਤ ਕੌਰ (ਵੋਕੇਸ਼ਨਲ ਟ੍ਰੇਨਰ) ਸ਼ਾਮਲ ਸਨ। ਨਾਲ ਸਕੂਲ ਸਟਾਫ ਤੇ ਵਿਦਿਆਰਥੀ।

## ਪੰਜਾਬ ਸਟੇਟ ਫੂਡ ਕਮਿਸ਼ਨ ਵੱਲੋਂ ਲੁਧਿਆਣਾ ਦਾ ਅਚਨਚੇਤ ਦੌਰਾ

### ਵੱਖ-ਵੱਖ ਸਕੀਮਾਂ ਦੀ ਕੀਤੀ ਸਮੀਖਿਆ



ਲੁਧਿਆਣਾ (ਰੈਕਟਰ ਕਥੂਰੀਆ)

ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਜ਼ਿਲ੍ਹਾ ਲੁਧਿਆਣਾ ਦਾ ਅਚਨਚੇਤ ਦੌਰਾ ਕਰਦਿਆਂ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਸਰਕਾਰੀ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਅਯਾਲੀ ਖੁਰਦ, ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ, ਸਲੇਮਪੁਰ ਅਤੇ ਇਸ ਦੇ ਨਾਲ ਹੀ ਆਂਗਣਵਾੜੀ ਸੈਂਟਰ ਗੌਂਸਪੁਰ ਗੜ੍ਹਾ ਤੇ ਰਾਸ਼ਨ ਡਿੱਪੂ ਨੂਰਪੁਰ ਬੇਟ ਅਤੇ ਗੌਂਸਪੁਰ ਵਿਖੇ ਵੀ ਸਮੀਖਿਆ ਕੀਤੀ।

ਧਾਲੀਵਾਲ ਵੱਲੋਂ ਇਨ੍ਹਾਂ ਸਰਕਾਰੀ ਸਕੂਲਾਂ ਵਿੱਚ ਚੱਲ ਰਹੀ ਮਿਡ-ਡੇ ਮੀਲ ਸਕੀਮ ਦੀ ਚੈਕਿੰਗ ਕਰਦਿਆਂ ਅਨਾਜ ਭੰਡਾਰ ਘਰ ਦੇ ਨਿਰੀਖਣ ਦੇ ਨਾਲ-ਨਾਲ ਸਕੂਲ ਵਿੱਚ ਪੀਣ ਵਾਲੇ ਪਾਣੀ ਦਾ ਟੀ.ਡੀ.ਐੱਸ. ਵੀ ਚੈੱਕ ਕੀਤਾ ਗਿਆ।ਨਿਰੀਖਣ ਦੌਰਾਨ ਇਨ੍ਹਾਂ ਸਕੂਲਾਂ ਵਿੱਚ ਮਿਡ-ਡੇ ਮੀਲ ਦਾ ਪ੍ਰਬੰਧ ਠੀਕ ਪਾਇਆ ਗਿਆ, ਪ੍ਰੰਤੂ ਪੀਣ ਵਾਲੇ ਪਾਣੀ ਵਿੱਚ ਟੀ.ਡੀ.ਐੱਸ. ਦੀ ਮਾਤਰਾ 250 ਤੋਂ 'ਤੇ ਪਾਈ ਗਈ, ਜਿਸ ਸਬੰਧੀ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਸੁਧਾਰ ਕਰਨ ਸਬੰਧੀ ਹਦਾਇਤ ਕੀਤੀ ਗਈ।ਚੈਕਿੰਗ ਦੌਰਾਨ ਇਹ ਵੀ ਪਾਇਆ ਗਿਆ ਕਿ ਕੁੱਕ-ਕਮ-ਹੈਲਪਰਾਂ ਵੱਲੋਂ ਨਹੁੰ ਰੱਖੇ ਹੋਏ ਸਨ, ਜੋ ਕਿ ਸਰਕਾਰੀ ਹਦਾਇਤਾਂ ਦੀ ਉਲੰਘਣਾ ਹੈ, ਇਨ੍ਹਾਂ ਖਾਮੀਆਂ ਦੇ ਸਬੰਧ ਵਿੱਚ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਸਖਤ ਤਾੜਨਾ ਕਰਦਿਆਂ ਭਵਿੱਖ ਵਿੱਚ ਇਸ ਤਰ੍ਹਾਂ ਦੀ ਅਣਗਹਿਲੀ ਨਾ ਵਰਤਣ ਸਬੰਧੀ ਹਦਾਇਤਾਂ ਦਿੱਤੀਆਂ। ਉਪਰੰਤ ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਵੱਲੋਂ ਆਂਗਣਵਾੜੀ ਸੈਂਟਰਾਂ ਦੀ ਚੈਕਿੰਗ ਕੀਤੀ ਗਈ ਤੇ ਸੈਂਟਰਾਂ ਵਿਖੇ ਲਾਭਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ।

ਨਿਰੀਖਣ ਦੌਰਾਨ ਉਨ੍ਹਾਂ ਆਂਗਣਵਾੜੀ ਦਾ ਰਿਕਾਰਡ ਵੀ ਚੈੱਕ ਕੀਤਾ।ਸਕੂਲਾਂ ਤੇ ਆਂਗਣਵਾੜੀ ਸੈਂਟਰਾਂ ਦਾ ਦੌਰਾ ਕਰਨ ਉਪਰੰਤ ਰਾਸ਼ਨ ਡਿੱਪੂ ਨੂਰਪੁਰ ਬੇਟ ਤੇ ਗੌਂਸਪੁਰ ਵਿਖੇ ਕਣਕ ਦੀ ਵੰਡ ਦਾ ਨਿਰੀਖਣ ਕੀਤਾ ਗਿਆ।ਇਨ੍ਹਾਂ ਰਾਸ਼ਨ ਡਿੱਪੂਆਂ 'ਤੇ ਕਣਕ ਦੀ ਵੰਡ ਮੁਕੰਮਲ ਹੋ ਚੁੱਕੀ ਸੀ ਅਤੇ ਇਨ੍ਹਾਂ ਡਿੱਪੂਆਂ ਦਾ ਰਿਕਾਰਡ ਵੀ ਚੈੱਕ ਕੀਤਾ ਗਿਆ।ਇਨ੍ਹਾਂ ਰਾਸ਼ਨ ਡਿੱਪੂਆਂ 'ਤੇ ਸ਼ਿਕਾਇਤ ਬਾਕਸ ਤੇ ਕਮਿਸ਼ਨ ਨਾਲ ਸਬੰਧਤ ਜਾਗਰੂਕਤਾ ਬੈਨਰ ਮੌਜੂਦ ਨਹੀਂ ਸਨ, ਜਿਸ ਸਬੰਧੀ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਨੂੰ ਸ਼ਿਕਾਇਤ ਬਾਕਸ ਤੇ ਕਮਿਸ਼ਨ ਨਾਲ ਸਬੰਧਤ ਜਾਗਰੂਕਤਾ ਬੈਨਰ ਲਗਵਾਉਣ ਲਈ ਹਦਾਇਤ ਕੀਤੀ ਗਈ।

## 57 ਲੱਖ ਦੇ ਵਿਕਾਸ ਪ੍ਰੋਜੈਕਟ ਜਲਦ ਹੋਣਗੇ ਮੁਕੰਮਲ : ਛੀਨਾ

ਲੁਧਿਆਣਾ (ਰਾਜ ਸਿੰਗਲਾ)-ਸੂਬੇ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ, ਜਿਸ ਤਹਿਤ ਵੱਖ-ਵੱਖ ਇਲਾਕਿਆਂ ਵਿੱਚ ਵਿਕਾਸ ਪ੍ਰੋਜੈਕਟ ਜੰਗੀ ਪੱਧਰ 'ਤੇ ਚੱਲ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 33 ਅਧੀਨ ਸਤਿਸੰਗ ਘਰ ਤੋਂ ਬਾਪੂ ਮਾਰਕੀਟ ਤੱਕ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਵਿਧਾਇਕ ਛੀਨਾ ਨੇ ਕਿਹਾ ਕਿ ਇਸ ਪ੍ਰੋਜੈਕਟ 'ਤੇ ਕਰੀਬ 57 ਲੱਖ ਰੁਪਏ ਦੀ ਲਾਗਤ ਆਵੇਗੀ।

ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਨ੍ਹਾਂ ਸੜਕਾਂ ਨੂੰ ਹਮੇਸ਼ਾਂ ਅਣਗੌਲਿਆ ਕੀਤਾ ਹੈ ਤੇ ਸੜਕਾਂ ਦੀ ਹਾਲਤ ਬਹੁਤ ਮਾੜੀ ਸੀ। ਉਨ੍ਹਾਂ ਦੱਸਿਆ ਕਿ ਸੜਕਾਂ ਦਾ ਸਿਰਫ ਪੈਚ ਵਰਕ ਹੀ ਕੀਤਾ ਜਾ ਰਿਹਾ ਸੀ ਤੇ ਬਰਸਾਤ ਦੇ ਮੌਸਮ ਵਿੱਚ ਲੋਕਾਂ ਦਾ ਇੱਥੋਂ ਲੰਘਣਾ ਮੁਸ਼ਕਲ ਹੋ ਜਾਂਦਾ ਸੀ ਤੇ ਅਕਸਰ ਰਾਹਗੀਰ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਸਨ।

### SBI — BRANCH: HLC SANGRUR, DISTRICT : SANGRUR (PB), email : sbi.64793@sbi.co.in

**ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਬ੍ਰਾਂਚ ਦਫ਼ਤਰ ਐੱਚ ਐੱਲ ਸੀ ਸੰਗਰੂਰ, ਜ਼ਿਲ੍ਹਾ ਸੰਗਰੂਰ, ਪੰਜਾਬ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।
ਕਰਜ਼ਦਾਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।
ਕਰਜ਼ਦਾਰਾਂ ਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਬ੍ਰਾਂਚ ਦਫ਼ਤਰ ਐੱਚ ਐੱਲ ਸੀ ਸੰਗਰੂਰ, ਜ਼ਿਲ੍ਹਾ ਸੰਗਰੂਰ, ਪੰਜਾਬ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀਆਂ ਜਾਣਗੀਆਂ।
ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਅਚੱਲ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) : ਲੇਫ. ਸ੍ਰੀ ਗੁਰਚਰਨ ਸਿੰਘ ਪੁੱਤਰ ਸ੍ਰੀ ਬੰਤਾ ਸਿੰਘ ਰਾਹੀਂ ਇਸ ਦੇ ਕਾਨੂੰਨੀ ਵਾਰਸਾਂ (ਏ) ਸ੍ਰੀਮਤੀ ਸਵਰਨ ਕੌਰ ਪਤਨੀ ਲੇਫ : ਸ੍ਰੀ ਗੁਰਚਰਨ ਸਿੰਘ (ਬੀ) ਸ੍ਰੀ ਰਮਨਦੀਪ ਸਿੰਘ ਪੁੱਤਰ ਲੇਫ : ਗੁਰਚਰਨ ਸਿੰਘ ਅਤੇ (ਸੀ) ਸ੍ਰੀ ਮਨਦੀਪ ਸਿੰਘ ਪੁੱਤਰ ਲੇਫ : ਸ੍ਰੀ ਗੁਰਚਰਨ ਸਿੰਘ, ਸਾਰੇ ਵਾਸੀ ਪ੍ਰੀਤ ਨਗਰ, ਰੇਲਵੇ | ਬੈਨਾਮਾ ਨੰ. 1972 ਮਿਤੀ 28.08.2006 ਅਨੁਸਾਰ ਸਬ-ਰਜਿਸਟਰਾਰ, ਸੰਗਰੂਰ, ਜ਼ਿਲ੍ਹਾ ਸੰਗਰੂਰ (ਪੰਜਾਬ) ਦੇ ਸਬ-ਰਜਿਸਟਰਡ ਦੇ ਦਫ਼ਤਰ 'ਚ ਸ੍ਰੀ ਗੁਰਚਰਨ ਸਿੰਘ ਪੁੱਤਰ ਸ੍ਰੀ ਬੰਤਾ ਸਿੰਘ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਰਕਬਾ 166.66 ਵਰਗ ਗਜ਼, ਵਾਰਡ ਨੰ. 1, ਪ੍ਰੀਤ ਨਗਰ, ਅੰਦਰੂਨ ਹਰੇੜੀ ਰੋਡ, ਸੰਗਰੂਰ। ਹੱਦਾਂ : ਉੱਤਰ : ਕਰਨੈਲ ਸਿੰਘ ਦੀ ਜ਼ਮੀਨ 25'0", ਦੱਖਣ : ਗਲੀ 20 ਫੁੱਟ 25'0", ਪੂਰਬ : ਸ੍ਰੀਮਤੀ ਕਮਲਾ ਰਾਣੀ ਦਾ ਪਲਾਟ 60'0", ਪੱਛਮ : ਸ੍ਰੀ ਕਰਨੈਲ ਸਿੰਘ ਦੀ ਜ਼ਮੀਨ 60'0" | 24.04.2025 | 01.07.2025 | ਸੰਕੇਤਕ ਕਬਜ਼ਾ / 24.04.2025 ਨੂੰ ਰੁ. 6,37,536.00/- (ਛੇ ਲੱਖ ਸੈਂਤੀ ਹਜ਼ਾਰ ਪੰਜ ਸੌ ਛੱਤੀ ਰੁਪਏ ਕੇਵਲ) ਜਮ੍ਹਾਂ ਇਸ ਉਪਰ ਵਿਆਜ ਤੇ ਹੋਰ ਚਾਰਜਿਜ਼ |

ਕਰਾਸਿੰਗ ਫਾਟਕ ਦੇ ਬਾਅਦ, ਨੇੜੇ ਰਮਨ ਆਟਾ ਚੱਕੀ, ਵਾਰਡ ਨੰ. 1, ਅੰਦਰੂਨ, ਹਰੇੜੀ ਰੋਡ, ਸੰਗਰੂਰ, ਜ਼ਿਲ੍ਹਾ ਸੰਗਰੂਰ (148001)
ਗਰੰਟਰ : ਸ੍ਰੀ ਮੋਹਣ ਸਿੰਘ ਪੁੱਤਰ ਸ੍ਰੀ ਹਰੀ ਸਿੰਘ, ਵਾਸੀ ਪਿੰਡ ਭਗਵਾਨਪੁਰਾ, ਜ਼ਿਲ੍ਹਾ ਸੰਗਰੂਰ (ਪੰਜਾਬ) 148001

ਮਿਤੀ : 07.05.2025 ਸਥਾਨ : ਸੰਗਰੂਰ ਅਧਿਕਾਰਤ ਅਫਸਰ

### SBI — State Bank of India, BRANCH:- AMCC Phagwara (63434), 745, Guru Hargobind Nagar, Distt. Kapurthala. PB -144401

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੇ ਉਨ੍ਹਾਂ ਵੱਲੋਂ ਬੈਂਕ ਕੋਲੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਮੁੜ ਅਦਾਇਗੀ 'ਚ ਨਾਕਾਮੀ ਦਿਖਾਈ ਹੈ ਅਤੇ ਉਕਤ ਸਹੂਲਤਾਂ ਨਾਨ ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੀਆਂ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ, ਬੇਸ਼ੱਕ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ ਅਤੇ ਹੋਰ ਮਾਮਲਿਆਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਅਜਿਹੇ 'ਚ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾਂਦੀ ਹੈ।

| ਬ੍ਰਾਂਚ ਦਾ ਨਾਂਅ ਕਰਜ਼ਦਾਰ/ ਗਰੰਟਰ/ਭਾਈਵਾਲ/ਰਹਿਣਕਾਰ | ਜਾਇਦਾਦਾਂ ਦਾ ਵੇਰਵਾ | ਨਾਨ ਪ੍ਰਫਾਰਮਿੰਗ ਐੱਸਟ (ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਬ੍ਰਾਂਚ : ਨਕੋਦਰ (4931) (ਕਰਜ਼ਦਾਰ) ਸ੍ਰੀ ਅਮਰਜੀਤ ਸਿੰਘ ਪੁੱਤਰ ਸ੍ਰੀ ਮੁਖਤਿਆਰ ਸਿੰਘ, # ਪਿੰਡ, ਬੀਟਲਾਂ, ਉਮਰਵਾਲ ਬਿੱਲਾ, ਨਕੋਦਰ, ਜ਼ਿਲ੍ਹਾ ਜਲੰਧਰ। | ਹਾਈਪੋਥੀਕੇਸ਼ਨ ਚੱਲ ਐੱਸਟਸ ਅਤੇ ਸਾਰੇ ਮੌਜੂਦਾ ਐੱਸਟਸ ਭੰਡਾਰ : 1. ਸੈਲਫ ਪ੍ਰੋਪੈਲੱਡ ਹਾਈ ਗਰਾਉਂਡ ਕਲੀਅਰੈਂਸ ਸਪਰੇਅਰ ਬੂਮ ਟਾਇਰ, ਚੈਸਿਸ ਨੰ. ਟੀ ਏ ਟੀ ਪੀ ਆਰ ਟੀ ਕੇ ਐੱਲ 2303523, ਅਤੇ ਇੰਜਣ ਨੰ. 5326800216, ਸਟੇਟ ਬੈਂਕ ਆਫ ਇੰਡੀਆ ਨੂੰ ਹਾਈਪੋਥੀਕੇਟਿਡ, ਉਤਪਾਦ ਪਛਾਣ ਨੰ. ਐੱਸ ਐੱਮ ਐੱਨ ਪੀ ਆਰ ਕੇ ਐੱਚ 6 ਏ ਪੀ 110348 2. ਲੇਜ਼ਰ ਲੈਂਡ ਲੇਵਲਰ ਲੜੀ ਨੰ. ਜੀ ਪੀ-24030620 ਮਸ਼ੀਨਰੀ ਕੋਡ ਪੀ ਯੂ-354-181-2024-0127 3. ਨਿਊਮੈਟਿਕ ਪਲਾਂਟਰ ਲੜੀ ਨੰ. ਬੀ ਸੀ ਸੀ ਡੀ 130100262 4. ਰੋਟਾਵੇਟਰ 9 ਫੁੱਟ ਲੜੀ ਨੰ. ਐੱਨ ਯੂ-ਏ ਆਈ ਸੀ ਡੀ 101140974 | 05-06.2025 | 26-06-2025 | 26.06.2025 ਨੂੰ ਰੁ. 23,14,029/- (ਤੇਈ ਲੱਖ ਚੌਦਾਂ ਹਜ਼ਾਰ ਉਨੱਤੀ ਰੁਪਏ ਕੇਵਲ) ਸਮੇਤ ਅਚਨਚੇਤੀ ਖਰਚੇ, ਲਾਗਤ, ਚਾਰਜਿਜ਼, ਆਦਿ। |

ਬਦਲਵੀਂ ਨੋਟਿਸ ਸੇਵਾ ਵਾਸਤੇ ਕਦਮ ਉਠਾਏ ਜਾ ਰਹੇ ਹਨ, ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ (ਜਿੱਥੇ ਵੀ ਲਾਗੂ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰਨ ਦਾ ਸੱਦਾ ਦਿੱਤਾ ਗਿਆ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਮਿਤੀ ਤੋਂ 60 ਦਿਨ ਗੁਜ਼ਰ ਜਾਣ ਦੇ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ 'ਤੇ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਤੇ ਕਾਰੋਬਾਰ ਦੀ ਆਮ ਪ੍ਰਕਿਰਿਆ ਤੋਂ ਇਲਾਵਾ ਤੁਹਾਡੇ 'ਤੇ ਉਪਰੋਕਤ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ 'ਤੇ ਪਾਬੰਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਸੰਬੰਧਤ ਬਰਾਂਚ ਤੋਂ ਨੋਟਿਸ ਪ੍ਰਾਪਤੀ ਦੀ ਕਾਪੀ ਹਾਸਲ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 04.07.2025 ਸਥਾਨ : ਨਕੋਦਰ ਅਧਿਕਾਰਤ ਅਫਸਰ

# 10 ਸਾਲਾ ਬੱਚੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਅਸਫਲ



ਬਾਬਾ ਬਕਾਲਾ ਸਾਹਿਬ, (ਜਸਪਾਲ ਸਿੰਘ)-ਸਥਾਨਕ ਉੱਚੀ ਗਲੀ ਵਿੱਚ ਇਕ ਨੌਜਵਾਨ ਵੱਲੋਂ 10 ਸਾਲਾ ਬੱਚੀ ਨੂੰ ਅਗਵਾ ਕਰਨ ਦੀ ਨਾਕਾਮ ਕੋਸ਼ਿਸ਼ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਭਾਈ ਜਸਪ੍ਰੀਤ ਸਿੰਘ ਗੋਰਾ ਮੁਖੀ ਹਿੰਦ ਦੀ ਚਾਦਰ ਬਿਰਧ ਆਸ਼ਰਮ ਬਾਬਾ ਬਕਾਲਾ ਸਾਹਿਬ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਦੁਪਹਿਰ 1.30 ਵਜੇ ਦੇ ਲਗਭਗ ਇਕ 10 ਸਾਲਾ ਬੱਚੀ ਗੁਰਸੀਰਤ ਕੌਰ ਪੁੱਤਰੀ ਪਰਮਜੀਤ ਸਿੰਘ, ਵਾਸੀ ਬਾਬਾ ਬਕਾਲਾ ਸਾਹਿਬ ਬਜ਼ਾਰੋਂ ਜ਼ਰੂਰੀ ਸਾਮਾਨ ਖ਼੍ਰੀਦ ਕੇ ਘਰ ਜਾ ਰਹੀ ਸੀ ਤਾਂ ਇਕ ਅਣਪਛਾਤੇ ਨੌਜਵਾਨ ਨੇ ਉਸਦਾ ਪਿੱਛਾ ਕੀਤਾ ਅਤੇ ਉਸਨੂੰ ਘੇਰਨ ਦੀ ਕੋਸ਼ਿਸ਼ ਕੀਤੀ ਤਾਂ ਬੱਚੀ ਘਬਰਾ ਕੇ ਬਾਬਾ ਗੁਰਦੇਵ ਸਿੰਘ ਰਾਣਾ ਦੇ ਘਰ ਜਾ ਵੜੀ, ਜਿਸ 'ਤੇ ਉਕਤ ਨੌਜਵਾਨ ਪਹਿਲਾਂ ਤਾਂ ਕੁਝ ਸਮਾਂ ਬੱਚੀ ਦੀ ਉਡੀਕ ਕਰਦਾ ਰਿਹਾ, ਫਿਰ ਫਰਾਰ ਹੋ ਗਿਆ। ਬੱਚੀ ਨੇ ਘਰ ਜਾ ਕੇ ਸਾਰੀ ਗੱਲ ਦੱਸੀ। ਗਲੀ ਵਿੱਚ ਲੱਗੇ ਸੀਸੀਟੀਵੀ ਕੈਮਰੇ ਖੰਗਾਲੇ ਗਏ ਤਾਂ ਉਕਤ ਸਾਰੀ ਘਟਨਾ ਕੈਮਰੇ ਵਿੱਚ ਸਪੱਸ਼ਟ ਹੋ ਗਈ।ਦੋਸ਼ੀ ਦੀ ਫੌਰੀ ਤੌਰ 'ਤੇ ਪਛਾਣ ਨਹੀਂ ਹੋ ਸਕੀ।ਨਗਰ ਨਿਵਾਸੀਆਂ ਨੇ ਪੁਲਸ-ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅਜਿਹੀਆਂ ਵਾਰਦਾਤਾਂ ਨੂੰ ਠੱਲ ਪਾਈ ਜਾਵੇ ਤਾਂ ਕਿ ਲੋਕ ਸੁੱਖ ਚੈਨ ਨਾਲ ਰਹਿ ਸਕਣ।

# ਈ ਟੀ ਓ ਪੱਤਰਕਾਰ ਸੋਨੂੰ ਦਾ ਹਾਲਚਾਲ ਜਾਣਨ ਲਈ ਭੰਡਾਰੀ ਹਸਪਤਾਲ ਪਹੁੰਚੇ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ): ਹਲਕਾ ਜੰਡਿਆਲਾ ਗੁਰੂ ਦੇ ਪਿੰਡ ਗੁੰਨੋਵਾਲ ਦੇ ਪੱਤਰਕਾਰ ਸੁਖਜਿੰਦਰ ਸਿੰਘ ਸੋਨੂੰ ਨੂੰ ਬੀਤੇ ਦਿਨੀਂ ਛੋਟੇ ਹਾਥੀ ਵੱਲੋ ਟੱਕਰ ਮਾਰ ਦਿੱਤੀ ਗਈ ਸੀ ਜਿਸ ਦੌਰਾਨ ਉਸ ਦੀ ਸੱਜੀ ਲੱਤ ਟੁੱਟ ਗਈ।ਉਹ ਆਪਣੀ ਫੈਮਲੀ ਨਾਲ ਮੋਟਰਸਾਈਕਲ ਤੇ ਆਪਣੇ ਪਿੰਡ ਤੋਂ ਅੰਮ੍ਰਿਤਸਰ ਜਾ ਰਹੇ ਸਨ। ਜਦੋਂ ਉਹ ਜੰਡਿਆਲਾ ਗੁਰੂ ਦੀ ਦਾਣਾ ਮੰਡੀ ਵਾਲੇ ਮੋੜ ਦੇ ਲਾਗੇ ਪਹੁੰਚੇ ਟਾ ਦੂਸਰੀ ਦਿਸ਼ਾ ਵੱਲੋਂ ਅਚਾਨਕ ਛੋਟੇ ਹਾਥੀ ਵਾਲੇ ਨੇ ਕੱਟ ਮਾਰਦੇ ਹੋਏ ਸਿੱਧਾ ਸੋਨੂੰ ਦੇ ਮੋਟਰਸਾਈਕਲ ਵਿੱਚ ਮਾਰ ਦਿੱਤਾ ਜਿਸ ਨਾਲ ਉਸਦੀ ਸਜੀ ਲੱਤ ਟੁੱਟ ਗਈ ਸੀ।ਭੰਡਾਰੀ ਹਸਪਤਾਲ ਜੰਡਿਆਲਾ ਗੁਰੂ ਵਿਖੇ ਉਨ੍ਹਾਂ ਦਾਂ ਇਲਾਜ ਚੱਲ ਰਿਹਾ ਸੀ ਜਿਥੇ ਉਨ੍ਹਾਂ ਦੀ ਸਿਹਤ ਦਾ ਪਤਾ ਲੈਣ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਉਚੇਚੇ ਤੌਰ 'ਤੇ ਪਹੁੰਚੇ। ਹੋਰ ਵੀ ਧਾਰਮਿਕ, ਸਮਾਜਿਕ ਜਥੇਬੰਦੀਆਂ ਦੇ ਨਾਲ ਜੰਡਿਆਲਾ ਗੁਰੂ ਦੇ ਸਾਰੇ ਪੱਤਰਕਾਰ ਭਾਈਚਾਰੇ ਵੱਲੋਂ ਸੋਨੂੰ ਦਾ ਹਾਲਚਾਲ ਪੁੱਛਿਆ ਗਿਆ ਤੇ ਪਰਮਾਤਮਾ ਅੱਗੇ ਸੋਨੂੰ ਦੀ ਚੰਗੀ ਸਿਹਤ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ।

# ਠੋਸ ਕੂੜੇ ਦੇ ਪ੍ਰਬੰਧ, ਸਾਫ-ਸਫਾਈ ਤੇ ਰੁੱਖ ਲਾਉਣ ਲਈ ਕੀਤਾ ਪ੍ਰੇਰਿਤ



ਬਟਾਲਾ, (ਡਾ. ਮਲਵਿੰਦਰ ਸਿੰਘ)- ਕਮਿਸ਼ਨਰ ਨਗਰ ਨਿਗਮ ਬਟਾਲਾ ਦੀ ਅਗਵਾਈ ਹੇਠ 'ਸਫ਼ਾਈ ਅਪਣਾਓ ਬਿਮਾਰੀ ਭਜਾਓ' ਮੁਹਿਮ ਅਧੀਨ ਸ਼ਹਿਰ ਵਿਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਆਈਈਸੀ ਮੈਡਮ ਪ੍ਰਭਜੋਤ ਕੌਰ ਨੇ ਦੱਸਿਆ ਕਿ ਅੱਜ ਆਰੀਆ ਸਮਾਜ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਧਰਮਪੁਰਾ ਕਲੋਨੀ ਦੇ ਵਿਦਿਆਰਥੀਆਂ ਨੂੰ ਠੋਸ ਕੂੜੇ ਦੇ ਪ੍ਰਬੰਧ, ਆਲੇ ਦੁਆਲੇ ਦੀ ਸਫਾਈ ਅਤੇ ਰੁੱਖ ਲਾਉਣ ਲਈ ਪਲਾਸਟਿਕ ਮੁਕਤ ਵਾਤਾਵਰਣ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਸਵੱਛ ਭਾਰਤ ਦੀ ਟੀਮ ਵੱਲੋਂ ਸ਼ਹਿਰ ਵਾਸੀਆਂ ਨੂੰ ਸੁੱਕੇ ਅਤੇ ਗਿੱਲੇ ਕੂੜੇ ਨੂੰ ਵੱਖ-ਵੱਖ ਰੱਖਣ ਦਾ ਡੈਮੋ ਦਿੱਤਾ ਗਿਆ ਅਤੇ ਇਸਦੇ ਫਾਇਦੇ ਦੱਸੇ ਗਏ।ਉਨ੍ਹਾਂ ਦੱਸਿਆ ਕਿ ਇਸ ਮੁਹਿਮ ਤਹਿਤ ਸ਼ਹਿਰ ਦੇ ਵੱਖ-ਵੱਖ ਥਾਵਾਂ ਤੇ ਸਫਾਈ ਕਰਵਾਈ ਜਾ ਰਹੀ ਹੈ।ਇਸ ਮੌਕੇ ਕੁਲਦੀਪ ਸਿੰਘ, ਅਜੇ ਕੁਮਾਰ ਅਤੇ ਮੋਟੀਵੇਟਰਜ਼ ਹਾਜ਼ਰ ਸਨ।

# ਆਰ ਡੀ ਖੋਸਲਾ ਦੀ ਕ੍ਰਿਕਟ ਟੀਮ ਨੇ ਆਪਣੇ ਸਕੂਲ ਦਾ ਮਾਣ ਵਧਾਇਆ



ਬਟਾਲਾ (ਤਰਲੋਕ ਬੱਗਾ)—ਆਰ. ਡੀ. ਖੋਸਲਾ ਡੀ ਏ ਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਕ੍ਰਿਕਟ ਟੀਮ ਨੇ ਆਪਣੀ ਪ੍ਰਤਿਭਾ ਅਤੇ ਮਿਹਨਤ ਦੇ ਬਲਬੂਤੇ 'ਤੇ ਵਾਈਐੱਸਏ ਓਪਨ ਨੈਸ਼ਨਲ ਲੈਵਲ ਚੈਂਪੀਅਨਸ਼ਿਪ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ, ਸ਼ਹਿਰ ਅਤੇ ਰਾਜ ਦਾ ਨਾਮ ਰੌਸ਼ਨ ਕੀਤਾ ਹੈ। ਇਹ ਟੂਰਨਾਮੈਂਟ ਗੋਆ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਦੇ ਨਾਮਵਰ ਸਕੂਲਾਂ ਦੀਆਂ ਕੁੱਲ 15 ਟੀਮਾਂ ਨੇ ਹਿੱਸਾ ਲਿਆ। ਇੱਕ ਸਖਤ ਮੁਕਾਬਲੇ ਵਿੱਚ ਆਰ. ਡੀ. ਖੋਸਲਾ ਸਕੂਲ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਟੀਮ ਕਪਤਾਨ ਕਵਿਸ਼ ਬੈਂਸ ਦੀ ਅਗਵਾਈ ਵਿੱਚ ਟੀਮ ਨੇ ਮਹੱਤਵਪੂਰਨ ਪਾਰੀਆਂ ਖੇਡੀਆਂ ਅਤੇ ਖਿਡਾਰੀਆਂ ਅਭੈ ਪ੍ਰਤਾਪ ਸਿੰਘ, ਰਣਬੀਰ ਕੈਂਥ, ਰਾਜਬੀਰ ਸਿੰਘ, ਸਿਦਕ ਪ੍ਰੀਤ ਗੋਰਾਇਆ, ਦਿਲਸ਼ਾਨ ਕੁਮਾਰ, ਸ਼ੁਭਮਜੋਤ ਸਿੰਘ, ਚਿਰਾਗ ਕਲਿਆਣ ਨੇ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਪੂਰੀ ਟੀਮ ਦੇ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚ ਮਨਜਿੰਦਰ ਸਿੰਘ ਅਤੇ ਰਾਜਬੀਰ ਸਿੰਘ ਨੂੰ ਵਧਾਈ ਦਿੱਤੀ।

# ਸੀ ਐੱਚ ਸੀ ਖੇਮਕਰਨ ਦੇ ਮਰੀਜ਼ਾਂ ਨੂੰ ਮੁਫ਼ਤ ਰਾਸ਼ਨ ਵੰਡਿਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬ ਸਰਕਾਰ ਦੇ ਮੁੱਖ ਏਜੰਡਾ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਚੱਲਦਿਆਂ ਮਾਣਯੋਗ ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ ਅਤੇ ਜ਼ਿਲਾ ਟੀ. ਬੀ. ਅਫਸਰ ਤਰਨਤਾਰਨ ਡਾ. ਸੁਖਜਿੰਦਰ ਸਿੰਘ ਦੀ ਰਹਿਨੁਮਾਈ ਹੇਠ ਅਤੇ ਸੀਐੱਚਸੀ ਖੇਮਕਰਨ ਦੇ ਸੀਨੀ ਮੈਡੀਕਲ ਅਫ਼ਸਰ ਡਾ. ਰਮਨਦੀਪ ਸਿੰਘ ਪੱਡਾ ਦੀ ਯੋਗ ਅਗਵਾਈ ਹੇਠ ਸੀਐੱਚਸੀ ਖੇਮਕਰਨ 'ਚ ਤਪਦਿਕ ਦੇ ਮਰੀਜ਼ਾਂ ਨੂੰ ਰੈੱਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ ਪੌਸ਼ਟਿਕ ਤੱਤਾਂ ਵਾਲਾ ਰਾਸ਼ਨ ਮੁਫਤ ਵੰਡਿਆ ਗਿਆ।ਇਸ ਮੌਕੇ ਗੱਲ ਕਰਦੇ ਕਰਮਜੀਤ ਸਿੰਘ ਅਤੇ ਹਰਪਾਲ ਸਿੰਘ ਨੇ ਤਪਦਿਕ ਦੇ ਮਰੀਜ਼ਾਂ ਨੂੰ ਦਵਾਈਆਂ ਦੇ ਨਾਲ ਨਾਲ ਚੰਗਾ ਪੌਸ਼ਟਿਕ ਭੋਜਨ ਖਾਣ ਲਈ ਪ੍ਰੇਰਿਤ ਕੀਤਾ ,ਦਵਾਈ ਦਾ ਕੋਰਸ ਪੂਰਾ ਕਰਨ ਲਈ ਆਖਿਆ ਗਿਆ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਜੇਕਰ ਕਿਸੇ ਨੂੰ ਤਿੰਨ ਹਫ਼ਤੇ ਤੋਂ ਜ਼ਿਆਦਾ ਖਾਂਸੀ ਹੈ, ਭਾਰ ਘਟਦਾ ਹੈ, ਬੁਖਾਰ ਰਹਿੰਦਾ ਹੈ ਤਾਂ ਅਣਗੌਲਿਆ ਨਾ ਕਰੋ, ਤੁਰੰਤ ਬਲਗਮ ਦੀ ਜਾਂਚ ਕਰਵਾਓ। ਇਸ ਮੌਕੇ ਹਰਿੰਦਰ ਸਿੰਘ ਐੱਮਐੱਲਟੀ ਗ੍ਰੇਟ 1, ਸੰਦੀਪ ਕੌਰ ਰੇਡੀਓਗ੍ਰਾਫਰ ਆਦਿ ਹਾਜ਼ਰ ਸਨ।

## Change of Name

I DALJIT Son of JARNAIL SINGH, holder of indian passport No. P6237709, issued at DUBAI, on 27/09/2016, Permanent resident of H No: 171 VPO: KHURDPUR Distt: JALANDHAR (PUNJAB) India and presently residing at 136 saddle-creek Terrace NE Calgary AB T3J4A6 Canada Do hereby change my name from Daljit to DALJIT JARNAIL SINGH with immediate effect. Date: 05 July 2025, Phone: 001403-612-0848

I, Sukhwinder Singh S/O Kabal Singh R/O Vill. Bharapur Po Sahiba Teh Balachaur Distt Sbs Nagar Have Changed My Name To Singh Sukhwinder. All Please Note.

I, Rajni Kaur W/o Deepak Singh R/o St. No. 1-A, New Gobind Nagar Distt. Hoshiarpur 146001 Punjab have changed my name from Rajni Kaur to Rajni. Concerned note.

I, Kunal Grover S/o Siddrath Grover R/o 48, Park Avenue, Mithapur Road, Jalandhar, Punjab-144003 have changed my minor daughter's name from Sherya to Shreya. All concerned please note.

I, AMRIK SINGH Son of Atma Singh, R/o V.P.O. Chitti, Tehsil and District Jalandhar, have changed my name from AMRIK SINGH to SURJIT SINGH. All Concerned for noted.

I, Onkar Ram s/o Sohan Lal r/o VPO. Mauli, Tehsil Phagwara, Distt. Kapurthala have changed my name to Given name as Onkar & Surname as Ram. All Please Note.

I, Amanjot Rani w/o Des Raj r/o Vill.Nawan Pind Ariyan, Po.Sarih, Teh.Nakodar, Distt. Jalandhar have changed my name to Given name as Amanjot & Surname as Rani. All Please Note.

I, Balvinder Kaur w/o Surjit Singh r/o VPO.Pattar Kalan, Distt.Jalandhar have changed the spelling of my name to Balwinder Kaur. All Please Note.

I, Gurkamalpreet Singh Ajimal s/o Harvender Singh r/o 297/1, W.No.24, Near Parbhat Chowk, Milap Nagar, Hoshiarpur, Punjab have changed my name to Gurkamalpreet Singh. All Please Note.

I, Nirmla Devi w/o Surinder Pal r/o VPO. Mahil Gaila, Distt. S.B.S Nagar-144506, Punjab have changed my name as Nirmala Devi. All Please Note.

I Sarbjit Kaur wife of Tarlochan R/o L-162, Upkar Nagar Jalandhar, Punjab, India have changed my name from Sarbjit Kaur to Sarabjit Kaur. All concerned please note.

# ਕਲਾਸੀਫਾਈਡ ਇਸ਼ਤਿਹਾਰ

## Change of Name

I, Laadi Alias Mangat Ram s/o Gurmej Lal r/o H.No. 5/1173, Moh Gouns Nakodar, Jalandhar-144040, Punjab have changed my name as Mangat Ram. All Please Note.

I, Ninder Kaur w/o Gurnam Singh r/o 2343, Ward No. 14, Bagh Wala Khooh, Block Jandiala Guru, Amritsar, Punjab have changed my name to Narinder Kaur. All Please Note.

I, Rawan Kumar S/o Hem Raj R/o Village Chota Sahowal, PO. Sahowal, Tehsil/Distt. Gurdaspur, Punjab-143531. Have changed my name from Rawan Kumar to Raman Kumar.

I, Mukesh Kumar S/O Husan Lal R/O Vill. Bhakhriana, PO. Ranipur, Distt. Kapurthala - 144403, Punjab have changed my name from Mukesh Kumar to Kumar Mukesh.(Kumar As Surname and Mukesh as Given name). All concerned please note.

I, Amandeep Singh S/o Avtar Singh R/o Village Khablan Tehsil Bhunga Distt Hoshiarpur have Changed My Name From Amandeep Singh to Singh Amandeep. Concerned note.

I Kamlesh W/o Vinod Kumar R/o # 254, Near Bhimji Palace, Deep Nagar, Jalandhar Cantt, Jalandhar, Punjab-144005 declare that I have changed my name from Kamlesh to Kamlesh Kaur and my surname is Kaur.

I, Kuldeep singh S/O Balkar singh R/O V.P.O Jandiala, Patti Dhuni ki, Teh. Phillaur, Distt. Jalandhar, Punjab - 144033, India have changed my name from Kuldeep Singh to Kuldeep as Given name and Singh as Surname . All concern may note.

I, Rahul Pandey S/o Haribansh Narayan Pandey Permanent Resident of C-13, Jagat Ambika Appartment, Brahmsthan Road, Shekhpura, B.V. College, Patna, Bihar, 800014 presently residing at 19/3 Zorawar Enclave, Near Mini India Gate, Jalandhar Cantonment, Jalandhar, Punjab-144005 have changed the name of my minor daughter Navya Pandey aged 11 years and she shall hereafter be known as Advika Pandey.

I, Darshana Rani w/O Balkar Singh R/O V.P.O Jandiala, Patti Dhuni Ki, Teh. Phillaur, Distt. Jalandhar, Punjab - 144033, India have changed my name from Darshana to Darshana Rani. All concern may note.

I, Sarabjit Singh S/o Dara Singh R/o Village Saido Lehal, PO Tarsikka, Tehsil Baba Bakala, Distt. Amritsar, Punjab have changed my name from Sarabjit Singh to Sarbjit Singh.

I, Sarbjit Kaur W/o Sunny Dasika R/o VPO Talwandi Dasondha Singh, Tehsil & Distt Amritsar, Punjab-143502 have changed my minor daughter's name from Pahreet Kaur to Kaur is her surname and Pahreet is her given name.

I, Sarbjit Kaur W/o Sunny Dasika R/o VPO Talwandi Dasondha Singh, Tehsil & Distt Amritsar, Punjab-143502 have changed my minor daughter's name from Avleen Kaur to Kaur is her surname and Avleen is her given name.

I, Sahilpreet Singh S/o Fateh Singh R/o Talwandi Dasaundha Singh, Amritsar, Punjab-143502 have changed my name from Sahilpreet Singh to Singh is my surname and Sahilpreet is my given name.

I Gurmeet Kaur W/o Rattan Lal,R/0 Village Sangal Sohal,PO Mand, Jalandhar have changed my name from Gurmit Kaur to Gurmeet Kaur.

I, Kawaljit Singh S/o Sukhdev Singh R/o Mandir Wale Plot, GT Road Wali Side, Subhash Colony, Sultanwind Amritsar have changed my name from Kawaljit Singh to Kanwaljit Singh.

I, Kishan Kumar S/o Naresh Kumar R/o H.No.3463, Gali No.2, Azad Road, Azad Nagar, Chheharta, Amritsar have declare that Kishan is my Given name and Kumar is my Surname.

I, Satbir Singh S/o Gurjinder Singh R/o H.No.B-431, Guru Teg Bahadur Nagar, Mall Mandi, Amritsar have changed my name from Satbir Singh Mattu to Satbir Singh.

I, Joravar Singh S/o Pritam Singh R/o H.No. 7-C, Model House, Jalandhar (PB) have changed my name to Jorawar Singh. All concerned please note.

## PUBLIC NOTICE

I, Tara Chand, S/o Khem Chand, R/o House Number 80-A, G.T. Road, Chahal Nagar, Phagwara, District Kapurthala disown and disinherit my grandsons Tarush Singh and Arvin Singh and daughter-in-law Maninder Kaur and declare that I shall not give any share, right, title, interest or claim to them in any of my movable or immovable properties presently owned or acquired by me anywhere in future. The above-named persons have been disobedient, disrespectful, and unmindful of family values and obligations towards me and my wife, due to which I am deeply hurt and aggrieved; besides harassing me and my other family members and relatives through various cases. Any person dealing with them shall do so at his/her own risk and responsibility.

I, Neelam W/o Vir Karan Bhardwaj D/o Jagdish Chand R/o H.No. B-36-911, New BRS Nagar, Rajguru Nagar, Ludhiana, Punjab declare that my husband Vir Karan Bhardwaj is out of my control. I disinherit him from my moveable and immovable properties. I and my family members shall not be held responsible for any of his acts, deeds and things. All please note.

## ਨਾਂਅ ਦੀ ਬਦਲੀ

ਮੈਂ ਨੀਲਮ ਪੁੱਤਰੀ ਪਰਮਜੀਤ ਮੁਹੱਲਾ ਚੂਹੜਵਾਲ ਲੱਖਣ ਕਲਾਂ, ਕਪੂਰਥਲਾ, ਨੇ ਆਪਣਾ ਨਾਮ ਬਦਲਕੇ ਨੀਲਮ ਰਾਣੀ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ ਕੋਮਲ ਪੁੱਤਰੀ ਨਿਰੰਜਨ ਸਿੰਘ ਨਿਵਾਸੀ ਪਿੰਡ ਤੇ ਡਾਕਖਾਨਾ ਬਿਆਸ ਪਿੰਡ ਜਿਲ੍ਹਾ ਜਲੰਧਰ ਨੇ ਆਪਣਾ ਨਾਮ ਕੋਮਲ ਤੋਂ ਬਦਲ ਕੇ ਕੋਮਲ ਕੁਮਾਰੀ ਰੱਖ ਲਿਆ ਹੈ ਸਬੰਧਿਤ ਨੋਟ ਕਰਨ।

ਮੈਂ ਮਹਿੰਦਰ ਰਾਮ ਪੁੱਤਰ ਰੰਗਾ ਰਾਮ ਵਾਸੀ ਚੱਕ ਮਹੰਤਾਂ ਵਾਲਾ ਤਹਿਸੀਲ ਗੁਰੂ ਹਰਸਹਾਇ ਜਿਲ੍ਹਾ ਫਿਰੋਜ਼ਪੁਰ ਦਾ ਰਹਿਣ ਵਾਲਾ ਹਾਂ ਮੈਨੂੰ ਦੋ ਨਾਵਾਂ ਮਹਿੰਦਰ ਸਿੰਘ ਅਤੇ ਮਹਿੰਦਰ ਰਾਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਮੇਰੇ ਕਈ ਸਰਕਾਰੀ ਪਛਾਣ ਪੱਤਰਾਂ ਵਿੱਚ ਮਹਿੰਦਰ ਰਾਮ ਅਤੇ ਕਈ ਪਹਿਚਾਣ ਪੱਤਰਾਂ ਵਿੱਚ ਮਹਿੰਦਰ ਸਿੰਘ ਦਰਜ ਹੈ। ਹੁਣ ਮੈਂ ਸਿਰਫ ਆਪਣਾ ਨਾਮ ਮਹਿੰਦਰ ਸਿੰਘ ਰੱਖ ਲਿਆ ਹੈ। ਇਸ ਲਈ ਮੈਨੂੰ ਮਹਿੰਦਰ ਸਿੰਘ ਦੇ ਨਾਂ ਨਾਲ ਹੀ ਜਾਣਿਆ ਜਾਵੇ।

ਮੈਂ, ਗੁਰਮੀਤ ਕੌਰ ਪਤਨੀ ਬਲਵੰਤ ਸਿੰਘ ਵਾਸੀ ਮਕਾਨ ਨੰ: 2385, ਭੱਠਾ ਭਗਤ ਸਿੰਘ ਅਬਦੁਲਾਪੁਰ ਬਸਤੀ, ਲੁਧਿਆਣਾ, ਪੰਜਾਬ-141001 ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਦਾ ਨਾਂਅ ਪ੍ਰਿੰਸ ਤੋਂ ਬਦਲ ਕੇ ਅਮਨਦੀਪ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਸਾਹਿਲ ਗਰਗ ਪੁੱਤਰ ਸੁਭਾਸ਼ ਗਰਗ ਵਾਸੀ ਲਾਲ ਕੋਠੀ ਵਾਲੀ ਗਲੀ ਸਾਹਮਣੇ ਲਾਲ ਕੋਠੀ, ਸਤਜੋਤ ਨਗਰ, ਧਾਂਦਰਾ ਰੋਡ, ਲੁਧਿਆਣਾ, ਪੰਜਾਬ-141116 ਸੂਚਿਤ ਕਰਦਾ ਹਾਂ ਕਿ ਸੁਭਾਸ਼ ਗਰਗ ਅਤੇ ਸੁਭਾਸ਼ ਦੋਵੇਂ ਨਾਂਅ ਮੇਰੇ ਪਿਤਾ ਦੇ ਹਨ ਅਤੇ ਇੱਕੋ ਵਿਅਕਤੀ ਦੇ ਹਨ। ਸਬੰਧਿਤ ਨੋਟ ਕਰਨ।

ਮੈਂ, ਸਿਲੇਮਾਨ ਪੁੱਤਰ ਸਦਾਗਰ, ਵਾਸੀ ਪਿੰਡ ਰਾਮ ਨਗਰ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੈਂ ਆਪਣਾ ਨਾਂਅ ਸਿਲੇਮਾਨ ਤੋਂ ਬਦਲ ਕੇ ਸੈਮ ਮੱਟੂ ਰੱਖ ਲਿਆ ਹੈ।

## ਆਮ ਸੂਚਨਾ

ਮੈਂ, ਨਿਸ਼ਾਨ ਸਿੰਘ ਪੁੱਤਰ ਅਮਰਜੀਤ ਸਿੰਘ ਉਰਫ ਅਮਰ ਸਿੰਘ, ਵਾਸੀ ਪਿੰਡ ਕਿਲਾ ਨੱਥੂ ਸਿੰਘ, ਡਾਕਖਾਨਾ ਭਿਖਾਰੀਵਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਪੰਜਾਬ। ਮੇਰੇ ਪਿਤਾ ਦਾ ਨਾਂਅ ਅਮਰਜੀਤ ਸਿੰਘ ਉਰਫ ਅਮਰ ਸਿੰਘ ਇਕ ਹੀ ਵਿਅਕਤੀ ਦਾ ਨਾਂਅ ਹੈ।

**ਨੰਗਲ (ਸੁਰਜੀਤ ਸਿੰਘ)**- ਸੰਤ ਬਾਬਾ ਗੁਰਦਿਆਲ ਸਿੰਘ ਬੇਦੀ ਜਿੱਥੇ ਸੇਵਾ ਦੀ ਬਹੁਤ ਵੱਡੀ ਮੂਰਤ ਸੀ, ਉੱਥੇ ਹੀ ਹਮੇਸ਼ਾ ਕਹਿੰਦੇ ਹੁੰਦੇ ਸੀ ਕਿ ਜੋ ਸਿੱਖ ਖ਼ੁੱਦ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਆਪਣਾ ਪਰਵਾਰ ਪਾਲਦਾ ਹੈ ਤੇ ਉਸ ਵਿੱਚੋਂ ਕੁੱਝ ਹਿੱਸਾ ਕਿਸੇ ਦੀ ਮਦਦ ਲਈ ਲਗਾਉਂਦਾ ਹੈ, ਉਹੀ ਗੁਰੂ ਦਾ ਸੱਚਾ ਸਿੱਖ ਹੈ। ਬਾਬਾ ਬੇਦੀ ਦੇ ਗੁਰੂ ਦਸਨਾਮਾ ਜੂਨਾ ਅਖਾੜਾ ਦੇ ਸੰਤ ਬ੍ਰਹਮਾ ਨੰਦ ਗਿਰੀ ਸਨ। ਬਾਬਾ ਜੀ ਦਾ ਬਚਪਨ ਦਾ ਨਾਮ ਸ਼ਤੀਸ ਕੁਮਾਰ ਸੀ ਤੇ ਸਵਾਮੀ ਗਿਰੀ ਨੇ ਉਨ੍ਹਾਂ ਨੂੰ 'ਸੰਤ ਰੂਪ ਗਿਰੀ' ਦਾ ਨਾਂਅ ਦਿੱਤਾ।ਸਵਾਮੀ ਗਿਰੀ ਨੇ ਆਪਣੇ ਅੰਤਲੇ ਸਮੇਂ ਜਦੋਂ ਬਾਬਾ ਜੀ ਪੰਦਰਾਂ ਸਾਲ ਦੇ ਸਨ, ਤਾਂ ਕੋਲ ਬੁਲਾ ਕੇ ਕਿਹਾ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ 17ਵੀਂ ਪੀੜ੍ਹੀ ਵਿੱਚੋਂ ਹੋ। ਆਪ ਜੀ ਨੇ ਸਿੱਖੀ ਸਰੂਪ ਧਾਰਨ ਕਰਨਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਹੈ। ਇਸ ਤੋਂ ਬਾਅਦ ਬਾਬਾ ਜੀ ਦਾ ਨਾਂਅ ਗੁਰਦਿਆਲ ਸਿੰਘ ਰੱਖਿਆ ਗਿਆ। ਉਨ੍ਹਾਂ ਹਸਪਤਾਲ ਵਿੱਚ ਬਿਮਾਰੀ ਦੇ ਸਮੇਂ ਵੀ ਆਪਣੇ ਕੇਸਾਂ ਅਤੇ ਰੋਮਾਂ ਦੀ ਬੇ-ਅਦਬੀ ਨਹੀਂ ਹੋਣ ਦਿੱਤੀ। ਬਾਬਾ ਬੇਦੀ ਨੇ ਲੰਬਾ ਸਮਾਂ ਦੇਸੀ ਦਵਾਈਆਂ ਵੰਡਣ ਦੀ ਮੁਫਤ ਸੇਵਾ ਵੀ ਕੀਤੀ। ਬਾਬਾ ਜੀ ਅਜਿਹੀ ਸ਼ਖਸੀਅਤ ਸਨ, ਜੇਕਰ ਕੋਈ ਉਨ੍ਹਾਂ ਨੂੰ ਮਾਇਆ ਨਾਲ ਮੱਥਾ ਟੇਕਣ ਦੀ ਕੋਸ਼ਿਸ਼ ਕਰਦਾ ਤਾਂ ਉਹ ਮਨ੍ਹਾ ਕਰਕੇ ਬੋਲਦੇ ਕਿ ਇਸ ਮਾਇਆ ਨੂੰ ਗੁਰੂ ਘਰ ਭੇਟ ਕਰ ਦਿਓ, ਜਾਂ ਕਿਸੇ ਗਰੀਬ ਸਿੱਖ ਦੀ ਮਦਦ ਕਰ ਦਿਓ।ਬਾਬਾ ਬੇਦੀ ਵਲੋਂ ਖਾਲਸਾ ਸਾਜਨਾ ਦੀ ਤੀਜੀ ਸ਼ਤਾਬਦੀ ਮੌਕੇ 1999 ਵਿੱਚ ਚੰਗਰ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਬਣਾਈ ਜਾਣ ਵਾਲੀ ਫੌਜੀ ਛਾਉਣੀ ਦਾ ਡਟ ਕੇ ਵਿਰੋਧ ਕੀਤਾ। ਇਸ ਤੋਂ ਬਿਨ੍ਹਾਂ ਵੀ.ਆਈ.ਪੀ. ਸੜਕ ਦੀਆਂ 25 ਕੋਠੀਆਂ ਦੇ ਉਜਾੜੇ ਨੂੰ ਰੋਕਣ ਲਈ ਖੱਬੇ ਪੱਖੀ ਧਿਰਾਂ,ਬਸਪਾ ਅਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਨਾਲ ਲੈ ਕੇ ਇੱਕ ਲੋਕ ਹਿੱਤ ਵਿਕਾਸ ਕਮੇਟੀ ਦਾ ਗਠਨ ਕੀਤਾ ਅਤੇ ਸੜਕ ਨੂੰ 300 ਤੋਂ 30 ਫੁੱਟ ਕਰਵਾਇਆ। ਬਾਬਾ ਬੇਦੀ ਨੇ ਸ੍ਰੀ ਅਕਾਲ ਤਖਤ ਸਾਹਿਬ ਨਾਲ ਹੋਈ ਧੱਕੇਸ਼ਾਹੀ ਖਿਲਾਫ ਸ਼੍ਰੋਮਣੀ ਕਮੇਟੀ ਦੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਜਾਣ ਦਾ ਫੈਸਲਾ ਕੀਤਾ ਅਤੇ ਉਨ੍ਹਾਂ ਦੇ ਬਹੁਤ ਹੀ ਕਰੀਬੀ ਬਣ ਗਏ। ਬਾਬਾ ਬੇਦੀ ਨੇ ਸਰਬ-ਹਿੰਦ ਸ਼੍ਰੋਮਣੀ ਅਕਾਲੀ ਦਲ ਅਤੇ ਫਿਰ ਅਕਾਲੀ ਦਲ ਲੌਂਗੋਵਾਲ ਦੀ ਮਜਬੂਤੀ ਲਈ ਕੰਮ ਕੀਤਾ ਅਤੇ ਪੱਕੇ ਤੌਰ 'ਤੇ ਸਾਬਕਾ ਮੈਂਬਰ ਲੋਕ ਸਭਾ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨਾਲ ਜੁੜ ਗਏ।ਬਾਬਾ ਜੀ ਨਾਲ 40 ਦੇ ਕਰੀਬ ਪਰਵਾਰ ਆਪਣੇ ਜੱਦੀ ਪਿੰਡ ਛੱਡ ਕੇ 1988 ਵਿੱਚ ਸ੍ਰੀ ਅਨੰਦਪੁਰ ਸਾਹਿਬ ਆ ਵਸੇ, ਤੇ ਉਨ੍ਹਾਂ ਦੇ ਬੱਚਿਆਂ ਦੇ ਵਿਆਹ ਜਾਤ-ਪਾਤ ਤੋਂ ਉੱਪਰ ਰੱਖ ਕੇ ਸਵਾ ਰੁਪਏ ਸ਼ਗਨ ਨਾਲ ਕਰਵਾਏ ਗਏ। ਬਾਬਾ ਜੀ ਗੜ੍ਹਸ਼ੰਕਰ ਲਾਗੇ ਪਿੰਡ ਪੋਸੀ ਦੇ ਜੰਮਪਲ ਸਨ। ਆਪ ਤਿੰਨ ਭਰਾ ਅਤੇ ਦੋ ਭੈਣਾਂ ਸਨ।ਉਨ੍ਹਾਂ ਦੇ ਗ੍ਰਹਿਸਥ ਜੀਵਨ ਤੋਂ ਇੱਕ ਪੁੱਤਰੀ ਅਤੇ ਇੱਕ ਪੁੱਤਰ ਸਾਬਕਾ ਕੌਂਸ਼ਲਰ ਇੰਦਰਜੀਤ ਸਿੰਘ ਬੇਦੀ ਸਮਾਜ ਸੇਵਾ ਵਿੱਚ ਮੋਹਰੀ ਰੋਲ ਅਦਾ ਕਰ ਰਹੇ ਹਨ। ਬਾਬਾ ਜੀ ਨਮਿਤ ਅੰਤਿਮ ਅਰਦਾਸ 5 ਜੁਲਾਈ ਨੂੰ ਗੁਰਦੁਆਰਾ ਕਿਲ੍ਹਾ ਫਤਿਹਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਬਾਅਦ ਦੁਪਹਿਰ 1:30 ਵਜੇ ਹੋਵੇਗੀ।



5 July Page-9.qxd 7/4/2025 11:04 PM Page 1



# ਪ੍ਰਧਾਨ ਢਾਬੇ 'ਤੇ ਹਮਲੇ ਦਾ ਮੁੱਖ ਦੋਸ਼ੀ ਗ੍ਰਿਫ਼ਤਾਰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- 20 ਅਪ੍ਰੈਲ ਨੂੰ ਗਗਨਦੀਪ ਸਿੰਘ ਉਰਫ ਗਗਨ ਦੀ ਅਗਵਾਈ ਵਿੱਚ ਪੰਜ ਹਮਲਾਵਰਾਂ ਦੇ



ਇੱਕ ਸਮੂਹ ਨੇ ਪ੍ਰਧਾਨ ਢਾਬੇ ਦੇ ਮਾਲਕ ਦਲਵਿੰਦਰ ਸਿੰਘ ਉਰਫ ਰਿੰਕੂ, ਪਿੰਡ ਮਮੌਲੀ, ਥਾਣਾ ਲਾਲੜੂ, ਐਸਏਐਸ ਨਗਰ 'ਤੇ ਬੇਰਹਿਮੀ ਨਾਲ ਹਮਲਾ ਕੀਤਾ ਸੀ, ਜਿਸ ਨਾਲ ਉਸਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ ਸਨ। ਇਸ ਸਬੰਧ ਵਿੱਚ, ਬੀਐਨਐਸ ਦੀ ਧਾਰਾ 109, 115(2), 117(2), 117(4), 118(1), 118(2), 126(2), 191(3), ਅਤੇ 190 ਦੇ ਤਹਿਤ ਐਫਆਈਆਰ ਨੰਬਰ 48 ਮਿਤੀ 21 ਅਪ੍ਰੈਲ ਨੂੰ ਥਾਣਾ ਲਾਲੜੂ ਵਿਖੇ ਦਰਜ ਕੀਤੀ ਗਈ ਸੀ। ਅਪਰਾਧ ਵਾਲੀ ਥਾਂ ਤੋਂ ਇਕੱਠੇ ਕੀਤੇ ਸਬੂਤਾਂ/ਸੁਰਾਗਾਂ ਅਤੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਜਾਂਚ ਦੌਰਾਨ ਸਾਰੇ ਦੋਸ਼ੀਆਂ ਦੀ ਸਫਲਤਾਪੂਰਵਕ ਪਛਾਣ ਕੀਤੀ ਗਈ। ਘਟਨਾ ਤੋਂ ਥੋੜ੍ਹੀ ਦੇਰ ਬਾਅਦ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਦੋਂ ਕਿ ਇੱਕ ਹੋਰ ਦੋਸ਼ੀ, ਗੋਲੂ, ਨੂੰ ਬਾਅਦ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਹਮਲੇ ਦਾ ਮੁੱਖ ਦੋਸ਼ੀ ਗਗਨਦੀਪ ਸਿੰਘ ਉਰਫ ਗਗਨ, ਜੋ ਕਿ ਐਸਏਐਸ ਨਗਰ ਦੇ ਸੁਰਤ ਮਨੌਲੀ ਦਾ ਰਹਿਣ ਵਾਲਾ ਸੀ, ਘਟਨਾ ਤੋਂ ਬਾਅਦ ਤੋਂ ਹੀ ਫਰਾਰ ਸੀ। ਹਿਊਮਨ/ਟੈਕ ਇਨਪੁਟ 'ਤੇ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਐਸਏਐਸ ਨਗਰ ਪੁਲਸ ਦੇ ਐਸਡੀ ਡੇਰਾ ਬੱਸੀ ਦੀ ਇੱਕ ਟੀਮ ਨੇ ਐਸਐਚਓ ਲਾਲੜੂ ਅਤੇ ਇੰਚਾਰਜ ਪੀਪੀ ਲੇਹਲੀ ਦੀ ਅਗਵਾਈ ਵਿੱਚ ਉਸਨੂੰ ਹਰਿਆਣਾ ਦੇ ਪਿਲਖਣੀ ਪਿੰਡ ਵਿੱਚ ਲੱਭ ਲਿਆ ਅਤੇ 30 ਜੂਨ ਨੂੰ ਸਫਲਤਾਪੂਰਵਕ ਉਸਨੂੰ ਗ੍ਰਿਫ਼ਤਾਰ ਕਰ ਲਿਆ। ਸਥਾਨਕ ਅਦਾਲਤ ਨੇ ਉਸਨੂੰ ਪੰਜ ਦਿਨਾਂ ਦੀ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ। ਸਵੇਰੇ ਗਗਨ ਨੂੰ ਅਪਰਾਧ ਵਿੱਚ ਵਰਤੇ ਗਏ ਹਥਿਆਰ ਦੀ ਬਰਾਮਦਗੀ ਲਈ ਲਾਲੜੂ ਖੇਤਰ ਦੇ ਝਰਮਲ ਨਦੀ ਦੇ ਨੇੜੇ ਲਿਜਾਇਆ ਗਿਆ। ਪੁਲਸ ਹਿਰਾਸਤ ਵਿੱਚੋਂ ਭੱਜਣ ਦੀ ਅਸਫਲ ਕੋਸ਼ਿਸ਼ ਵਿੱਚ ਉਸਦੀ ਸੱਜੀ ਲੱਤ ਵਿੱਚ ਫਰੈਕਚਰ ਹੋ ਗਿਆ। ਉਸਨੂੰ ਇਲਾਜ ਲਈ ਸਰਕਾਰੀ ਹਸਪਤਾਲ ਡੇਰਾ ਬੱਸੀ ਵਿੱਚ ਦਾਖਲ ਕਰਵਾ ਦਿੱਤਾ ਗਿਆ।

# ਨਸ਼ਾ ਮੁਕਤੀ ਮੋਰਚਾ ਨੇ ਜ਼ਿਲ੍ਹਾ ਪੁਲਸ ਮੁਖੀ ਨਾਲ ਕੀਤੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਸਤਵੰਤ ਸਿੰਘ ਸਿਆਣ ਨੇ ਐਸ.ਐਸ.ਪੀ ਹੁਸ਼ਿਆਰਪੁਰ ਸੰਦੀਪ ਮਲਿਕ ਨਾਲ ਮੀਟਿੰਗ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਆਰੰਭੀ ਨਸ਼ਾ ਮੁਕਤ ਪੰਜਾਬ ਮੁਹਿੰਮ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਇਸ ਮੀਟਿੰਗ ਵਿਚ ਨੋਡਲ ਅਫ਼ਸਰ ਯੁੱਧ ਨਸ਼ਿਆਂ ਵਿਰੁੱਧ ਐਸ.ਪੀ ਮੇਜਰ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਸਤਵੰਤ ਸਿੰਘ ਸਿਆਣ ਨੇ ਦੱਸਿਆ ਕਿ ਨਸ਼ਾ ਮੁਕਤੀ ਮੋਰਚਾ ਵੱਲੋਂ ਨਸ਼ਾ ਵਿਰੋਧੀ ਲੋਕ ਮੁਹਿੰਮ ਦਾ ਦੂਜਾ ਪੜਾਅ 11 ਜੁਲਾਈ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਵਿਚ ਹਰੇਕ ਹਲਕੇ ਵਿਚ ਰੋਜ਼ਾਨਾ ਤਿੰਨ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਹੇਠਲੇ ਪੱਧਰ ਤੱਕ ਆਮ ਲੋਕਾਂ ਤੱਕ ਪਹੁੰਚ ਕਰਕੇ ਨਸ਼ਾ ਛੱਡਣ ਵਾਲੇ ਮਰੀਜ਼ਾਂ ਦਾ ਇਲਾਜ ਕਰਵਾਇਆ ਜਾਵੇਗਾ ਅਤੇ ਉਨ੍ਹਾਂ ਦੇ ਇਲਾਜ ਲਈ ਢੁਕਵੇਂ ਪ੍ਰਬੰਧ ਕਰਵਾਏ ਜਾਣਗੇ। ਉਨ੍ਹਾਂ ਨਸ਼ਾ ਵੇਚਣ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਨਸ਼ਾ ਤਸਕਰ ਪੰਜਾਬ ਵਿਚ ਨਸ਼ਾ ਵੇਚਣਾ ਬੰਦ ਕਰ ਦੇਣ ਜਾਂ ਪੰਜਾਬ ਦੀਆਂ ਹੱਦਾਂ ਛੱਡ ਕੇ ਚਲੇ ਜਾਣ। ਉਨ੍ਹਾਂ ਕਿਹਾ ਕਿ ਸਰਕਾਰ ਕਿਸੇ ਵੀ ਨਸ਼ਾ ਤਸਕਰ ਨੂੰ ਨਹੀਂ ਬਖਸ਼ੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਨਸ਼ੇ ਤੋਂ ਪੀੜਤ ਲੋਕਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿਖੇ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਸਕਿੱਲ ਟ੍ਰੇਨਿੰਗ ਵੀ ਮੁਹੱਈਆ ਕਰਵਾਈ ਜਾ ਰਹੀ ਹੈ। ਪਿੰਡਾਂ ਅਤੇ ਸ਼ਹਿਰਾਂ ਵਿਚ ਜਿਹੜੇ ਵੀ ਲੋਕ ਨਸ਼ਾ ਵੇਚਣ ਵਾਲੇ ਵਿਅਕਤੀਆਂ ਦੀ ਸਿਫਾਰਸ਼ ਲਈ ਪੁਲਸ ਕੋਲ ਜਾਣਗੇ ਜਾਂ ਅਦਾਲਤ ਵਿਚ ਜ਼ਮਾਨਤ ਲਈ ਜਾਣਗੇ, ਉਨ੍ਹਾਂ ਦੇ ਨਾਂਅ ਜਨਤਕ ਕੀਤੇ ਜਾਣਗੇ ਅਤੇ ਲੋਕਾਂ ਨੂੰ ਅਜਿਹੇ ਲੋਕਾਂ ਦਾ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ ਜਾਵੇਗਾ। ਮੀਟਿੰਗ ਦੌਰਾਨ ਐਸ.ਐਸ.ਪੀ ਸੰਦੀਪ ਮਲਿਕ ਨੇ ਕਿਹਾ ਕਿ ਪੁਲਸ ਵੱਲੋਂ ਲਗਾਤਾਰ ਨਸ਼ਾ ਤਸਕਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਆਪਣੇ ਅਧੀਨ ਪੈਂਦੇ ਸਮੂਹ ਪੁਲਸ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ 'ਤੇ ਖਾਸ ਨਜ਼ਰ ਰੱਖੀ ਜਾਵੇ। ਇਸ ਮੌਕੇ ਡਾ. ਰਾਕੇਸ਼ ਕੰਡਾ ਜ਼ਿਲ੍ਹਾ ਸਹਾਇਕ ਕੋਆਰਡੀਨੇਟਰ ਵੀ ਮੌਜੂਦ ਸਨ।

# ਡੀ ਐਸ ਪੀ ਅਮਨਦੀਪ ਸੌਂਧੀ ਨੂੰ ਗੁਰਜ ਨਾਲ ਕੀਤਾ ਸਨਮਾਨਤ

**ਫਗਵਾੜਾ (ਡਾ. ਰਮਨ, ਇੰਦਰਜੀਤ ਮਠਾੜੂ)**- ਪੰਜਾਬ ਪੁਲਸ ਵਿਭਾਗ 'ਚ ਇੰਸਪੈਕਟਰ ਤੋਂ ਡੀ.ਐਸ.ਪੀ. ਪ੍ਰਮੋਟ ਹੋਏ ਪਹਿਲਵਾਨ ਅਮਨਦੀਪ ਸੌਂਧੀ ਨੂੰ ਰਾਏਪੁਰ



ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਵਿਖੇ ਪੁੱਜਣ 'ਤੇ ਸਮੂਹ ਕੋਚ ਅਤੇ ਪਹਿਲਵਾਨਾਂ ਵੱਲੋਂ ਗੁਰਜ ਅਤੇ ਸ਼ਾਲ ਨਾਲ ਸਨਮਾਨਤ ਕਰਦਿਆਂ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ। ਇਸ ਮੌਕੇ ਅਕੈਡਮੀ ਦੇ ਸੰਚਾਲਕ ਅਤੇ ਪਹਿਲਵਾਨ ਅਮਨਦੀਪ ਸੌਂਧੀ ਦੇ ਪਿਤਾ ਪੀ.ਆਰ. ਸੌਂਧੀ ਸਾਬਕਾ ਅੰਤਰਰਾਸ਼ਟਰੀ ਕੁਸ਼ਤੀ ਕੋਚ ਨੇ ਦੱਸਿਆ ਕਿ ਉਹਨਾਂ ਨੂੰ ਆਪਣੇ ਹੋਣਹਾਰ ਪੁੱਤਰ 'ਤੇ ਬਹੁਤ ਮਾਣ ਹੈ, ਜਿਸ ਨੇ ਨਾ ਸਿਰਫ਼ ਕੁਸ਼ਤੀ ਵਿੱਚ ਬਲਕਿ ਪੁਲਸ ਵਿਭਾਗ 'ਚ ਵੀ ਆਪਣੀਆਂ ਬਿਹਤਰੀਨ ਸੇਵਾਵਾਂ ਦਿੱਤੀਆਂ ਹਨ। ਜਿਸ ਦੀ ਬਦੌਲਤ ਉਸ ਨੂੰ ਡੀ.ਐਸ.ਪੀ. ਪ੍ਰਮੋਟ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਬਤੌਰ ਪਹਿਲਵਾਨ ਅਮਨਦੀਪ ਸੌਂਧੀ ਨੇ 2007 ਦੀਆਂ ਕਾਮਨਵੈਲਥ ਖੇਡਾਂ 'ਚ ਭਾਰਤ ਲਈ ਸਿਲਵਰ ਮੈਡਲ ਹਾਸਲ ਕੀਤਾ ਸੀ। ਇਸ ਤੋਂ ਇਲਾਵਾ ਉਸ ਨੂੰ ਭਾਰਤ ਕੇਸਰੀ, ਭਾਰਤ ਕੁਮਾਰ, ਕਨੇਡਾ ਕੇਸਰੀ ਦੇ ਖਿਤਾਬ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਨਿਵਾਜਿਆ ਜਾ ਚੁੱਕਾ ਹੈ। ਪਹਿਲਵਾਨ ਅਮਨਦੀਪ ਸੌਂਧੀ ਨੇ 96 ਕਿਲੋ ਭਾਰ ਵਰਗ ਦੀ ਕੌਮੀ ਚੈਂਪੀਅਨਸ਼ਿਪ ਵੀ ਆਪਣੇ ਨਾਂਅ ਕੀਤੀ। ਉਸ ਵਲੋਂ ਖੇਡਾਂ ਵਿਚ ਕੀਤੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਸਾਲ 2001 ਵਿੱਚ ਪੰਜਾਬ ਸਰਕਾਰ ਨੇ ਪੁਲਸ ਵਿਭਾਗ 'ਚ ਬਤੌਰ ਏ.ਐਸ.ਆਈ. ਭਰਤੀ ਕੀਤਾ ਸੀ। ਉਹਨਾਂ ਦੇ ਹੋਣਹਾਰ ਪੁੱਤਰ ਅਮਨਦੀਪ ਸੌਂਧੀ ਨੇ ਆਪਣੀ ਮਿਹਨਤ ਅਤੇ ਇਮਾਨਦਾਰੀ ਦੇ ਬੂਤੇ ਅੱਜ ਡੀ.ਐਸ.ਪੀ. ਤੱਕ ਦਾ ਸਫਰ ਤੈਅ ਕੀਤਾ ਹੈ। ਉਹਨਾਂ ਅਮਨਦੀਪ ਸੌਂਧੀ ਨੂੰ ਡੀ.ਐਸ.ਪੀ. ਦੀ ਨਵੀਂ ਜ਼ਿੰਮੇਵਾਰੀ ਲਈ ਸ਼ੁੱਭ ਇੱਛਾਵਾਂ ਦਿੰਦਿਆਂ ਭਰੋਸਾ ਜਤਾਇਆ ਕਿ ਉਹ ਪੁਲਸ ਵਿਭਾਗ ਦੇ ਹੋਰ ਵੀ ਉੱਚੇ ਅਹੁਦਿਆਂ ਨੂੰ ਹਾਸਲ ਕਰੇਗਾ। ਡੀ.ਐਸ.ਪੀ. ਅਮਨਦੀਪ ਸੌਂਧੀ ਨੇ ਅਕੈਡਮੀ ਵਿਖੇ ਸਿਖਲਾਈ ਪ੍ਰਾਪਤ ਕਰ ਰਹੇ ਪਹਿਲਵਾਨਾਂ ਨਾਲ ਆਪਣੇ ਪੁਰਾਣੇ ਤਜਰਬੇ ਸਾਂਝੇ ਕੀਤੇ ਅਤੇ ਉਹਨਾਂ ਨੂੰ ਸਖ਼ਤ ਮਿਹਨਤ ਨਾਲ ਆਪਣਾ ਟੀਚਾ ਹਾਸਲ ਕਰਨ ਲਈ ਪ੍ਰੇਰਿਆ। ਇਸ ਮੌਕੇ ਉਹਨਾਂ ਨੇ ਆਪਣੀ ਤਰੱਕੀ ਦੀ ਖੁਸ਼ੀ ਵਿੱਚ ਲੱਡੂਆਂ ਨਾਲ ਪਹਿਲਵਾਨਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਕੇਕ ਵੀ ਕੱਟੇ। ਇਸ ਮੌਕੇ ਪਰਿਵਾਰ ਦੇ ਮੈਂਬਰਾਂ 'ਚ ਰਵਿੰਦਰ ਕੌਰ, ਰੂਪ ਨੀਤ, ਗੁਨਤਾਜ, ਸੁਖਵਾਂ, ਸੁਰਿੰਦਰ ਕੌਰ ਤੋਂ ਇਲਾਵਾ ਅੰਤਰਰਾਸ਼ਟਰੀ ਕੁਸ਼ਤੀ ਕੋਚ ਰਵਿੰਦਰ ਨਾਥ, ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰੈਸ ਸਕੱਤਰ ਰੀਤ ਪ੍ਰੀਤ ਪਾਲ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲਾਂ ਦੇ ਮੇਧਾਵੀ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ ਮੁਫਤ ਕੋਚਿੰਗ : ਮਹੀਪਾਲ ਢਾਂਡਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਸਿਖਿਆ ਮੰਤਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਹਰਿਆਣਾ ਸਰਕਾਰ ਦਾ ਉਦੇਸ਼ ਸਰਕਾਰੀ ਸਕੂਲਾਂ ਵਿੱਚ ਸਿਖਿਆ ਦੇ ਪੱਧਰ ਵਿੱਚ ਹੋਰ ਵੱਧ ਸੁਧਾਰ ਲਿਆਉਣਾ ਤੇ ਵਿਦਿਆਰਥੀਆਂ ਨੂੰ ਬਿਹਤਰ ਸਹੂਲਤ ਉਪਲਬਧ ਕਰਵਾਉਣਾ ਹੈ। ਇਸੀ ਲੜੀ ਵਿੱਚ ਸਰਕਾਰੀ ਸਕੂਲਾਂ ਦੇ ਮੇਧਾਵੀ ਵਿਦਿਆਰਥੀਆਂ ਨੂੰ ਮੁਫਤ ਕੋਚਿੰਗ ਦਿੱਤੀ ਜਾਵੇਗੀ, ਤਾਂ ਜੋ ਉਹ ਆਈਆਈਟੀ, ਐਨਡੀਏ ਤੇ ਹੋਰ ਪ੍ਰੀਖਿਆਵਾਂ ਵਿੱਚ ਸਫਲ ਹੋ ਸਕਣ। ਇਸ ਨੂੰ ਲੈ ਕੇ ਸਿਖਿਆ ਵਿਭਾਗ ਵੱਲੋਂ ਪਾਇਲਟ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਪਹਿਲੇ ਕੁੱਝ ਬਲਾਕਾਂ ਵਿੱਚ ਸਰਕਾਰੀ ਸਕੂਲਾਂ ਦੇ ਬਿਹਤਰੀਨ ਅਧਿਆਪਕਾਂ ਵੱਲੋਂ ਸਕੂਲ ਟਾਈਮ ਦੇ ਬਾਅਦ ਮੇਧਾਵੀ ਵਿਦਿਆਰਥੀਆਂ ਨੂੰ ਕੋਚਿੰਗ ਦਿੱਤੀ ਜਾਵੇਗੀ। ਇਹ ਪ੍ਰੋਜੈਕਟ ਸਫਲ ਰਿਹਾ ਤਾਂ ਇਸ ਨੂੰ ਪੂਰੇ ਸੂਬੇ ਵਿੱਚ ਲਾਗੂ ਕੀਤਾ ਜਾਵੇਗਾ। ਸਿਖਿਆ ਮੰਤਰੀ ਪੰਚਕੂਲਾ ਸਥਿਤ ਸਿਖਿਆ ਸਦਨ ਵਿੱਚ ਸਿਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਹੋਈ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਪ੍ਰਾਈਵੇਟ ਸਕੂਲਾਂ ਦੀ ਤਰਜ 'ਤੇ ਸਰਕਾਰੀ ਸਕੂਲਾਂ ਵਿੱਚ ਮਾਪਿਆਂ-ਅਧਿਆਪਕਾਂ ਦੀ ਮੀਟਿੰਗ ਕਰਨ ਦੀ ਯੋਜਨਾ ਹੈ। ਤਾਂ ਜੋ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਸਿਖਿਆ ਦੇ ਪੱਧਰ ਦੀ ਜਾਣਕਾਰੀ ਹੋਵੇ ਅਤੇ ਉਹ ਬੱਚਿਆਂ ਦੀ ਸਿਖਿਆ ਵਿੱਚ ਹੋਰ ਗੁਣਵੱਤਾ ਲਿਆਉਣ ਵਿੱਚ ਸਹਿਯੋਗ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇ ਖਿਡਾਰੀਆਂ ਨੇ ਵਿਸ਼ਵਭਰ ਵਿੱਚ ਖੇਡਾਂ ਵਿੱਚ ਡੰਕਾ ਵਜਾਇਆ ਹੋਇਆ ਹੈ। ਸਾਡੇ ਖਿਡਾਰੀ ਹੀ ਓਲੰਪਿਕ, ਵਿਸ਼ਵ ਚੈਂਪੀਅਨਸ਼ਿਪ, ਏਸ਼ਿਅਨ ਗੇਮਸ ਤੇ ਕਾਮਨਵੈਲਥ ਖੇਡਾਂ ਵਿੱਚ ਸੱਭ ਤੋਂ ਵੱਧ ਮੈਡਲ ਜਿੱਤ ਰਹੇ ਹਨ। ਖਿਡਾਰੀਆਂ ਦੀ ਸਕੂਲ ਟਾਈਮ ਤੋਂ ਹੀ ਖੇਡ ਦੀ ਨੀਂਹ ਮਜਬੂਤ ਹੁੰਦੀ ਹੈ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਸਕੂਲ ਸਿਖਿਆ ਸ੍ਰੀ ਵਿਨੀਤ ਗਰਗ, ਐਲੀਮੈਂਟਰੀ ਐਜੂਕੇਸ਼ਨ ਦੇ ਡਾਇਰੈਕਟ ਸ੍ਰੀ ਵਿਵੇਕ ਅਗਰਵਾਲ ਅਤੇ ਸੈਕੇਂਡਰੀ ਐਜੂਕੇਸ਼ਨ ਦੇ ਨਿਦੇਸ਼ਕ ਜਿਤੇਂਦਰ ਦਹੀਆ ਤੇ ਹੋਰ ਅਧਿਕਾਰੀ ਮੌਜੂਦ ਰਹੇ।

# ਅਧਿਆਪਕਾਂ ਤੋਂ ਬਿਨਾਂ ਸਕੂਲਾਂ 'ਚ ਸਿੱਖਿਆ ਕ੍ਰਾਂਤੀ ਨਹੀਂ ਆ ਸਕਦੀ : ਕਰੀਮਪੁਰੀ

**ਹੁਸ਼ਿਆਰਪੁਰ (ਓ ਪੀ ਰਾਣਾ)** ਆਪ ਸਰਕਾਰ ਵੱਲੋਂ ਤਿੰਨ ਸਾਲਾਂ 'ਚ ਇੱਕ ਲੱਖ ਕਰੋੜ ਦਾ ਕਰਜ਼ਾ ਲੈਣ ਦਾ ਮਤਲਬ ਪੰਜਾਬ ਸਰਕਾਰ ਦੀਆਂ ਨੀਤੀਆਂ ਆਰਥਿਕ ਤੌਰ 'ਤੇ ਪਹਿਲੀਆਂ ਸਰਕਾਰਾਂ ਵਾਂਗ ਸੂਬੇ ਨੂੰ ਬਰਬਾਦ ਕਰਨ ਵਾਲੀਆਂ ਹਨ। ਪਹਿਲੀਆਂ ਸਰਕਾਰਾਂ ਵਾਂਗ ਇਹ ਵੀ ਲੋਕਾਂ ਨੂੰ ਲਾਰੇ ਲਾਉਂਦੇ ਹਨ, ਦਿੰਦੇ ਕੁਝ ਨਹੀਂ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵੱਲੋਂ 8500 ਕਰੋੜ ਦੇ ਕਰਜ਼ੇ ਦੀ ਮਨਜ਼ੂਰੀ ਮਿਲਣ 'ਤੇ ਜੋ ਖੁਸ਼ੀ ਪ੍ਰਗਟਾਈ ਜਾ ਰਹੀ ਹੈ ਇਹ ਪੰਜਾਬ ਦਾ ਦੁਖਾਂਤ ਹੈ। 2022 ਵਿੱਚ ਚੋਣਾਂ ਤੋਂ ਪਹਿਲਾਂ ਜਿਹੜੇ ਸਾਰਾ ਕਰਜ਼ਾ ਖਤਮ ਕਰਨ ਦੀ ਗੱਲ ਕਰਦੇ ਸੀ ਉਹ ਹੁਣ ਇੱਕ ਲੱਖ ਕਰੋੜ ਦਾ ਕਰਜ਼ਾ ਤਿੰਨ ਸਾਲਾਂ 'ਚ ਲੈ ਕੇ ਖੁਸ਼ ਹੋ ਰਹੇ ਹਨ।ਇਸ ਤੋਂ ਪਹਿਲੀਆਂ ਸਰਕਾਰਾਂ ਅਕਾਲੀ ਭਾਜਪਾ ਤੇ ਕਾਂਗਰਸ ਨੇ 2 ਲੱਖ 74 ਹਜ਼ਾਰ ਕਰੋੜ ਦਾ ਕਰਜ਼ਾ ਪੰਜਾਬ ਸਿਰ ਚਾੜ੍ਹਿਆ ਸੀ ਅਤੇ ਆਮ ਪਾਰਟੀ ਦੀ ਸਰਕਾਰ ਨੇ ਇਹਦੇ ਵਿੱਚ ਇੱਕ ਲੱਖ ਕਰੋੜ ਦਾ ਤਿੰਨ ਸਾਲਾਂ 'ਚ ਵਾਧਾ ਕੀਤਾ ਹੈ। ਕਰੀਮਪੁਰੀ ਨੇ ਕਿਹਾ ਕਿ ਆਪ ਸਰਕਾਰ ਨਸ਼ਿਆਂ ਨੂੰ ਖਤਮ ਕਰਨ ਵਿਚ ਬੁਰੀ ਤਰਾਂ ਫੇਲ ਸਾਬਿਤ ਹੋਈ ਹੈ।ਪਿੰਡ ਪਿੰਡ ਸ਼ਰਾਬ ਦੇ ਠੇਕੇ ਤੇ ਥਾਂ ਥਾਂ ਖੋਲ ਕੇ ਆਪ ਸਰਕਾਰ ਨੇ ਨਸ਼ਿਆਂ ਨੂੰ ਘਰ ਘਰ ਪਹੁੰਚਾ ਦਿੱਤਾ ਹੈ।ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਇਤਿਹਾਸਕ ਚਰਨਛੋਹ ਧਰਤੀ ਸ੍ਰੀ ਖੁਰਾਲਗੜ ਸਾਹਿਬ ਅੰਦਰ ਸ਼ਰਾਬ ਦਾ ਠੇਕਾ ਖੋਲਣਾ ਅਤੇ ਬਾਂਦਾਂ ਖੋਲਣੀਆਂ ਇਸ ਗੱਲ ਦੇ ਸ਼ਰਮਨਾਕ ਸਬੂਤ ਹਨ। ਕਰੀਮਪੁਰੀ ਨੇ ਕਿਹਾ ਸਕੂਲਾਂ ਵਿੱਚ ਮੁਕੰਮਲ ਅਧਿਆਪਕਾਂ ਤੋਂ ਬਿਨ੍ਹਾਂ ਸਿੱਖਿਆ ਵਿੱਚ ਕ੍ਰਾਂਤੀ ਨਹੀਂ ਆ ਸਕਦੀ।ਸਕੂਲਾਂ ਅੰਦਰ ਹਜ਼ਾਰਾਂ ਮਾਸਟਰਾਂ ਅਤੇ ਹੋਰ ਕਰਮਚਾਰੀਆਂ ਦੀਆਂ ਪੋਸਟਾਂ ਖਾਲੀ ਪਈਆਂ ਹਨ, ਕੱਚੇ ਅਧਿਆਪਕ ਪੱਕੇ ਹੋਣ ਲਈ ਸੰਘਰਸ਼ ਕਰ ਰਹੇ ਹਨ।ਕਰੀਮਪੁਰੀ ਨੇ ਕਿਹਾ ਪੰਜਾਬ ਦੀ ਜਨਤਾ ਪੰਜਾਬ ਨੂੰ ਬਰਬਾਦ ਕਰਨ ਵਾਲਿਆਂ ਬਾਰੇ ਸੋਚੇ ਇਹਨਾਂ ਨੂੰ ਪੰਜਾਬ ਦੀ ਰਾਜਨੀਤੀ ਵਿੱਚੋਂ ਰੱਦ ਕਰੇ ਅਤੇ ਬਹੁਜਨ ਸਮਾਜ ਪਾਰਟੀ ਦੀ 'ਪੰਜਾਬ ਸੰਭਾਲੋ ਮੁਹਿੰ' ਦਾ ਹਿੱਸਾ ਬਣੇ ਤਾਂ ਕਿ ਪੰਜਾਬ ਨੂੰ ਇਸ ਸੰਕਟ 'ਚੋਂ ਕੱਢਿਆ ਜਾ ਸਕੇ।



# ਡਿਪਟੀ ਕਮਿਸ਼ਨਰ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਦੇ ਆਦੇਸ਼

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਸ੍ਰੀਮਤੀ ਕੋਮਲ ਮਿੱਤਲ ਨੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਆਰਥਿਕ ਤੌਰ 'ਤੇ ਮਜ਼ਬੂਤੀ ਦੇਣ ਲਈ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੂੰ ਉਪਰਾਲੇ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਉਪਰਾਲੇ ਸੁਸਾਇਟੀ ਦੇ ਨਵੇਂ ਉਦਮ 'ਵਿੰਗਜ਼' ਤਹਿਤ ਕੀਤੇ ਜਾਣਗੇ ਤਾਂ ਜੋ ਅਜਿਹੇ ਬੱਚੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਆਪਣੀਆਂ ਵਿੱਤੀ ਲੋੜਾਂ ਲਈ ਸੁਤੰਤਰ ਹੋ ਸਕਣ।ਅੱਜ ਵਿਸ਼ੇਸ਼ ਲੋੜਾਂ ਵਾਲੇ ਅਜਿਹੇ ਤਿੰਨ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਨਾਲ ਆਪਣੇ ਦਫ਼ਤਰ ਵਿਖੇ ਉਨ੍ਹਾਂ ਦੇ ਭਵਿੱਖ ਸਬੰਧੀ ਚਰਚਾ ਕਰਦਿਆਂ ਕਿਹਾ ਕਿ ਇਨ੍ਹਾਂ ਬੱਚਿਆਂ ਦੇ ਬਾਲਗ ਹੋਣ 'ਤੇ ਉਨ੍ਹਾਂ ਦੇ ਭਵਿੱਖ ਨੂੰ ਵਿੱਤੀ ਤੌਰ 'ਤੇ ਸੁਰੱਖਿਅਤ ਕਰਨਾ ਸਭ ਤੋਂ ਅਹਿਮ ਕਾਰਜ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਅਜਮਾਇਸ਼ੀ ਤੌਰ 'ਤੇ ਪਹਿਲੇ ਪੜਾਅ 'ਚ ਇਨ੍ਹਾਂ ਤਿੰਨ ਬੱਚਿਆਂ ਲਈ ਕਿਸੇ ਵਿੱਦਿਅਕ ਸੰਸਥਾ 'ਚ ਸਾਂਝੇ ਤੌਰ 'ਤੇ 'ਟੱਕ ਸ਼ਾਪ' ਖੋਲ੍ਹੀ ਜਾਵਗੀ, ਜਿੱਥੇ ਉਹ ਕਨਫ਼ੈਕਸ਼ਨਰੀ ਆਦਿ ਨਾਲ ਸੰਬੰਧਤ ਵਸਤਾਂ ਦੀ ਵਿੱਕਰੀ ਕਰਕੇ ਆਪਣਾ ਆਮਦਨੀ ਦਾ ਸ੍ਰੋਤ ਯਕੀਨੀ ਬਣਾਉਣ ਦੇ ਯੋਗ ਹੋ ਸਕਣਗੇ।ਜਿਨ੍ਹਾਂ ਤਿੰਨ ਵਿਸ਼ੇਸ਼ ਲੋੜਾਂ ਵਾਲੇ ਬਾਲਗਾਂ ਨਾਲ ਅੱਜ ਉਨ੍ਹਾਂ ਵੱਲੋਂ ਮੁਲਾਕਾਤ ਕੀਤੀ ਗਈ, ਉਨ੍ਹਾਂ ਵਿੱਚ ਸਰਬਜੀਤ ਸਿੰਘ, ਸ਼ਹੀਦ ਮੇਜਰ ਹਰਮਿੰਦਰ ਸਿੰਘ ਸਰਕਾਰੀ ਕਾਲਜ, ਫੇਜ਼ 6, ਮੋਹਾਲੀ ਤੋਂ ਬੀ ਬੀ ਏ ਕਰ ਰਿਹਾ ਹੈ ਅਤੇ ਸਪੈਸ਼ਲ ਬੱਚਿਆਂ ਦੀ ਦੌੜ 'ਚ ਦੋ ਸੋਨ



ਤਗਮੇ ਵੀ ਜਿੱਤ ਚੁੱਕਾ ਹੈ। ਉਹ ਬਹੁਤ ਵਧੀਆ ਤਬਲਾ ਵਾਦਕ ਵੀ ਹੈ। ਜਦਕਿ ਜਗਤੇਸ਼ਵਰ ਸਿੰਘ ਓਪਨ ਸਕੂਲ ਰਾਹੀਂ 10+2 ਕਰਨ ਉਪਰੰਤ ਹੁਣ ਸਪੈਸ਼ਲ ਉਲੰਪਿਕਸ ਫ਼ਾਰ ਸਪੈਸ਼ਲ ਚਿਲਡਰਨ ਦੇ ਨੈਸ਼ਨਲ ਸਾਇਕਲਿੰਗ ਮੁਕਾਬਲੇ ਲਈ ਤਿਆਰੀ ਕਰ ਰਿਹਾ ਹੈ। ਉਹ ਇਸ ਤੋਂ ਪਹਿਲਾਂ ਸਟੇਟ ਮੁਕਾਬਲਾ ਜਿੱਤ ਚੁੱਕਾ ਹੈ। ਇਸ ਤੋਂ ਇਲਾਵਾ ਉਸ ਵੱਲੋਂ ਕੰਪਿਊਟਰ ਕੋਰਸ ਵੀ ਕੀਤਾ ਹੋਇਆ ਹੈ। ਨਿਮਿਤ ਡੋਗਰਾ ਜੋ 12 ਵੀਂ ਦੀ ਪੜ੍ਹਾਈ ਕਰ ਰਿਹਾ ਹੈ, ਵੀ ਸਾਇਕਲਿੰਗ ਅਤੇ ਸਲੋ-ਰੇਸ ਦਾ ਖਿਡਾਰੀ ਹੈ ਅਤੇ ਬਹੁਤ ਸਾਰੇ ਮੈਡਲ ਵੀ ਹਾਸਲ ਕਰ ਚੁੱਕਾ ਹੈ।ਇਨ੍ਹਾਂ ਦੀਆਂ ਮਾਤਾਵਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੀ ਇਸ ਤਜਵੀਜ਼ ਦਾ ਸਵਾਗਤ ਕਰਦਿਆਂ ਆਪਣੇ ਵੱਲੋਂ ਉਨ੍ਹਾਂ ਦੀ ਕਾਮਯਾਬੀ ਲਈ ਪੂਰਨ ਸਹਿਯੋਗ ਦਾ ਵਾਅਦਾ ਕੀਤਾ, ਜਿਸ ਵਿੱਚ ਇਨ੍ਹਾਂ ਨੂੰ ਲਿਆਉਣ ਅਤੇ ਵਾਪਸ ਲੈ ਕੇ ਜਾਣਾ ਸ਼ਾਮਲ ਹੋਵੇਗਾ। ਡਿਪਟੀ ਕਮਿਸ਼ਨਰ ਨੇ ਇਨ੍ਹਾਂ ਮਾਵਾਂ ਵੱਲੋਂ ਆਪਣੇ ਬੱਚਿਆਂ ਨੂੰ ਬੜੀ ਮਿਹਨਤ ਨਾਲ ਚਣੌਤੀ ਪੂਰਨ ਜ਼ਿੰਦਗੀ ਜਿਊਣ ਲਈ ਹੌਂਸਲੇ ਦੀ ਉਦਾਹਰਣ ਦੇਣ ਲਈ ਉਨ੍ਹਾਂ ਦੀ ਸ਼ਲਾਘਾ ਵੀ ਕੀਤੀ। ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਹਰਬੰਸ ਸਿੰਘ ਨੇ 'ਵਿੰਗਜ਼' ਯੋਜਨਾ ਬਾਰੇ ਹੋਰ ਵੇਰਵੇ ਦਿੰਦਿਆਂ ਦੱਸਿਆ ਕਿ ਇਸ ਦਾ ਉਦੇਸ਼ ਇਨ੍ਹਾਂ ਸਪੈਸ਼ਲ ਲੋੜਾਂ ਵਾਲੇ ਬੱਚਿਆਂ ਲਈ ਅਜਿਹੇ ਸਵੈ-ਰੋਜ਼ਗਾਰ ਦਾ ਪ੍ਰਬੰਧ ਕਰਨਾ ਹੈ, ਜਿਸ ਰਾਹੀਂ ਉਹ ਆਪਣੀ ਮਰਜ਼ੀ ਅਨੁਸਾਰ ਅਤੇ ਸੁਵਿਧਾ ਅਨੁਸਾਰ ਵਿੱਤੀ ਤੌਰ 'ਤੇ ਕਮਾਈ ਕਰ ਸਕਣ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਦੀ ਪਹਿਲ ਕਦਮੀ 'ਤੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦਾ ਇਹ ਪਹਿਲਾ ਅਜਮਾਇਸ਼ੀ ਉਪਰਾਲਾ ਹੋਵੇਗਾ, ਜਿਸ ਦੀ ਸਫ਼ਲਤਾ ਦੇ ਵਿਸ਼ਲੇਸ਼ਣ ਤੋਂ ਬਾਅਦ ਇਸ ਨੂੰ ਹੋਰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਤੱਕ ਵਧਾਇਆ ਜਾਵੇਗਾ।

# ਹਰਿਆਣਾ ਸਰਕਾਰ ਨੇ ਪਾਰਟ ਟਾਈਮ ਤੇ ਰੋਜ਼ਾਨਾ ਵੇਤਨ ਭੋਗੀ ਕਰਮਚਾਰੀਆਂ ਦੀ ਤਨਖਾਹ ਦਰ 'ਚ ਕੀਤੀ ਸੋਧ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਸਰਕਾਰ ਨੇ ਆਪਣੇ ਪਾਰਟ ਟਾਇਮ ਅਤੇ ਰੋਜਾਨਾ ਵੇਤਨਭੋਗੀ ਕਰਮਚਾਰੀਆਂ ਲਈ ਤਨਚਾਹ ਦਰਾਂ ਵਿੱਚ ਸੋਧ ਕੀਤੀ ਹੈ। ਵਧੀ ਹੋਈ ਦਰ 1 ਜਨਵਰੀ, 2025 ਤੋਂ ਪ੍ਰਭਾਵੀ ਹੋਣਗੀਆਂ। ਮੁੱਖ ਸਕੱਤਰ ਅਨੁਰਾਗ ਰਸਤੋਗੀ ਵੱਲੋਂ ਇਸ ਬਾਰੇ ਵਿੱਚ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ। ਸੋਧ ਦਰਾਂ ਅਨੁਸਾਰ ਦੋ ਵੇਤਨ ਸੈਲਬ ਬਣਾਏ ਗਏ ਹਨ। ਹਰਿਆਣਾ ਕੌਸ਼ਲ ਰੁਜਗਾਰ ਨਿਗਮ ਅਨੁਸਾਰ ਜੇਕਰ ਕਿਸੇ ਪਾਰਟ ਟਾਇਮ ਜਾਂ ਰੋਜਾਨਾ ਵੇਤਨਭੋਗੀ ਦਾ ਮਹੀਨਾ ਵੇਤਨ 19,900 ਰੁਪਏ ਹੈ ਤਾਂ ਉਸ ਦਾ ਦੈਨਿਕ ਵੇਤਨ 765 ਰੁਪਏ, ਪ੍ਰਤੀ ਘੰਟਾ ਵੇਤਨ 96 ਰੁਪਏ ਨਿਰਧਾਰਿਤ ਕੀਤਾ ਗਿਆ ਹੈ। ਜੇਕਰ ਕੋਈ ਕਰਮਚਾਰੀ ਮਹੀਨੇ ਵਿੱਚ ਰੋਜਾਨਾ ਇੱਕ ਘੰਟਾ ਕੰਮ ਕਰਦਾ ਹੈ ਤਾਂ ਪ੍ਰਤੀਮਹੀਨਾ 2487 ਰੁਪਏ ਤਨਖਾਹ ਮਿਲੇਗੀ। ਸਰਕਾਰ ਨੇ ਗਰੁੱਪ ਸੀ ਅਤੇ ਗਰੁੱਪ ਡੀ ਦੇ ਸਰਕਾਰੀ ਰੈਗੂਲਰ ਕਰਮਚਾਰੀਆਂ ਲਈ ਪ੍ਰਤੀਪੂਰਵਕ ਛੁੱਟੀ ਪ੍ਰਦਾਨ ਹਰਿਆਣਾ ਸਿਵਲ ਸੇਵਾ (ਛੁੱਟੀ) ਨਿਯਮ, 2016 ਵਿੱਚ ਸੋਧ ਦੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਹੈ। ਸੋਧ ਨਿਯਮ ਤਹਿਤ ਜੇਕਰ ਕਰਮਚਾਰੀ ਨੋਟੀਫਾਇਡ ਛੁੱਟੀ 'ਤੇ ਅਧਿਕਾਰਕ ਡਿਊਟੀ ਕਰਦੇ ਹਨ, ਤਾਂ ਉਹ ਇੱਕ ਮਹੀਨੇ ਦੇ ਅੰਦਰ ਪ੍ਰਤੀਪੂਰਵਕ ਛੁੱਟੀ ਦੇ ਹੱਕਦਾਰ ਹੋਣਗੇ। ਇਹ ਛੁੱਟੀ ਸਬਧਿਤ ਛੁੱਟੀਆਂ ਅਤੇ ਸਟੇਸ਼ਨ ਲੀਵ ਦੇ ਨਾਲ ਵੀ ਲਿਆ ਜਾ ਸਕਦਾ ਹੈ। ਹਾਲਾਂਕਿ ਕਿਸੇ ਵੀ ਸਥਿਤੀ ਵਿੱਚ ਕੁੱਲ ਛੁੱਟੀ ਸਮੇਂ 16 ਦਿਨਾਂ ਤੋਂ ਵੱਧ ਨਹੀਂ ਹੋਵੇਗੀ। ਜੇਕਰ ਕੋਈ ਕਰਮਚਾਰੀ ਇੱਕ ਮਹੀਨੇ ਦੇ ਸਮੇਂ ਦੇ ਅੰਦਰ ਪ੍ਰਤੀਪੂਰਵਕ ਛੁੱਟੀ ਲਈ ਬਿਨੈ ਕਰਦਾ ਹੈ ਅਤੇ ਮੰਜੂਰ ਅਧਿਕਾਰੀ ਅਪੀਲ ਨੂੰ ਨਾਮੰਜੂਰ ਕਰ ਦਿੰਦਾ ਹੈ ਤਾਂ ਅਗਲੇ 15 ਦਿਨਾਂ ਦੇ ਅੰਦਰ ਛੁੱਟੀ ਦਾ ਲਾਭ ਚੁੱਕਿਆ ਜਾ ਸਕਦਾ ਹੈ, ਨਹੀਂ ਤਾਂ ਛੁੱਟੀ ਖਤਮ ਮੰਨੀ ਜਾਵੇਗੀ। ਇਸ ਤੋਂ ਇਲਾਵਾ, ਜੇਕਰ ਉਸੀ ਦਿਨ ਲਈ ਮਾਲੀ ਪ੍ਰੋਤਸਾਹਨ ਪ੍ਰਦਾਨ ਕੀਤਾ ਗਿਆ ਹੈ ਜਾਂ ਪ੍ਰਸਤਾਵਿਤ ਹੈ ਤਾਂ ਪ੍ਰਤੀਪੂਰਵਕ ਛੁੱਟੀ ਪ੍ਰਦਾਨ ਨਹੀਂ ਕੀਤੀ ਜਾਵੇਗੀ। ਰਾਜ ਸਰਕਾਰ ਨੇ ਆਊਟਸੋਰਸਿੰਗ ਪੋਲਿਸੀ ਭਾਗ-2 ਤਹਿਤ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੇ ਠੇਕੇ ਦਾ ਸਮੇਂ ਇੱਕ ਹਮੀਨੇ ਲਈ ਵਧਾਉਣ ਦਾ ਵੀ ਫੈਸਲਾ ਕੀਤਾ ਹੈ। ਹੁਣ ਇੰਨ੍ਹਾਂ ਕਰਮਚਾਰੀਆਂ ਦਾ ਠਕਾ 31 ਜੁਲਾਈ, 2025 ਤੱਕ ਪ੍ਰਭਾਵੀ ਰਹੇਗਾ।

# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ ਅੱਜ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਸ਼ੁੱਭ ਦਿਹਾੜਾ 05 ਜੁਲਾਈ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦਸਿਆ ਕਿ ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ।ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਅਤੇ ਉਚ ਕੋਟੀ ਦੇ ਪੰਥ ਪਸਿੱਧ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਵਜੇ ਕੀਤਾ ਜਾਵੇਗਾ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ।

# ਸਤੀ ਕਰਤਾਰ ਸੇਵਾ ਸੁਸਾਇਟੀ ਭਲਕ ਤੋਂ ਬਹਿਰਾਮ 'ਚ ਨਿਰਸਵਾਰਥ ਟਿਫਿਨ ਸੇਵਾ ਸ਼ੁਰੂ ਕਰੇਗੀ

**ਬੰਗਾ (ਅਵਤਾਰ ਕਲੇਰ)** ਨਵਾਂਸ਼ਹਿਰ ਵਿੱਚ ਨਵੀਂ ਬਣੀ ਸਤੀ ਕਰਤਾਰ ਸੇਵਾ ਸੁਸਾਇਟੀ ਮੁਫਤ ਨਿਰਸਵਾਰਥ ਟਿਫਿਨ ਸੇਵਾ ਗੁਰੂ ਕੀ ਰਸੋਈ ਬਹਿਰਾਮ ਦੀ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੌਰਾਨ ਇਲਾਕੇ ਦੇ ਲੋੜਵੰਦ ਅਤੇ ਬੇਸਹਾਰਾ ਲੋਕਾਂ ਦੀ ਮੱਦਦ ਕਰਨ ਦੇ ਉਦੇਸ਼ ਨਾਲ ਬਹਿਰਾਮ ਕਸਬੇ ਵਿੱਚ ਸੁਸਾਇਟੀ ਵੱਲੋਂ ਸ਼ੁਰੂ ਕੀਤੀ ਜਾ ਰਹੀ ਮੁਫਤ ਟਿਫਿਨ ਸੇਵਾ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।




ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਅਤੇ ਜਨਰਲ ਸਕੱਤਰ ਸਤਪਾਲ ਸਿੰਘ ਨੇ ਦੱਸਿਆ ਕਿ ਇਹ ਨਿਰਸਵਾਰਥ ਸੇਵਾ 6 ਜੁਲਾਈ ਨੂੰ ਸਵੇਰੇ 8 ਵਜੇ ਬਹਿਰਾਮ ਕਸਬੇ ਦੇ ਗੁਰਦੁਆਰਾ ਨਾਨਕ ਦਰਬਾਰ (ਨੇੜੇ ਥਾਣਾ ਬਹਿਰਾਮ) ਵਿਖੇ ਸ਼ੁਰੂ ਕੀਤੀ ਜਾਵੇਗੀ, ਜਿਸ ਵਿੱਚ ਬਹਿਰਾਮ ਕਸਬੇ ਦੇ ਪੰਚਾਇਤ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਅਤੇ ਸਮਾਜ ਭਲਾਈ ਸੰਸਥਾਵਾਂ ਦੇ ਨੁਮਾਇੰਦੇ ਮੌਜੂਦ ਰਹਿਣਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੰਗਰ ਦੇ ਸਿਧਾਂਤ ਤੋਂ ਪ੍ਰੇਰਿਤ ਹੋ ਕੇ, ਉਨ੍ਹਾਂ ਵੱਲੋਂ ਇੱਕ ਸੁਸਾਇਟੀ ਬਣਾ ਕੇ ਇਹ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ। ਜੋਗਿੰਦਰ ਸਿੰਘ ਨੇ ਦੱਸਿਆ ਕਿ ਮੁਫਤ ਟਿਫਿਨ ਸੇਵਾ ਵਿੱਚ ਲੋੜਵੰਦ ਅਤੇ ਬੇਸਹਾਰਾ ਲੋਕਾਂ ਨੂੰ ਸਵੇਰੇ ਦੋ ਸਮੇਂ ਦਾ ਖਾਣਾ ਮੁਹੱਈਆ ਕਰਵਾਇਆ ਜਾਵੇਗਾ। ਇਸ ਦੌਰਾਨ ਸੁਸਾਇਟੀ ਦੇ ਜਨਰਲ ਸਕੱਤਰ ਸਤਪਾਲ ਸਿੰਘ ਨੇ ਕਿਹਾ ਕਿ ਸੁਸਾਇਟੀ ਪੌਦੇ ਲਗਾਉਣ ਦੀ ਮੁਹਿੰਮ ਚਲਾ ਕੇ ਵਾਤਾਵਰਣ ਦੀ ਸਵੱਛਤਾ ਵਿੱਚ ਵੀ ਯੋਗਦਾਨ ਪਾਏਗੀ, ਜਦੋਂ ਕਿ ਇਲਾਕੇ ਦੀਆਂ ਲੜਕੀਆਂ ਅਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਸਿਲਾਈ-ਕਢਾਈ ਕੇਂਦਰ ਖੋਲ੍ਹਣ ਲਈ ਯਤਨ ਕੀਤੇ ਜਾਣਗੇ। ਮੀਟਿੰਗ ਵਿੱਚ ਸੁਸਾਇਟੀ ਦੇ ਉਪ ਪ੍ਰਧਾਨ ਜਗਦੀਸ਼ ਕੌਰ, ਕੈਸ਼ੀਅਰ ਬਲਵੀਰ ਰਾਮ ਤੋਂ ਇਲਾਵਾ ਸੁਸਾਇਟੀ ਦੇ ਮੈਂਬਰ ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਨਵੀਨ ਚੱਡਾ, ਮਨਜੀਤ ਸਿੰਘ ਭੰਗਲ, ਜਸਵਿੰਦਰ ਸਿੰਘ, ਗੁਰਪਾਲ ਸਿੰਘ ਮੌਜੂਦ ਸਨ।

# ਮਾਤਾ ਦਰਸ਼ਨ ਕੌਰ ਚੱਠਾ ਦੇ ਦੇਹਾਂਤ 'ਤੇ ਰਾਣਾ ਗੁਰਜੀਤ ਸਿੰਘ ਤੇ ਲਾਡੀ ਸ਼ੇਰੋਵਾਲੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਸ਼ਾਹਕੋਟ (ਗਿਆਨ ਸੈਦਪੁਰੀ)** ਪਹਿਲਵਾਨ ਨਛੱਤਰ ਸਿੰਘ ਸੱਤੀ ਅਤੇ ਸੁਖਵੰਤ ਸਿੰਘ ਦੇ ਮਾਤਾ ਦਰਸ਼ਨ ਕੌਰ ਚੱਠਾ ਦਾ ਬੀਤੀ 28 ਜੂਨ ਨੂੰ ਦੇਹਾਂਤ ਹੋ ਗਿਆ ਸੀ। ਸ਼ੁੱਕਰਵਾਰ ਨੂੰ ਪਹਿਲਵਾਨ ਨਛੱਤਰ ਸਿੰਘ ਦੇ ਗ੍ਰਹਿ ਢੰਡੋਵਾਲ ਵਿਖੇ ਸਾਬਕਾ ਮੰਤਰੀ ਅਤੇ ਐਮ ਐਲ ਏ ਹਲਕਾ ਕਪੂਰਥਲਾ ਰਾਣਾ ਗੁਰਜੀਤ ਸਿੰਘ, ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਹਲਕਾ ਇੰਚਾਰਜ ਨਕੋਦਰ ਡਾਕਟਰ ਨਵਜੋਤ ਸਿੰਘ ਦਾਹੀਆ ਨੇ ਚੱਠਾ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ।ਰਾਣਾ ਗੁਰਜੀਤ ਸਿੰਘ ਨੇ ਪਹਿਲਵਾਨ ਨਛੱਤਰ ਸਿੰਘ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਤਾ ਪਿਤਾ ਦੀ ਹਮੇਸ਼ਾ ਹੀ ਜ਼ਰੂਰਤ ਹੁੰਦੀ ਹੈ ਪਰ ਇਹ ਸਭ ਕੁਝ ਉਸ ਅਕਾਲ ਪੁਰਖ ਦੇ ਹੱਥ ਹੈ ਕਦੋਂ ਕਿਸ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿਣਾ ਪੈ ਜਾਵੇ।ਉਹਨਾਂ ਕਿਹਾ ਕਿ ਪਰਮਾਤਮਾ ਮਾਤਾ ਦਰਸ਼ਨ ਕੌਰ ਚੱਠਾ ਜੀ ਦੀ ਰੂਹ ਨੂੰ ਸ਼ਾਂਤੀ ਦੇਣ ਅਤੇ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖਸ਼ਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ ਤੇ ਬਲਾਕ ਪ੍ਰਧਾਨ ਕਾਂਗਰਸ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਢੰਡੋਵਾਲ, ਪ੍ਰਿਤਪਾਲ ਸਿੰਘ ਢਿੱਲੋਂ ਜਨਰਲ ਸਕੱਤਰ ਜੇ ਪੀ ਜੀ ਏ, ਬੰਟੀ ਬਠਲਾ ਪ੍ਰਧਾਨ ਅਰੋੜਾ ਮਹਾਸਭਾ ਸ਼ਾਹਕੋਟ, ਸੁਖਦੀਪ ਸਿੰਘ ਕੰਗ ਪੀਏ, ਅਮਨਦੀਪ ਸੈਦਪੁਰੀ ਆਦਿ ਮੌਜੂਦ ਸਨ।

# ਸੁਲਤਾਨਪੁਰ ਲੋਧੀ ਵਿਖੇ 9 ਨੂੰ ਵਿਸ਼ਾਲ ਰੈਲੀ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ : ਐਡਵੋਕੇਟ ਰਾਣਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਦੇ ਆਗੂਆਂ ਵੱਲੋਂ ਹਰਜਿੰਦਰ ਸਿੰਘ ਰਾਣਾ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਪ੍ਰਧਾਨਗੀ ਹੇਠ ਮੀਟਿੰਗ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈਸ ਕਲੱਬ ਸੁਲਤਾਨਪੁਰ ਲੋਧੀ ਵਿਖੇ ਹੋਈ। ਇਸ ਮੌਕੇ ਕਿਸਾਨ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਮਜ਼ਦੂਰ ਵਿਰੋਧੀ, ਲੋਕ ਵਿਰੋਧੀ ਤੇ ਦੇਸ਼ ਵਿਰੋਧੀ ਫ਼ੈਸਲਿਆਂ ਖਿਲਾਫ ਕੇਂਦਰੀ ਟਰੇਡ ਯੂਨੀਅਨਾਂ ਅਤੇ ਫੈਡਰੇਸ਼ਨਾਂ ਦੇ ਸੱਦੇ ਤਹਿਤ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਦੀ ਸਫਲਤਾ ਲਈ ਕਿਸਾਨ ਯੂਨੀਅਨਾਂ ਦੇ ਸਾਂਝੇ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ, ਕੁਲ ਹਿੰਦ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਅਤੇ ਹੋਰ ਟਰੇਡ ਯੂਨੀਅਨ ਵੱਲੋਂ 9 ਜੁਲਾਈ ਨੂੰ ਸੁਲਤਾਨਪੁਰ ਲੋਧੀ ਦੇ ਬੱਸ ਸਟੈਂਡ ਵਿਖੇ ਵਿਸ਼ਾਲ ਰੈਲੀ ਅਤੇ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਦੀ ਕੀਤਾ ਗਿਆ ਹੈ। ਟਰੇਡ ਯੂਨੀਅਨਾਂ ਦਾ ਸਾਂਝਾ ਮੋਰਚਾ ਜ਼ਿਲ੍ਹਾ ਕਪੂਰਥਲਾ ਦੀ ਮੀਟਿੰਗ ਹੋਈ। ਯੂਨੀਅਨ ਆਗੂਆਂ ਨੇ ਸਾਂਝੇ ਬਿਆਨ ਵਿਚ ਟਰੇਡ




ਯੂਨੀਅਨਾਂ ਦੇ ਆਗੂਆਂ ਰਜਿੰਦਰ ਸਿੰਘ ਰਾਣਾ ਐਡਵੋਕੇਟ, ਰਸ਼ਪਾਲ ਸਿੰਘ, ਨਿਰਮਲ ਸਿੰਘ ਸ਼ੇਰਪੁਰ ਸੱਦਾ, ਬਲਦੇਵ ਸਿੰਘ ਕਾਮਰੇਡ, ਅਮਰਜੀਤ ਸਿੰਘ ਟਿੱਬਾ, ਪਰਸਨ ਲਾਲ ਭੋਲਾ, ਅਮਰੀਕ ਸਿੰਘ ਚਰਨਜੀਤ ਸਿੰਘ ਆਦਿ ਨੇ ਕਿਹਾ ਕਿ ਜਿਸ ਤਰ੍ਹਾਂ ਤੇਜ਼ੀ ਨਾਲ ਭਾਜਪਾ ਦੀ ਮੋਦੀ ਸਰਕਾਰ ਪਬਲਿਕ ਅਦਾਰਿਆਂ ਦਾ ਨਿੱਜੀਕਰਨ, ਅਜ਼ਾਦ ਤੇ ਨਿਰਪੱਖ ਸੰਸਥਾਵਾਂ ਦਾ ਭਗਵਾਂਕਰਨ ਅਤੇ ਦੇਸ਼ ਭਰ ਦੇ ਕੁਦਰਤੀ ਸੰਸਾਧਨ ਜਲ ਜੰਗਲ ਜ਼ਮੀਨ ਨੂੰ ਬਲਪੂਰਵਕ ਤਰੀਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ, ਉਸੇ ਤਰੀਕੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਨਾਲ ਧ੍ਰੋਹ ਕਰ ਰਹੀ ਤੇ ਭਾਜਪਾ ਦੀਆਂ ਲੋਕ ਵਿਰੋਧੀ ਤੇ ਦੇਸ਼ ਵਿਰੋਧੀ ਆਰਥਿਕ ਨੀਤੀਆਂ ਨੂੰ ਲਾਗੂ ਕਰਨ ਵਿਚ ਮਗਨ ਹੈ। ਇਸ ਮੌਕੇ ਐਡਵੋਕੇਟ ਰਜਿੰਦਰ ਸਿੰਘ ਰਾਣਾ, ਰਸ਼ਪਾਲ ਸਿੰਘ ਅਤੇ ਹੋਰ ਆਗੂਆਂ ਨੇ ਕਿਹਾ ਕਿ 9 ਜੁਲਾਈ ਦੇਸ਼ ਵਿਆਪੀ ਹੜਤਾਲ ਦੀਆਂ ਮੁੱਖ ਮੰਗਾਂ ਮਜ਼ਦੂਰ ਪੱਖੀ ਸਾਰੇ ਕਿਰਤ ਕਾਨੂੰਨਾਂ ਨੂੰ ਬਹਾਲ ਰੱਖਿਆ ਜਾਵੇ, ਚਾਰ ਲੇਬਰ ਕੋਟ ਰੱਦ ਕੀਤੇ ਜਾਣ, ਮਿਨੀਮਮ ਵੇਜ ਘੱਟੋ ਘੱਟ 26 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਤੇ ਦਿਹਾੜੀ 700 ਰੁਪਏ ਨਿਸਚਿਤ ਕੀਤੀ ਜਾਵੇ, ਅੱਠ ਘੰਟੇ ਕੰਮ ਦਿਹਾੜੀ ਦਾ ਸਮਾਂ ਪਹਿਲੇ ਦੀ ਤਰ੍ਹਾਂ ਬਹਾਲ ਰੱਖਿਆ ਜਾਵੇ, ਓਵਰ ਟਾਈਮ ਦਾ ਦੁੱਗਣੇ ਰੇਟ ਵਿੱਚ ਮਿਲਣਾ ਯਕੀਨੀ ਬਣਾਇਆ ਜਾਵੇ, ਆਸ਼ਾ ਵਰਕਰ, ਮਿਡ ਡੇਅ ਮੀਲ ਵਰਕਰ, ਆਂਗਣਵਾੜੀ ਵਰਕਰ ਤੇ ਹੋਰ ਸਕੀਮ ਅਧਾਰਤ ਵਰਕਰਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਸ਼ਾਮਲ ਕੀਤਾ ਜਾਵੇ ਤੇ ਦਿਹਾੜੀ ਘੱਟੋ ਘੱਟ 700 ਪ੍ਰਤੀ ਦਿਨ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਕਾਮਰੇਡ, ਮਾਸਟਰ ਚਰਨ ਸਿੰਘ ਕੁਲ ਹਿੰਦ ਕਿਸਾਨ ਸਭਾ, ਸਾਧੂ ਸਿੰਘ, ਅਮਰਜੀਤ ਸਿੰਘ, ਮਨਜਿੰਦਰ ਕਮਲ, ਅਮਰਜੀਤ ਸਿੰਘ, ਸੁਰਜੀਤ ਸਿੰਘ ਠੱਠਾ, ਫੌਜਾ ਸਿੰਘ, ਮਹਿੰਗਾ ਸਿੰਘ, ਹਰਵੰਤ ਸਿੰਘ ਵੜੈਚ ਨੰਬਰਦਾਰ, ਆਦਿ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਸੀਕਰੀ ਵਿਖੇ ਗੁਰਮਤਿ ਸਮਾਗਮ ਦਾ ਪੋਸਟਰ ਜਾਰੀ



**ਅੱਡਾ ਸਰਾਂ (ਅੱਡਾ ਸਰਾਂ)**- ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਪਿੰਡ ਸੀਕਰੀ ਵਿਖੇ ਮਹਾਨ ਗੁਰਮਤ ਸਮਾਗਮ ਭਲਕੇ 5 ਜੁਲਾਈ ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਪੋਸਟਰ ਜਾਰੀ ਕਰਦੇ ਹੋਏ ਪ੍ਰਬੰਧਕ ਸੇਵਾਦਾਰ ਮੁੱਖ ਸੇਵਾਦਾਰ ਪ੍ਰਧਾਨ ਬਲਵਿੰਦਰ ਸਿੰਘ, ਸਰਪੰਚ ਸੇਵਾ ਸਿੰਘ, ਹਰਵਿੰਦਰ ਸਿੰਘ, ਹਰਕਮਲ ਸਿੰਘ, ਅਮਰੀਕ ਸਿੰਘ, ਕਰਨੈਲ ਸਿੰਘ ਹੈਪੀ, ਗੁਰਜੀਤ ਸਿੰਘ, ਸੁਖਦੇਵ ਸਿੰਘ, ਜਸਵਿੰਦਰ ਸਿੰਘ, ਜੱਗਾ ਥਿਆੜਾ, ਲੱਕੀ ਥਿਆੜਾ ਤੇ ਸੁਖਵਿੰਦਰ ਸਿੰਘ ਮਾਣਾ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਵਾਸੀ ਭਾਰਤੀਆਂ, ਪਿੰਡ ਦੇ ਨੌਜਵਾਨਾਂ ਤੇ ਹੋਰ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਾਮ 7 ਵਜੇ ਤੋਂ ਦੇਰ ਰਾਤ ਤੱਕ ਕਰਵਾਏ ਜਾ ਰਹੇ ਕੀਰਤਨ ਦਰਬਾਰ ਵਿੱਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸੁਖਦੇਵ ਸਿੰਘ ਡੱਲਾ ਵਾਲੇ, ਨਿਹੰਗ ਸਿੰਘ ਭਾਈ ਸੁਖਬੀਰ ਸਿੰਘ ਦਾ ਕਵੀਸ਼ਰੀ ਜੱਥਾ ਅਤੇ ਭਾਈ ਅਮਰੀਕ ਸਿੰਘ ਸੀਕਰੀ ਵਾਲੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਨਗੇ। ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਇਸ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ ਅਤੇ ਸੰਗਤ ਦੀ ਸੇਵਾ ਸਹੂਲਤ ਵਾਸਤੇ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਹਰਿਆਣਾ ਦੇ ਮੁੱਖ ਮੰਤਰੀ ਨੇ ਪ੍ਰਭਾਵੀ ਜਲ ਨਿਕਾਸੀ ਪ੍ਰਣਾਲੀ ਯਕੀਨੀ ਕਰਨ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੌਜੂਦਾ ਮਾਨਸੂਨ ਸੀਜਨ ਦੇ ਮੱਦੇਨਜਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੀ ਡ੍ਰੇਨਾਂ ਦੀ ਪੂਰੀ ਤਰ੍ਹਾ ਸਫਾਈ ਯਕੀਨੀ ਕੀਤੀ ਜਾਵੇ ਅਤੇ ਗ੍ਰਾਮੀਣ ਤੇ ਸ਼ਹਿਰੀ ਖੇਤਰਾਂ ਵਿੱਚ ਜਲਭਰਾਵ ਦੀ ਸਮਸਿਆ ਤੋਂ ਬਚਣ ਲਈ ਪ੍ਰਭਾਵੀ ਜਲ੍ਹ ਨਿਕਾਸੀ ਪ੍ਰਣਾਲੀ ਯਕੀਨੀ ਕੀਤੀ ਜਾਵੇ। ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਬਰਸਾਤੀ ਪਾਣੀ ਦੇ ਤੁਰੰਤ ਨਿਕਾਸੀ ਲਈ ਕਾਫੀ ਗਿਣਤੀ ਵਿੱਚ ਪੰਪਾਂ ਦੀ ਵਿਵਸਥਾ ਕੀਤੀ ਜਾਵੇ। ਸੈਣੀ ਨੇ ਕਿਹਾ ਕਿ ਅਗਾਮੀ ਦਿਨਾਂ ਵਿੱਚ ਭਾਰੀ ਬਰਸਾਤ ਦੀ ਸੰਭਾਵਨਾ ਨੂੰ ਦੇਖਦੇ ਹੋਏ ਸਾਰੇ ਡਿਪਟੀ ਕਮਿਸ਼ਨਰ ਆਪਣੇ-ਆਪਣੇ ਜਿਲ੍ਹਿਆਂ ਵਿੱਚ ਬਰਸਾਤ ਦੇ ਪਾਣੀ ਦੀ ਨਿਕਾਸੀ ਲਈ ਜਰੂਰੀ ਵਿਵਸਥਾ ਯਕੀਨੀ ਕਰਨ, ਤਾਂ ਜੋ ਆਮ ਜਨਤਾ ਨੂੰ ਕਿਸੇ ਤਰ੍ਹਾ ਦੀ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਜਲਭਰਾਵ ਦੇ ਸੰਭਾਵਿਤ ਸਥਾਨਾਂ ਦੀ ਪਹਿਚਾਣ ਕਰ ਉਸ ਤੋਂ ਬਾਅਦ ਸਹੀ ਕਾਰਵਾਈ ਕਰਨ ਦੇ ਵੀ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਮਾਨਸੂਨ ਸੀਜਨ ਦੌਰਾਨ ਗੰਦੇ ਪਾਣੀ ਦੇ ਕਾਰਨ ਹੋਣ ਵਾਲੀ ਅਤੇ ਵੇਕਟਰ ਜਨਿਤ ਰੋਗਾਂ ਦੀ ਰੋਕਥਾਮ ਲਈ ਉਪਯੁਕਤ ਕਦਮ ਚੁੱਕਣ ਦੇ ਵੀ ਨਿਰਦੇਸ਼ ਦਿੱਤੇ। ਸੈਣੀ ਨੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਕਿ ਸਮਾਧਾਨ ਸ਼ਿਵਰਾਂ ਦੌਰਾਨ ਪ੍ਰਾਪਤ ਸ਼ਿਕਾਇਤਾਂ ਦਾ ਤੁਰੰਤ ਹੱਲ ਯਕੀਨੀ ਕੀਤਾ ਜਾਵੇ। ਮੀਟਿੰਗ ਵਿੱਚ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਗੁਪਤਾ, ਪੁਲਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ, ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਵਿਨੀਤ ਗਰਗ, ਸਿੰਚਾਈ ਅਤੇ ਜਲ੍ਹ ਸੰਸਾਧਨ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਅਗਰਵਾਲ, ਪੰਚਕੂਲਾ ਮਹਾਨਗਰ ਵਿਕਾਸ ਅਥਾਰਿਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਕੇ. ਮਕਰੰਦ ਪਾਂਡੂਰੰਗ, ਡਿਪਾਰਟਮੈਂਟ ਆਫ ਫਿਯੂਚਰ ਦੇ ਡਾਇਰੈਕਟਰ ਡਾ. ਆਦਿਤਅ ਦਹੀਆ, ਨਿਗਰਾਨੀ ਅਤੇ ਤਾਲਮੇਲ ਵਿਭਾਗ ਦੀ ਵਿਸ਼ੇਸ਼ ਸਕੱਤਰ ਡਾ. ਪ੍ਰਿਯੰਕਾ ਸੋਨੀ ਸਮੇਤ ਵੱਖ-ਵੱਖ ਵਿਭਾਗਾਂ ਦੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਪਲਾਹੀ ਕੋਆਪ੍ਰੇਟਿਵ ਸੁਸਾਇਟੀ ਦੀ ਚੋਣ ਮੁਲਤਵੀ ਕਰਨ ਲਈ ਸੁਸਾਇਟੀ ਮੈਂਬਰਾਂ ਨੇ ਪ੍ਰਸ਼ਾਸਨ ਦੀ ਕੀਤੀ ਸ਼ਲਾਘਾ

**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ)** ਫਗਵਾੜਾ ਪ੍ਰਸ਼ਾਸਨ ਵਲੋਂ ਵੀਰਵਾਰ 3 ਜੁਲਾਈ ਨੂੰ ਹੋਣ ਵਾਲੀ ਪਿੰਡ ਪਲਾਹੀ ਦੀ ਮਲਟੀਪਰਪਸ ਕੋਆਪ੍ਰੇਟਿਵ ਐਗਰੀਕਲਚਰ ਨੁਮਾਇੰਦਾ ਵੀ ਹੈ, ਦੀ ਮਿਲੀ ਭੁਗਤ ਅਤੇ ਸੁਸਾਇਟੀ ਮੈਂਬਰਾਂ ਤੋਂ ਇਲਾਵਾ ਸਬੰਧਤ ਪਿੰਡਾਂ ਦੇ ਆਮ ਲੋਕਾਂ ਨਾਲ ਸਿੱਧਾ ਧੱਕਾ ਦੱਸਿਆ। ਸੁਸਾਇਟੀ ਮੈਂਬਰਾਂ ਤੇ ਪਿੰਡ ਵਾਸੀਆਂ ਅਨੁਸਾਰ ਨੇ ਦੱਸਿਆ ਕਿ ਇਸ ਧੱਕੇ ਸੰਬੰਧੀ ਐੱਸ.ਡੀ.ਐੱਮ. ਅਤੇ ਸੰਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਇਹ ਗੱਲ ਲਿਆਂਦੀ ਗਈ, ਕਿਉਂਕਿ ਮੈਂਬਰਾਂ ਵਿੱਚ ਵੱਡਾ ਰੋਸ ਸੀ, ਅਤੇ ਲੜਾਈ-ਝਗੜੇ ਦਾ ਦੀ ਗੱਲ ਵੀ ਕਹੀ ਅਤੇ ਅਜਿਹੀਆਂ ਕੋਝੀਆਂ ਹਰਕਤਾਂ ਨੂੰ ਨਿੰਦਣਯੋਗ ਦੱਸਿਆ। ਇਸ ਮੌਕੇ ਪੰਚ ਸੰਨੀ ਚੰਦੜ, ਪੰਚ ਗੁਰਬਚਨ ਸਿੰਘ, ਪੰਚ ਗੁਰਬਖਸ਼ ਕੌਰ, ਪੰਚ ਬਲਵਿੰਦਰ ਕੌਰ, ਬਾਬਾ ਟੇਕ ਸਿੰਘ ਗੁਰਦੁਆਰਾ ਦੇ ਪ੍ਰਧਾਨ ਪਲਜਿੰਦਰ ਸਿੰਘ, ਮੈਨੇਜਰ ਰਣਜੀਤ ਸਿੰਘ,ਪ੍ਰਧਾਨ ਸੁਖਵਿੰਦਰ ਸਿੰਘ ਸੱਲ, ਫੁੱਟਬਾਲ ਅਕੈਡਮੀ ਕੋਚ ਬਲਵਿੰਦਰ ਸਿੰਘ ਫੋਰਮੈਨ,ਕੋਚ ਗੋਬਿੰਦ ਸਿੰਘ ਵੈਟਲਿਫਟਰ, ਸਾਬਕਾ ਸਰਪੰਚ ਦਰਬਾਰਾ ਸਿੰਘ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਮੈਂਬਰ, ਬਲਜੀਤ ਸਿੰਘ ਸੱਲ, ਹਰਮੇਲ ਸਿੰਘ ਗਿੱਲ, ਜਰਨੈਲ ਸਿੰਘ ਨੰਗਲ ਮੱਜਾ, ਰਜਿੰਦਰ ਸਿੰਘ ਬਸਰਾ, ਜਸਬੀਰ ਸਿੰਘ



ਸਰਵਿਸ ਸੁਸਾਇਟੀ ਲਿ. ਦੀ ਚੋਣ ਨੂੰ ਰੱਦ ਕੀਤੇ ਜਾਣ ਦੀ ਸ਼ਲਾਘਾ ਕਰਦੇ ਹੋਏ ਪਿੰਡ ਪਲਾਹੀ ਦੇ ਪੰਚਾਇਤ ਮੈਂਬਰਾਂ, ਨੰਬਰਦਾਰਾਂ ਤੋਂ ਇਲਾਵਾ ਸੁਸਾਇਟੀ ਦੇ ਮੈਂਬਰਾਂ ਅਤੇ ਇਲਾਕੇ ਭਰ ਦੇ ਲੋਕਾਂ ਨੇ ਕਿਹਾ ਕਿ ਕੁੱਲ 894 ਮੈਂਬਰਾਂ ਵਿੱਚੋਂ ਸਿਰਫ਼ 85 ਵੋਟਰਾਂ, ਜੋ ਕਿ ਸਿਰਫ ਕੁਝ ਪਰਿਵਾਰਾਂ ਦੇ ਨਾਲ ਸਬੰਧਤ ਹਨ ਨਾਲ ਚੋਣ ਕਰਵਾਈ ਜਾ ਰਹੀ ਸੀ, ਜੋ ਕਿ ਸਰਾਸਰ ਗਲਤ ਹੈ। ਉਹਨਾਂ ਕਿਹਾ ਕਿ ਕੁੱਝ ਲੋਕਾਂ ਵਲੋਂ ਮੀਡੀਆ ਅਤੇ ਆਮ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਬਿਆਨਬਾਜੀ ਕੀਤੀ ਜਾ ਰਹੀ ਹੈ ਜੋ ਕਿ ਸਰਾਸਰ ਗਲਤ ਹੈ। ਉਹਨਾਂ ਨੇ ਇਸ ਨੂੰ ਸੁਸਾਇਟੀ ਦੇ ਸਕੱਤਰ ਅਤੇ ਸਾਬਕਾ ਪ੍ਰਧਾਨ ਜੋ ਕਿ ਅਕਾਲੀ ਦਲ ਦਾ ਪਿਛਲੇ ਪੰਜ ਸਾਲਾਂ ਵਿੱਚ ਲੁਕਵੇਂ ਜਨਰਲ ਇਜਲਾਸ ਵਿਖਾ ਕੇ ਖਾਨਾਪੂਰਤੀ ਕੀਤੀ ਜਾਂਦੀ ਰਹੀ ਹੈ। ਮੈਂਬਰਾਂ ਨੂੰ ਰਜਿਸਟਰਡ ਨੋਟਿਸ ਨਹੀਂ ਭੇਜੇ ਗਏ। ਇਹਨਾਂ ਨੇ ਆਪਣੇ ਗੰਭੀਰ ਬੀਮਾਰ ਪਏ ਅਤੇ ਵਿਦੇਸ਼ ਗਏ ਮੈਂਬਰਾਂ ਦਾ ਲੈਣ-ਦੇਣ ਕਰਵਾ ਲਿਆ ਅਤੇ ਜਨਰਲ ਇਜਲਾਸਾਂ 'ਚ ਹਾਜ਼ਰੀ ਪੂਰੀ ਕਰਵਾ ਲਈ। ਵੱਡੀ ਗਿਣਤੀ ਮੈਂਬਰਾਂ ਦੀ ਵੋਟ ਇਸ ਕਰਕੇ ਰੱਦ ਕਰ ਦਿੱਤੀ ਗਈ ਕਿ ਉਹਨਾ ਨੇ ਘੱਟੋ-ਘੱਟ ਦੋ ਇਜਲਾਸਾਂ 'ਚ ਹਿੱਸਾ ਨਹੀਂ ਲਿਆ ਅਤੇ ਲਗਾਤਾਰ ਲੈਣ-ਦੇਣ ਨਹੀਂ ਕੀਤਾ। ਜਾਣਕਾਰੀ ਦਿੰਦਿਆਂ ਨੰਬਰਦਾਰ ਸੁਰਜਨ ਸਿੰਘ, ਪੰਚ ਰਵੀਪਾਲ, ਪੰਚ ਪੀਟਰ ਕੁਮਾਰ, ਪੰਚ ਰਵਿੰਦਰ ਸਿੰਘ ਸੱਗੂ, ਪੰਚ ਗੁਰਚਰਨ ਸਿੰਘ ਖਤਰਾ ਸੀ। ਪ੍ਰਸ਼ਾਸ਼ਨ ਤੇ ਸਰਕਾਰ ਤੱਕ ਪਹੁੰਚ ਕਰਨ ਤੇ ਆਮ ਕਿਸਾਨਾਂ, ਮਜ਼ਦੂਰਾਂ ਅਤੇ ਮੈਂਬਰਾਂ ਦੇ ਹਿੱਤ 'ਚ ਉਹਨਾ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਚੋਣ ਮੁਲਤਵੀ ਕੀਤੀ ਹੈ। ਇਸ ਮੌਕੇ 8 ਪਿੰਡਾਂ ਨਾਲ ਸੰਬੰਧਤ ਸੁਸਾਇਟੀ ਮੈਂਬਰਾਂ ਨੇ ਪ੍ਰਸ਼ਾਸ਼ਨ ਦੇ ਚੋਣ ਮੁਲਤਵੀ ਕਰਨ ਸਬੰਧੀ ਫੈਸਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਪ੍ਰਸ਼ਾਸਨ ਨੇ ਆਮ ਲੋਕਾਂ ਦੀ ਗੱਲ ਸੁਣੀ ਹੈ। ਉਹਨਾਂ ਮੰਗ ਕੀਤੀ ਕਿ ਸੁਸਾਇਟੀ ਦੇ ਘੱਟੋ-ਘੱਟ 2 ਆਮ ਇਜਲਾਸ ਕਰਵਾਏ ਜਾਣ, ਮੈਂਬਰਾਂ ਨੂੰ ਰਜਿਸਟਰਡ ਨੋਟਿਸ ਭੇਜੇ ਜਾਣ ਅਤੇ ਇਜਲਾਸ ਦੀ ਵੀਡੀਓਗ੍ਰਾਫੀ ਕੀਤੀ ਜਾਵੇ। ਇਕੱਠ ਨੇ ਅਮਨ ਭੰਗ ਕਰਨ ਵਾਲਿਆਂ ਵੱਲੋਂ ਧਮਕੀਆਂ ਦਿੱਤੇ ਜਾਣ ਬਸਰਾ, ਮਦਨ ਲਾਲ ਸਾਬਕਾ ਪੰਚ, ਜਸਵਿੰਦਰ ਪਾਲ ਸਾਬਕਾ ਪੰਚ, ਮੇਜਰ ਸਿੰਘ, ਅਸ਼ੋਕ ਕੁਮਾਰ, ਨਿਰਮਲ ਸਿਮਘ ਜੱਸੀ, ਡਾ: ਸੂਦ, ਬਲਬੀਰ ਸਿੰਘ ਬਸਰਾ, ਗੁਰਪ੍ਰੀਤ ਸਿੰਘ ਗੋਪੀ, ਹਰਭਜਨ ਸਿੰਘ, ਪਾਲ ਭਟੋਏ, ਦੀਪਾ ਬਸਰਾ ਸ਼ਾਦੀ ਰਾਮ, ਅਮਰਜੀਤ ਬਸਰਾ, ਰਾਮ ਪਾਲ, ਪਰਮਜੀਤ ਪੰਮਾ, ਅਮਰਜੀਤ ਕੱਕੂ, ਸੁਖਵਿੰਦਰ ਸਿੰਘ, ਪਾਲ, ਸੇਵਾ ਰਾਮ, ਹੰਸ ਰਾਜ, ਅਵਤਾਰ ਰਾਏ, ਸੰਤੋਖ ਰਾਮ, ਮੱਖਣ ਚੰਦ, ਅਮਰਵੀਰ ਸਿੰਘ, ਸਾਹਿਲ ਵਾਲੇ, ਦਵਿੰਦਰ ਸਿੰਘ ਮੋਹਿਤ ਪਾਲ, ਤਰਲੋਚਨ ਸਿੰਘ, ਪ੍ਰਭਜੋਤ ਸਿੰਘ ਗਿੱਲ, ਸੁਰਿੰਦਰ ਸਿੰਘ, ਕਮਲਦੀਪ ਸਿੰਘ, ਮਦਨ ਲਾਲ, ਹੁਸਨ ਲਾਲ, ਮੂਰਤੀ ਰਾਮ ਆਦਿ ਹਾਜ਼ਰ ਹਨ।

# ਬਿਜਲੀ ਦੇ ਨਿੱਜੀਕਰਨ ਵਿਰੁੱਧ ਕਿਸਾਨਾਂ, ਮਜ਼ਦੂਰਾਂ ਨੇ ਦਿੱਤਾ ਏ ਡੀ ਸੀ ਤੇ ਐਸ ਸੀ ਨੂੰ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ ਅੱਜ ਚੀਫ਼ ਬਿਜਲੀ ਬੋਰਡ ਐਸ ਸੀ ਅਤੇ ਐਕਸੀਅਨ ਡੀ ਸੀ ਆਦਿ ਨੂੰ ਪੰਜਾਬ ਭਰ ਵਿਚ ਬਿਜਲੀ ਦੇ ਨਿੱਜੀਕਰਨ ਵਿਰੁੱਧ

**● 14 ਨੂੰ ਪੰਜਾਬ ਭਰ 'ਚ ਲੱਗੇਗਾ ਇੱਕ ਦਿਨ ਲਈ ਧਰਨਾ**

ਮੰਗ ਪੱਤਰ ਦਿਤੇ ਗਏ ਇਸ ਕੜੀ ਤਹਿਤ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਜੀ ਦੇ ਦਿਸ਼ਾ ਨਿਰਦੇਸ਼ ਤਹਿਤ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿੱਚ ਏ ਡੀ ਸੀ ਅਮਰਵੀਰ ਕੌਰ ਭੁੱਲਰ ਅਤੇ ਐਸ ਸੀ ਜਸਵਿੰਦਰ ਸਿੰਘ ਵਿਰਦੀ ਨੂੰ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਕਿਸਾਨ ਆਗੂ ਪਰਮਜੀਤ ਸਿੰਘ ਭੁੱਲਾ ਨੇ ਕਿਹਾ ਕਿ ਬਿਜਲੀ ਐਕਟ 2003 ਤਹਿਤ ਬਿਜਲੀ ਬੋਰਡ ਦਾ ਨਿੱਜੀਕਰਨ ਕਰਨ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਬਿਜਲੀ ਸਪਲਾਈ ਪੂਰੀ ਤਰ੍ਹਾਂ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰਨ ਦੀ ਨੀਅਤ ਨਾਲ ਬਿਜਲੀ ਸੋਧ ਬਿੱਲ 2025 ਨੂੰ ਸੰਸਦ ਦੇ ਆਉਣ ਵਾਲ਼ੇ ਸੈਸ਼ਨ ਵਿੱਚ ਤਿਆਰੀ ਦੀਆ ਖ਼ਾਲੀ ਪਾਈਆਂ ਕਰੀਬ 85 ਹਜ਼ਾਰ ਅਸਾਮੀਆਂ ਭਰੀਆਂ ਜਾਣ ਸਬੰਧੀ ਅੱਠ ਸੂਤਰੀ ਮੰਗ ਪੱਤਰ ਅਧਿਕਾਰੀਆਂ ਨੂੰ ਦਿੱਤਾ



ਕੀਤੀ ਜਾ ਰਹੀ ਹੈ। ਜਿਸ ਵਿਰੁੱਧ ਜੰਗ ਵਿੱਢ ਦਿੱਤੀ ਹੈ। 14 ਜੁਲਾਈ ਨੂੰ ਪੰਜਾਬ ਭਰ ਵਿੱਚ ਚੀਫ਼ ਬਿਜਲੀ ਬੋਰਡ ਐਸ ਸੀ ਅਤੇ ਐਕਸੀਅਨ ਦਫ਼ਤਰਾਂ ਦੇ ਬਾਹਰ ਧਰਨੇ ਦਿੱਤੇ ਜਾਣਗੇ। ਬਿਜਲੀ ਦੀ ਨਿਰਵਿਘਨ ਸਪਲਾਈ, ਟ੍ਰਾਂਸਫਾਰਮਰ 24 ਘੰਟੇ ਦੇ ਅੰਦਰ ਬਦਲਣ, ਬਿਜਲੀ ਬੋਰਡ ਦੀਆਂ ਖ਼ਸਤਾ ਇਮਾਰਤਾਂ ਨੂੰ ਬਣਉਣ ਅਤੇ ਬਿਜਲੀ ਬੋਰਡ ਗਿਆ। ਇਸ ਮੌਕੇ ਦਵਿੰਦਰ ਸਿੰਘ ਕਾਹਲੋਂ, ਨਿਸ਼ਾਨ ਸਿੰਘ ਫ਼ੌਜੀ ਕਲੋਨੀ, ਹਰਮਨ ਸਿੰਘ, ਲਤਿੰਦਰ ਸਿੰਘ ਜੋੜਾ, ਸੁਖਵੀਰ ਸਿੰਘ ਜੋੜਾ, ਗੁਰਜੀਤ ਸਿੰਘ ਕੰਗ, ਗਣੇਸ਼ ਦੋਸਾਂਝ, ਪਿੰਦਰ ਭੁੱਲਰ, ਸਰਪੰਚ ਹੀਰਾ ਸਿੰਘ, ਅਮਨਦੀਪ ਸਿੰਘ, ਬੀਬੀ ਕਮਲਜੀਤ ਕੌਰ, ਬੀਨਾ ਰਾਣੀ, ਸੁਰਿੰਦਰ ਕੌਰ, ਯਾਦਵਿੰਦਰ ਸਿੰਘ ਫੁੱਲ ਆਦਿ ਆਗੂ ਹਾਜ਼ਰ ਸਨ।

## ਐਨਰਜੀ ਸਪੋਰਟਸ ਅਕੈਡਮੀ ਨੇ ਏਸ਼ੀਆ ਕੱਪ ਤਾਈਕਵਾਂਡੋ ਚੈਂਪੀਅਨਸ਼ਿਪ 'ਚ 14 ਮੈਡਲ ਜਿੱਤੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨੇਪਾਲ ਦੇ ਪੋਖਰਾ ਸ਼ਹਿਰ 'ਚ 27 ਤੋਂ 29 ਜੂਨ ਤੱਕ ਨੇਪਾਲ ਯੰਗ ਬ੍ਰਦਰ ਤਾਈਕਵਾਂਡੋ ਕਲੱਬ ਤੇ ਤਾਈਕਵਾਂਡੋ ਕੌਂਸਲ ਆਫ ਇੰਡੀਆ ਦੇ ਸਹਿਯੋਗ ਨਾਲ 8ਵੀਂ ਏਸ਼ੀਆ ਕੱਪ ਓਪਨ ਇੰਟਰਨੈਸ਼ਨਲ ਤਾਈਕਵਾਂਡੋ ਚੈਂਪੀਅਨਸ਼ਿਪ ਕਰਵਾਈ ਗਈ। ਇਸ 'ਚ ਤਿੰਨ ਦੇਸ਼ਾਂ ਦੇ ਲਗਭਗ 280 ਖਿਡਾਰੀਆਂ ਨੇ ਹਿੱਸਾ ਲਿਆ। ਭਾਰਤ ਦੀ ਟੀਮ ਵਿੱਚੋਂ ਫਿਰੋਜ਼ਪੁਰ ਦੀ ਐਨਰਜੀ ਸਪੋਰਟਸ ਐਂਡ ਫਿਟਨੈੱਸ ਅਕੈਡਮੀ ਦੇ 20 ਖਿਡਾਰੀਆਂ ਨੇ ਭਾਗ ਲਿਆ, ਜਿਨ੍ਹਾਂ 'ਚੋਂ 14 ਨੇ ਆਪਣੀ ਉਮਰ ਤੇ ਵਜ਼ਨ ਸ਼੍ਰੇਣੀ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੈਡਲ ਜਿੱਤੇ। ਸੋਨੇ ਦੇ ਮੈਡਲ ਜੇਤੂਆਂ 'ਚ ਇਸ਼ਮੀਤ ਸਿੰਘ, ਕਰਨ ਮਹਿਤਾ, ਗੋਮਜੀ ਦਸਲਾਨਾ ਤੇ ਜਸਪ੍ਰੀਤ ਯਾਦਵ ਸ਼ਾਮਲ ਹਨ। ਚਾਂਦੀ ਦੇ ਮੈਡਲ ਬੀਨੇ ਸ਼ਰਮਾ, ਜਸਪ੍ਰੀਤ ਜਲਾਲਾਬਾਦ, ਸੋਮਦੇਵ ਸਚੋਤਾ, ਰਚਿਤ ਰਾਜਪੂਤ ਅਤੇ ਪਾਰਥ ਕੰਵਰ ਨੇ ਜਿੱਤੇ। ਕਾਂਸੀ ਦੇ ਮੈਡਲ ਦਿਨੇਸ਼ ਚੋਪੜਾ, ਤਰੁਣ ਰਾਜਪੂਤ, ਉਦੈਵੀਰ ਸਿੰਘ, ਰਿਹਾਨ ਗੁੰਬਰ ਤੇ ਗੁਰਨੂਰ ਭੁੱਲਰ ਨੇ ਹਾਸਲ ਕੀਤੇ। ਟੀਮ ਇੰਡੀਆ ਦੇ ਮੁੱਖੀ ਕੋਚ ਪੰਕਜ ਚੌਰਸੀਆ ਨੇ ਦੱਸਿਆ ਕਿ ਅਕੈਡਮੀ ਦੇ 9 ਰੈਫਰੀਆਂ ਨੂੰ ਵੀ ਅਧਿਕਾਰਕ ਐਵਾਰਡ ਨਾਲ 4 ਸੋਨੇ, 5 ਚਾਂਦੀ ਤੇ 5 ਕਾਂਸੀ ਦੇ ਮੈਡਲਾਂ ਦੀ ਜਿੱਤ ਲਈ ਟੀਮ ਨੂੰ ਵਿਸ਼ੇਸ਼ ਤੌਰ 'ਤੇ ਟੀਮ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਫਿਰੋਜ਼ਪੁਰ ਰੇਲਵੇ ਸਟੇਸ਼ਨ 'ਤੇ ਜੇਤੂ ਟੀਮ ਦਾ ਜ਼ਿਲ੍ਹਾ ਤਾਈਕਵਾਂਡੋ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਸ਼ਰਮਾ, ਖਿਡਾਰੀਆਂ ਦੇ ਪਰਿਵਾਰਾਂ ਤੇ ਖੇਡ ਪ੍ਰੇਮੀਆਂ ਨੇ ਫੁੱਲ ਮਾਲਾਵਾਂ, ਮਿਠਾਈਆਂ ਤੇ ਢੋਲ ਨਾਲ ਸ਼ਾਨਦਾਰ ਸਵਾਗਤ ਕੀਤਾ।

## ਸ੍ਰੀ ਨਾਰਾਇਣ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਖੇਡ ਕੈਂਪ ਸਮਾਪਤ



**ਮਾਨਸਾ (ਆਤਮਾ ਸਿੰਘ ਪਮਾਰ)**-ਸ੍ਰੀ ਨਾਰਾਇਣ ਸਰਵਹਿੱਤਕਾਰੀ ਵਿੱਦਿਆ ਮੰਦਿਰ, ਮਾਨਸਾ ਵਿਖੇ ਪਿਛਲੇ 20 ਦਿਨਾਂ ਤੋਂ ਚੱਲ ਰਹੇ ਗਰਮੀਆਂ ਦੇ ਖੇਡ ਕੈਂਪ ਦਾ ਸਮਾਪਤੀ ਸਮਾਰੋਹ ਅੱਜ ਬਹੁਤ ਹੀ ਸ਼ਾਨਦਾਰ ਤੇ ਉਤਸ਼ਾਹ ਨਾਲ ਹੋਇਆ।ਇਸ ਮੌਕੇ ਵਿੱਦਿਆ ਮੰਦਰ ਪ੍ਰਬੰਧਕ ਕਮੇਟੀ ਦੇ ਸਤਿਕਾਰਤ ਮੈਂਬਰ, ਜਤਿੰਦਰ ਵੀਰ ਗੁਪਤਾ, ਅੰਮ੍ਰਿਤ ਪਾਲ, ਕੀਰਤਪਾਲ ਕੀਰਤੀ, ਐੱਸ ਬੀ ਆਈ ਦੇ ਸੇਵਾ ਮੁਕਤ ਮੈਨੇਜਰ ਗੁਰਤੇਜ ਸਿੰਘ ਜਗਰੀ ਤੇ ਨਰਿੰਦਰ ਕੁਮਾਰ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸਮਾਗਮ ਦੀ ਸ਼ੁਰੂਆਤ ਦੀਪ ਵੰਦਨਾ ਨਾਲ ਹੋਈ, ਜਿਸ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਠਾਕੁਰ ਨੇ ਸਾਰੇ ਸਤਿਕਾਰਯੋਗ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਜ਼ੋਰਦਾਰ ਸਵਾਗਤ ਵੀ ਕੀਤਾ।ਇਸ ਸਮਰ ਕੈਂਪ ਵਿੱਚ ਵਿਦਿਆਰਥੀਆਂ ਨੂੰ ਫੁੱਟਬਾਲ, ਵਾਲੀਬਾਲ, ਬੈਡਮਿੰਟਨ, ਸਕੇਟਿੰਗ, ਬਾਕਸਿੰਗ ਤੇ ਕਬੱਡੀ ਵਰਗੀਆਂ ਖੇਡਾਂ ਦੀ ਨਿਯਮਤ ਸਿਖਲਾਈ ਦਿੱਤੀ ਜਾਂਦੀ ਰਹੀ।ਬੱਚਿਆਂ ਨੇ ਇਨ੍ਹਾਂ ਸਮੁੱਚੀਆਂ ਗਤੀਵਿਧੀਆਂ ਵਿੱਚ ਪੂਰੇ ਉਤਸ਼ਾਹ ਤੇ ਅਨੁਸ਼ਾਸਨਬੱਧ ਰਹਿੰਦਿਆਂ ਕੈਂਪ ਦੀ ਸਮਾਪਤੀ ਤੱਕ ਪੂਰਨ ਸਹਿਯੋਗ ਵੀ ਦਿੱਤਾ, ਜਿਸ ਦੀ ਹਾਜ਼ਰੀਨ ਵੱਲੋਂ ਪੂਰੀ ਸ਼ਲਾਘਾ ਕੀਤੀ ਗਈ।

## ਉਮੀਦਵਾਰਾਂ ਦੇ ਚੋਣ ਖਰਚੇ ਦਾ ਅੰਤਮ ਲੇਖਾ-ਜੋਖਾ ਜਮ੍ਹਾਂ ਕਰਨ ਲਈ ਦਿੱਤੀ ਸਿਖਲਾਈ



**ਲੁਧਿਆਣਾ (ਰੈਕਟਰ ਕਥੂਰੀਆ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 19 ਜੂਨ ਨੂੰ ਹਾਲ ਹੀ ਵਿੱਚ ਹੋਈ 64-ਲੁਧਿਆਣਾ ਪੱਛਮੀ ਜ਼ਿਮਨੀ ਚੋਣ 2025 ਵਿੱਚ 64-ਲੁਧਿਆਣਾ ਪੱਛਮੀ ਹਲਕੇ ਤੋਂ ਚੋਣ ਲੜ ਚੁੱਕੇ ਉਮੀਦਵਾਰਾਂ ਲਈ ਚੋਣ ਖਰਚੇ ਦਾ ਅੰਤਿਮ ਲੇਖਾ-ਜੋਖਾ ਜਮ੍ਹਾਂ ਕਰਾਉਣ ਲਈ ਬੱਚਤ ਭਵਨ ਵਿਖੇ ਸਿਖਲਾਈ ਦਿੱਤੀ ਗਈ। ਖਰਚ ਨਿਗਰਾਨ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ। ਉਮੀਦਵਾਰਾਂ ਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣ ਖਰਚਾ ਸਟੇਟਮੈਂਟ ਨੂੰ ਮੁਕੰਮਲ ਕਰਨ ਵਿੱਚ ਮਦਦ ਕਰਨ ਲਈ ਸਿਖਲਾਈ ਦਿੱਤੀ ਗਈ। ਉਨ੍ਹਾਂ ਨੇ ਉਮੀਦਵਾਰਾਂ ਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਵੋਟਾਂ ਦੀ ਗਿਣਤੀ ਹੋ ਚੁੱਕੀ ਹੈ ਤੇ ਨਤੀਜਾ ਵੀ 23 ਜੂਨ 2025 ਨੂੰ ਐਲਾਨਿਆ ਜਾ ਚੁੱਕਾ ਹੈ ਅਤੇ ਇਸ ਤਰ੍ਹਾਂ ਚੋਣ ਖਰਚ ਨਿਗਰਾਨੀ 'ਤੇ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੋਣ ਨਤੀਜਾ ਐਲਾਨਣ ਦੀ ਮਿਤੀ ਤੋਂ 30 ਦਿਨਾਂ ਦੀ ਕਾਨੂੰਨੀ ਸਮਾਂ ਸੀਮਾ ਦੇ ਅੰਦਰ ਭਾਵ 22 ਜੁਲਾਈ ਦੇ ਅੰਦਰ ਚੋਣ ਦਫਤਰ ਵਿੱਚ ਆਪਣਾ ਚੋਣ ਖਰਚ ਦਾ ਲੇਖਾ-ਜੋਖਾ ਦਾਇਰ ਕਰਨਾ ਜ਼ਰੂਰੀ ਹੈ। ਇਸ ਮੌਕੇ ਦੱਸਿਆ ਗਿਆ ਕਿ ਉਮੀਦਵਾਰਾਂ ਦੇ ਖਰਚੇ ਦਾ ਲੇਖਾ-ਜੋਖਾ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਵੀ.ਸੀ. ਰੂਮ, ਸੁਵਿਧਾ ਕੇਂਦਰ, ਮਿੰਨੀ ਸਕੱਤਰੇਤ, ਲੁਧਿਆਣਾ ਵਿਖੇ ਕਮੇਟੀ ਦੇ ਦਫ਼ਤਰ ਵਿਖੇ ਸਟੇਟਮੈਂਟ ਜਮ੍ਹਾਂ ਕਰਾਈ ਜਾ ਸਕਦੀ ਹੈ।

## ਮੋਗਾ ਕਨਵੈਨਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ, ਅਧਿਆਪਕਾਂ ਦੀਆਂ ਡਿਊਟੀਆਂ ਲਾਈਆਂ



**ਮਾਨਸਾ (ਆਤਮਾ ਸਿੰਘ ਪਮਾਰ)**-12 ਜੁਲਾਈ ਨੂੰ ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੀ ਹੋਣ ਜਾ ਰਹੀ ਸੂਬਾ ਪੱਧਰੀ ਕਨਵੈਨਸ਼ਨ ਲਈ ਜਥੇਬੰਦੀ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।ਜਥੇਬੰਦੀ ਦੇ ਸੂਬਾਈ ਸਰਪ੍ਰਸਤ ਗੁਰਮੇਲ ਸਿੰਘ ਬਰੇ ਨੇ ਦੱਸਿਆ ਕਿ ਮਾਨਸਾ, ਬਠਿੰਡਾ, ਬਰਨਾਲਾ, ਸੰਗਰੂਰ ਤੋਂ ਅਧਿਆਪਕਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕਨਵੈਨਸ਼ਨ 'ਚ ਅਧਿਆਪਕਾਂ ਦੀਆਂ ਮਹਿਕਮੇ ਅੰਦਰ ਪਈਆਂ ਮੰਗਾਂ ਜਿਵੇਂ ਕਿ ਬਕਾਇਆ ਕਿਸ਼ਤਾਂ ਜਾਰੀ ਕਰਨਾ, ਪੇਂਡੂ ਭੱਤਾ ਬਹਾਲ ਕਰਨਾ, ਏਸੀਪੀ ਸਕੀਮ ਨੂੰ ਲਾਗੂ ਕਰਨਾ, ਦੂਰ ਦੁਰਾਡੇ ਬੈਠੇ ਅਧਿਆਪਕਾਂ ਨੂੰ ਬਦਲੀ ਦਾ ਮੌਕਾ ਦੇਣਾ, ਹੈਡ ਟੀਚਰ, ਸੈਂਟਰ ਹੈੱਡ ਟੀਚਰ ਤੇ ਬਲਾਕ ਸਿੱਖਿਆ ਅਫਸਰ ਦੀਆਂ ਖਾਲੀ ਪੋਸਟਾਂ ਤੁਰੰਤ ਭਰਨਾ, ਹੈੱਡ ਟੀਚਰ ਦੀ ਪੋਸਟ ਨੂੰ ਪ੍ਰਬੰਧਕੀ ਪੋਸਟ ਦਾ ਦਰਜਾ ਦੇਣਾ ਆਦਿ ਮਸਲਿਆਂ ਨੂੰ ਲੈ ਕੇ ਕੀਤੀ ਜਾ ਰਹੀ ਹੈ।ਜਥੇਬੰਦੀ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਪੂਰੇ ਪੰਜਾਬ 'ਚ ਕਨਵੈਨਸ਼ਨਾ ਕਰਨ ਉਪਰੰਤ ਸੀ ਆਈ ਡੀ ਰਾਹੀਂ ਕੈਬਨਿਟ ਸਬ ਕਮੇਟੀ ਨੂੰ ਮੰਗ ਪੱਤਰ ਭੇਜੇ ਜਾਣਗੇ।

## ਪੀ ਜੀ ਆਈ ਡਾ. ਕੁਸ਼ਲਜੀਤ ਸਿੰਘ ਸੋਢੀ ਦੀ ਪੁਸਤਕ ਰਿਲੀਜ਼



**ਸਮਰਾਲਾ (ਸੁਰਜੀਤ ਸਿੰਘ)**-ਪੀ. ਜੀ. ਆਈ. ਚੰਡੀਗੜ੍ਹ ਦੇ ਰੇਡੀਓ ਡਾਇਗਨੋਸਿਸ ਵਿਭਾਗ ਦੇ ਪ੍ਰੋਫੈਸਰ ਡਾ. ਕੁਸ਼ਲਜੀਤ ਸਿੰਘ ਸੋਢੀ ਵੱਲੋਂ ਲਿਖੀ ਤੇ ਸੰਪਾਦਿਤ ਇੱਕ ਵਿਸਤ੍ਰਿਤ ਪਾਠ ਪੁਸਤਕ ਨਿਓਨੇਟਲ ਅਲਟਰਾਸਾਊਂਡ 29 ਜੂਨ ਨੂੰ ਚੇਨਈ ਟ੍ਰੇਡ ਸੈਂਟਰ ਵਿਖੇ ਆਯੋਜਿਤ ਇੰਟਰਨੈਸ਼ਨਲ ਅਲਟਰਾਸਾਊਂਡ ਕਾਨਫਰੰਸ 'ਸਿਨੋਮਿਟ 2025' ਦੌਰਾਨ ਜਾਰੀ ਕੀਤੀ ਗਈ।ਇਹ ਕਿਤਾਬ ਭਾਰਤੀ ਰੇਡੀਓਲੋਜੀਕਲ ਐਂਡ ਇਮੇਜਿੰਗ ਐਸੋਸੀਏਸ਼ਨ ਦੇ ਪ੍ਰਧਾਨ ਵੱਲੋਂ ਰਿਲੀਜ਼ ਕੀਤੀ ਗਈ।ਬੱਚਿਆਂ ਦੀ ਰੇਡੀਓਲੋਜੀ ਵਿੱਚ ਆਪਣੇ ਅਕਾਦਮਿਕ ਯੋਗਦਾਨ ਤੇ ਚਿਕਿਤਸਕ ਕੁਸ਼ਲਤਾ ਲਈ ਜਾਣੇ ਜਾਂਦੇ ਡਾ. ਸੋਢੀ ਨੇ ਨਵਜੰਮੇ ਬੱਚਿਆਂ ਦੀ ਸੰਭਾਲ ਵਿੱਚ ਸਹੀ ਇਮੇਜਿੰਗ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਕਿਤਾਬ ਇੱਕ ਅੰਤਰਰਾਸ਼ਟਰੀ ਸਹਿਯੋਗੀ ਉਪਰਾਲਾ ਹੈ, ਜਿਸ ਵਿੱਚ ਵਿਸ਼ਵ ਭਰ ਦੇ ਮਸ਼ਹੂਰ ਵਿਦਵਾਨਾਂ ਦੇ ਯੋਗਦਾਨ ਸ਼ਾਮਲ ਹਨ।ਇਹ ਪੁਸਤਕ ਨਵਜੰਮੇ ਬੱਚਿਆਂ ਦੀ ਸੰਭਾਲ ਕਰਨ ਵਾਲੇ ਰੇਡੀਓਲੋਜਿਸਟਾਂ, ਨਿਓਨੇਟੋਲੋਜਿਸਟਾਂ ਤੇ ਪੀਡੀਆਟ੍ਰੀਸ਼ਨਾਂ ਲਈ ਨਵੇਂ ਮਿਆਰ ਸੈੱਟ ਕਰੇਗੀ ਤੇ ਸਿੱਖਿਆ ਦੇ ਖੇਤਰ ਵਿੱਚ ਵੀ ਮਦਦਗਾਰ ਸਾਬਿਤ ਹੋਵੇਗੀ।

## ਹੋਲੀ ਹਾਰਟ ਸਕੂਲ ਵਿਖੇ 'ਗਰਮੀ 'ਚ ਪੰਛੀਆਂ ਦੀ ਕਿਵੇਂ ਰੱਖਿਆ ਕਰੀਏ' 'ਤੇ ਸੈਮੀਨਾਰ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ 'ਗਰਮੀ ਦੇ ਮੌਸਮ ਵਿੱਚ ਪੰਛੀਆਂ ਦੀ ਕਿਵੇਂ ਰੱਖਿਆ ਕਰੀਏ' 'ਤੇ ਸੈਮੀਨਾਰ ਲਗਾਇਆ ਗਿਆ।ਸਕੂਲ ਅਧਿਆਪਕਾ ਕਿਰਨਦੀਪ ਕੌਰ ਵੱਲੋਂ ਆਪਣੇ ਵਿਦਿਆਰਥੀਆਂ ਨਾਲ ਮਿਲ ਕੇ ਪੰਛੀਆਂ ਦੀ ਕਿਵੇਂ ਰੱਖਿਆ ਕਰੀਏ, ਬਾਰੇ ਆਪਣੇ ਵਿਸ਼ੇ ਸਾਲਿਸ 'ਤੇ ਗਤੀਵਿਧੀ ਕਰਵਾਈ ਗਈ।ਉਨ੍ਹਾਂ ਬੱਚਿਆਂ ਨਾਲ ਮਿਲ ਕੇ ਪੰਛੀਆਂ ਲਈ ਪਾਣੀ ਤੇ ਉਨ੍ਹਾਂ ਦੇ ਰਹਿਣ ਲਈ ਦਰੱਖਤਾਂ ਉੱਪਰ ਆਲ੍ਹਣੇ ਟੰਗੇ ਗਏ।ਅਧਿਆਪਕਾ ਨੇ ਬੱਚਿਆਂ ਨੂੰ ਗਰਮੀ ਦੇ ਦਿਨਾਂ ਵਿੱਚ ਪੰਛੀਆਂ ਦੀ ਕਿਵੇਂ ਦੇਖ-ਰੇਖ ਕਰਨੀ ਚਾਹੀਦੀ ਹੈ, ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ।ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਬੱਚਿਆਂ ਨੂੰ ਦੱਸਿਆ ਕਿ ਪੰਛੀ ਸਾਡੇ ਵਾਤਾਵਰਣ ਲਈ ਬਹੁਤ ਲਾਹੇਵੰਦ ਹਨ, ਪੰਛੀ ਹਾਨੀਕਾਰਕ ਕੀੜੇ ਮਕੌੜਿਆਂ ਨੂੰ ਖਾ ਕੇ ਉਨ੍ਹਾਂ ਦਾ ਖ਼ਾਤਮਾ ਕਰਦੇ ਹਨ।ਇਸ ਤਰ੍ਹਾਂ ਪੰਛੀਆਂ ਦੀਆਂ ਚਹਿਕ ਮਹਿਕ ਸਾਡੇ ਵਾਤਾਵਰਣ ਨੂੰ ਖੁਸ਼ਨੁਮਾ ਬਣਾਉਂਦੀਆਂ ਹੈ, ਪਰ ਹੁਣ ਆਧੁਨਿਕਤਾ ਤੇ ਦਰੱਖਤਾਂ ਦੀ ਘਾਟ ਕਾਰਨ ਪੰਛੀਆਂ ਦੀ ਗਿਣਤੀ ਬਹੁਤ ਘੱਟ ਹੋ ਗਈ ਹੈ।ਪੰਛੀਆਂ ਦਾ ਸਾਡੇ ਸਮਾਜ ਵਿੱਚ ਵੀ ਖਾਸ ਸਥਾਨ ਰਿਹਾ ਹੈ, ਪੰਛੀਆਂ 'ਤੇ ਕਈ ਕਹਾਵਤਾਂ ਵੀ ਬਣੀਆਂ ਹਨ।ਬੱਚਿਆਂ ਵੱਲੋਂ ਪੰਛੀਆਂ ਲਈ ਆਲ੍ਹਣੇ ਤੇ ਪਾਣੀ ਲਈ ਮਿੱਟੀ ਦੇ ਬਰਤਨ ਰੱਖੇ ਗਏ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਬੂਟੇ ਲਗਾਓ ਤੇ ਛਾਂ ਵਾਲੀ ਥਾਂ 'ਤੇ ਪੰਛੀਆਂ ਲਈ ਵੱਧ ਤੋਂ ਵੱਧ ਆਲ੍ਹਣੇ ਲਗਾਏ ਜਾਣ ਅਤੇ ਪੀਣ ਲਈ ਪਾਣੀ ਰੱਖਿਆ ਜਾਵੇ ਤਾਂ ਜੋ ਆਉਣ ਵਾਲੀ ਗਰਮੀ ਦੇ ਮੌਸਮ ਵਿੱਚ ਚਿੜੀਆਂ ਤੇ ਹੋਰ ਪੰਛੀਆਂ ਦੀ ਰੱਖਿਆ ਕਰ ਸਕੀਏ।ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

# ਰਜਿਸਟਰੀਆਂ ਕਰਵਾਉਣ ਵਾਲੇ ਲੋਕ ਸਰਕਾਰ ਦੇ ਫੈਸਲੇ ਤੋਂ ਖੁਸ਼

### ਈ-ਪ੍ਰਣਾਲੀ ਰਾਹੀਂ ਲੋਕਾਂ ਨੂੰ ਭਾਰੀ ਰਾਹਤ ਮਿਲੀ : ਐੱਸ ਡੀ ਐੱਮ



**ਬੁਢਲਾਡਾ/ਬਰੇਟਾ (ਗੀਤਵਾਲ)**-ਪੰਜਾਬ ਸਰਕਾਰ ਵੱਲੋਂ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਸੌਖੇ ਢੰਗ ਨਾਲ ਕਰਨ) ਦੀ ਸ਼ੁਰੂਆਤ ਅੱਜ ਐੱਸ ਡੀ ਐੱਮ ਗਗਨਦੀਪ ਸਿੰਘ ਦੀ ਅਗਵਾਈ ਹੇਠ ਨਾਇਬ ਤਹਿਸੀਲਦਾਰ ਹਿਰਦੈਪਾਲ ਸਿੰਘ ਨੇ ਕੀਤੀ, ਜਿਸ ਪ੍ਰਕਿਰਿਆ ਨੂੰ ਮੁਕੰਮਲ ਕਰਨ 'ਤੇ ਲੋਕਾਂ ਨੂੰ ਖੱਜਲ ਖੁਆਰੀ ਤੋਂ ਕਾਫੀ ਰਾਹਤ ਮਿਲੀ। ਇਸ ਮੌਕੇ ਬੋਲਦਿਆਂ ਐੱਸ.ਡੀ.ਐੱਮ. ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲ ਕਦਮੀ ਨਾਲ ਈ-ਪ੍ਰਣਾਲੀ ਰਾਹੀਂ ਰਜਿਸਟਰੀਆਂ ਸ਼ੁਰੂ ਕਰਕੇ ਲੋਕਾਂ ਨੂੰ ਭਾਰੀ ਰਾਹਤ ਮਿਲੇਗੀ। ਮੌਕੇ 'ਤੇ 9 ਰਜਿਸਟਰੀਆਂ ਦੀ ਪ੍ਰਕਿਰਿਆ ਮੁਕੰਮਲ ਕੀਤੀ ਗਈ। ਉਨ੍ਹਾਂ ਕਿਹਾ ਕਿ ਹੁਣ ਆਮ ਲੋਕਾਂ ਨੂੰ ਦਫ਼ਤਰਾਂ ਵਿੱਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ ਤੇ ਨਾ ਹੀ ਏਜੰਟਾਂ ਜਾਂ ਵਿਚੋਲਿਆਂ ਨਾਲ ਵਾਹ ਪਵੇਗਾ, ਕਿਉਂਕਿ ਹੁਣ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਰ ਜਾਣਕਾਰੀ ਮੋਬਾਇਲ 'ਤੇ ਮਿਲਿਆ ਕਰੇਗੀ ਅਤੇ ਇਹ ਪ੍ਰਣਾਲੀ ਤੇਜ਼ ਤੇ ਪਾਰਦਰਸ਼ੀ ਹੋਵੇਗੀ।

ਉਨ੍ਹਾ ਦੱਸਿਆ ਕਿ ਇਸ ਪ੍ਰਾਜੈਕਟ ਦੀ ਸ਼ੁਰੂਆਤ ਤੋਂ ਬਾਅਦ ਲੋਕਾਂ ਨੂੰ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਹੁਣ ਸਥਾਨਕ ਸਬ-ਰਜਿਸਟਰਾਰ ਦਫਤਰ ਵਿੱਚ ਜਾਣ ਦੀ ਲੋੜ ਨਹੀਂ, ਸਗੋਂ ਜਿੱਥੇ ਚਾਹੁਣ ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਵਿੱਚ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਦਸਤਾਵੇਜ਼ ਤਿਆਰ ਕਰਨ ਲਈ ਹੈਲਪਲਾਈਨ ਨੰਬਰ ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪੇਂਡੂ ਪਰਿਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਨਵੀਂ ਪ੍ਰਣਾਲੀ ਤਹਿਤ ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ, ਪ੍ਰਵਾਨਗੀ, ਅਦਾਇਗੀ ਤੇ ਦਫਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲੇਗੀ ਤਾਂ ਕਿ ਉਹ ਪਲ-ਪਲ ਦੀ ਸੂਚਨਾ ਬਾਰੇ ਜਾਣੂ ਹੋ ਸਕਣ।

ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਆਨਲਾਈਨ ਦਸਤਾਵੇਜ਼ ਜਮ੍ਹਾਂ ਕਰਵਾਉਣ, ਡਿਜੀਟਲ ਵਿਧੀ ਨਾਲ ਅਗਾਊਂ ਪੜਤਾਲ ਕਰਨ ਤੇ ਰਜਿਸਟਰੀ ਲਈ ਸਬ-ਰਜਿਸਟਰਾਰ ਦਫ਼ਤਰ ਜਾਣ ਲਈ ਖੁਦ ਹੀ ਸਮੇਂ ਦੀ ਚੋਣ ਕਰਨ ਵਰਗੀਆਂ ਸਹੂਲਤਾਂ ਹੋਣਗੀਆਂ ਤੇ ਕਿਸੇ ਵੀ ਨਾਗਰਿਕ ਨੂੰ ਹੁਣ ਲੰਮੀਆਂ ਲਾਈਨਾਂ 'ਚ ਲੱਗਣ ਤੇ ਦਫ਼ਤਰਾਂ ਦੇ ਵਾਰ-ਵਾਰ ਗੇੜੇ ਮਾਰਨ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸੇਲ ਡੀਡ ਦਾ ਖਰੜਾ ਖੁਦ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸੇਵਾ ਸਹਾਇਕਾਂ ਰਾਹੀਂ ਘਰ ਬੈਠਿਆਂ ਰਜਿਸਟਰੀ ਦੇ ਦਸਤਾਵੇਜ਼ ਤਿਆਰ ਕਰਨ ਲਈ ਸੇਵਾਵਾਂ ਹਾਸਲ ਹੋਣਗੀਆਂ, ਜਿਸ ਨਾਲ ਲੋਕਾਂ ਨੂੰ ਸੇਲ ਡੀਡ ਤਿਆਰ ਕਰਨ ਲਈ ਪ੍ਰਾਈਵੇਟ ਲੋਕਾਂ ਤੇ ਵਿਚੋਲਿਆਂ ਰਾਹੀਂ ਵਸੂਲੀਆਂ ਜਾਂਦੀਆਂ ਮੋਟੀਆਂ ਫੀਸਾਂ ਨਹੀਂ ਦੇਣੀਆਂ ਪੈਣਗੀਆਂ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰਜਿਸਟਰੀ ਦੀ ਫੀਸ ਦੇ ਭੁਗਤਾਨ ਲਈ ਬੈਂਕਾਂ ਵੱਲ ਨਹੀਂ ਭੱਜਣਾ ਪਵੇਗਾ। ਉਨ੍ਹਾਂ ਕਿਹਾ ਕਿ ਆਨਲਾਈਨ ਭੁਗਤਾਨ ਲਈ ਵਿਸ਼ੇਸ਼ ਗੇਟਵੇ ਨਾਗਰਿਕਾਂ ਨੂੰ ਡਿਜੀਟਲ ਲੈਣ-ਦੇਣ 'ਚ ਸਾਰੀਆਂ ਫੀਸਾਂ (ਜਿਵੇਂ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਫੀਸ) ਦਾ ਭੁਗਤਾਨ ਕਰਨ ਦੀ ਆਗਿਆ ਦਿੰਦਾ ਹੈ, ਜਿਸ ਨਾਲ ਬੈਂਕਾਂ 'ਚ ਆ ਕੇ ਡਿਮਾਂਡ ਡਰਾਫਟ ਤਿਆਰ ਕਰਨ ਦੀ ਲੋੜ ਨਹੀਂ ਰਹੀ ਅਤੇ ਨਕਦੀ ਕੋਲ ਹੋਣ ਕਰਕੇ ਸੁਰੱਖਿਆ ਦੀ ਚਿੰਤਾ ਵੀ ਨਹੀਂ ਰਹੇਗੀ। ਉਨ੍ਹਾਂ ਕਿਹਾ ਕਿ ਰਜਿਸਟਰੀ ਨੂੰ ਲੈ ਕੇ ਜੇਕਰ ਕਿਸੇ ਨੂੰ ਸ਼ਿਕਾਇਤ ਹੈ ਤਾਂ ਵਟਸਐਪ ਰਾਹੀਂ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨਾਗਰਿਕ ਕੋਲੋਂ ਰਿਸ਼ਵਤ ਮੰਗੀ ਜਾਂਦੀ ਹੈ ਤਾਂ ਵਟਸਐਪ ਲਿੰਕ ਰਾਹੀਂ ਤੁਰੰਤ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਅਤੇ ਰਿਸ਼ਵਤ ਮੰਗਣ ਵਾਲੇ ਅਧਿਕਾਰੀ ਖਿਲਾਫ਼ ਕੀਤੀ ਗਈ ਕਾਰਵਾਈ ਬਾਰੇ ਤਾਜ਼ਾ ਜਾਣਕਾਰੀ ਵੀ ਮਿਲੇਗੀ। ਇਸ ਮੌਕੇ ਤਹਿਸੀਲ ਦੇ ਏ.ਐੱਸ.ਐੱਮ. ਪ੍ਰਮੋਦ ਕੁਮਾਰ, ਆਰ. ਸੀ. ਸੁਰੇਸ਼ ਕੁਮਾਰ, ਕਾਨੂੰਗੋ ਧਰਮਜੀਤ ਸਿੰਘ ਤੋਂ ਇਲਾਵਾ ਹੋਰ ਸਟਾਫ ਮੌਜੂਦ ਸੀ। ਇਸੇ ਤਰ੍ਹਾਂ ਬਰੇਟਾ ਸਬ ਤਹਿਸੀਲ ਅੰਦਰ ਨਾਇਬ ਤਹਿਸੀਲਦਾਰ ਰਾਜੀਵ ਕੁਮਾਰ ਖੋਸਲਾ ਨੇ ਵੀ ਈ-ਪ੍ਰਣਾਲੀ ਹੇਠ ਰਜਿਸਟਰੀਆਂ ਦੀ ਪ੍ਰੀਕਿਰਿਆ ਸ਼ੁਰੂ ਕਰਵਾਈ।

## 'ਆਪ' ਸ਼ੁਰੂ ਤੋਂ ਹੀ ਲੋਕਾਂ ਦੀ ਭਲਾਈ ਲਈ ਕੰਮ ਰਹੀ : ਸੰਧਵਾਂ

### ਵਿਧਾਨ ਸਭਾ ਸਪੀਕਰ ਪੱਤਰਕਾਰ ਰੁਪਿੰਦਰ ਸਿੰਘ ਸੱਗੂ ਨਿਵਾਸ ਸਥਾਨ 'ਤੇ ਪਹੁੰਚੇ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿੱਖਿਆ ਤੇ ਐਗਰੀਕਲਚਰ ਦੋਵੇਂ ਸਾਨੂੰ ਦਿਮਾਗੀ ਤੇ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣ ਤੇ ਜ਼ਿੰਦਗੀ ਵਿੱਚ ਅੱਗੇ ਵਧਾਉਣ ਲਈ ਸਹਾਇਕ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਕੀਤਾ।ਉਹ ਸੁਤੰਤਰਤਾ ਸੈਨਾਨੀ ਤੇ ਪੱਤਰਕਾਰਤਾ ਦੇ ਬਾਬਾ ਬੋਹੜ ਸਵਰਗੀ ਸ੍ਰ. ਜੰਗੀਰ ਸਿੰਘ ਸੁਤੰਤਰ ਦੇ ਨਿਵਾਸ ਸਥਾਨ ਵਿਖੇ ਪਹੁੰਚੇ ਹੋਏ ਸਨ।ਇਸ ਮੌਕੇ ਸਵਰਗੀ ਸ੍ਰ. ਸੁਤੰਤਰ ਦੇ ਸਪੁੱਤਰ ਤੇ ਸੀਨੀਅਰ ਪੱਤਰਕਾਰ ਰੁਪਿੰਦਰ ਸਿੰਘ ਸੱਗੂ ਨੇ ਸ੍ਰ. ਸੰਧਵਾਂ ਨੂੰ ਜੀ ਆਇਆਂ ਕਿਹਾ।

ਇਸ ਮੌਕੇ ਸ੍ਰ. ਸੰਧਵਾਂ ਨੇ ਆਪਣੇ ਦਾਦਾ ਸਵਰਗੀ ਗਿਆਨੀ ਜੈਲ ਸਿੰਘ (ਸਾਬਕਾ ਰਾਸ਼ਟਰਪਤੀ ਭਾਰਤ) ਤੇ ਸਵਰਗੀ ਸ੍ਰ. ਜਗੀਰ ਸਿੰਘ ਸੁਤੰਤਰ ਦੇ ਆਪਸੀ ਗੂੜੇ ਸੰਬੰਧਾਂ ਬਾਰੇ ਗੱਲਬਾਤ ਕਰਦਿਆਂ ਦੋਵੇਂ ਵਿਛੜੀਆਂ ਰੂਹਾਂ ਨੂੰ ਯਾਦ ਕੀਤਾ।ਸ੍ਰ. ਸੰਧਵਾ ਨੇ ਕਿਹਾ ਕਿ ਉਨ੍ਹਾਂ ਨੂੰ ਲੋਕਾਂ ਦੀ ਸੇਵਾ ਕਰਨ ਦੀ ਚੇਟਕ ਆਪਣੇ ਦਾਦਾ ਗਿਆਨੀ ਜੈਲ ਸਿੰਘ ਵੱਲੋਂ ਕੀਤੇ ਗਏ ਕੰਮਾਂ ਨੂੰ ਦੇਖ ਕੇ ਲੱਗੀ।ਉਨ੍ਹਾਂ ਨੇ ਸਵਰਗੀ ਸ੍ਰ. ਸੁਤੰਤਰ ਦੇ ਮਿਲਣਸਾਰ ਤੇ ਨਿੱਘੇ ਸੁਭਾਅ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਪੁੱਤਰ ਰੁਪਿੰਦਰ ਸਿੰਘ ਸੱਗੂ ਵੀ ਆਪਣੇ ਪਿਤਾ ਸਵਰਗੀ ਸ੍ਰ. ਸੁਤੰਤਰ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਆਪਣੀ ਪੱਤਰਕਾਰਤਾ ਨਾਲ ਸਮਾਜ ਦੀ ਭਰਪੂਰ ਸੇਵਾ ਕਰ ਰਹੇ ਹਨ।ਇਸ ਮੌਕੇ ਰਾਜੀਵ ਗਰਗ, ਪ੍ਰਭਸ਼ਰਨ ਸਿੰਘ ਬੱਬੂ, ਇੰਦਰਜੀਤ ਸਿੰਘ ਸੱਗੂ, ਮਾਸਟਰ ਸੁਰਿੰਦਰ ਸਿੰਘ, ਗਗਨਦੀਪ ਸਿੰਘ ਲਿੱਲੀ, ਵਿਕਾਸ ਗਰਗ, ਜਸਪ੍ਰੀਤ ਸਿੰਘ ਸੱਗੂ, ਸ਼ਿਵ ਦਰਸ਼ਨ ਸਿੰਘ ਧਨੋਆ ਆਦਿ ਹਾਜ਼ਰ ਸਨ।

## ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਅਧਿਕਾਰੀਆਂ ਨੂੰ ਸੌਂਪਿਆ ਮੰਗ ਪੱਤਰ

### *14 ਜੁਲਾਈ ਨੂੰ ਮੰਗਾਂ ਪੂਰੀਆਂ ਨਾ ਹੋਣ 'ਤੇ ਪ੍ਰਦਰਸ਼ਨ ਦੀ ਘੋਸ਼ਣਾ*

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਬਿਜਲੀ ਦੇ ਨਿੱਜੀਕਰਨ ਤੇ ਹੋਰ ਮੰਗਾਂ ਨੂੰ ਲੈ ਕੇ ਵੀਰਵਾਰ ਨੂੰ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਅਗਵਾਈ ਵਿੱਚ ਪ੍ਰਦੇਸ਼ ਪ੍ਰਧਾਨ ਸੁਖਵਿੰਦਰ ਸਿੰਘ ਸਭਰਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐੱਸ ਈ ਧਰਮਪਾਲ, ਡੀ ਸੀ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਤੇ ਐੱਸ ਐੱਸ ਪੀ ਭੁਪਿੰਦਰ ਸਿੰਘ ਸਿੱਧੂ ਨੂੰ ਮੰਗ ਪੱਤਰ ਸੌਂਪੇ। ਇਸ ਦੌਰਾਨ ਯੂਨੀਅਨ ਆਗੂਆਂ ਨੇ ਕਿਹਾ ਕਿ ਬਿਜਲੀ ਵਿਭਾਗ ਦੇ ਨਿੱਜੀਕਰਨ ਵਿਰੁੱਧ



14 ਜੁਲਾਈ ਨੂੰ ਪੰਜਾਬ ਭਰ ਵਿੱਚ ਚੀਫ ਐੱਸ ਈ ਤੇ ਐਕਸੀਅਨ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ। ਉਨ੍ਹਾਂ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਦਿਆਂ ਕਿਹਾ ਕਿ ਜੇਕਰ ਸਰਕਾਰ ਤੇ ਵਿਭਾਗ ਨੇ ਨਿੱਜੀਕਰਨ ਨੀਤੀ ਨੂੰ ਬੰਦ ਨਾ ਕੀਤਾ ਤਾਂ ਆਉਂਦੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਗੁਰਮੇਲ ਸਿੰਘ ਫੱਤੇਵਾਲਾ, ਸੁਰਜੀਤ ਸਿੰਘ ਫੌਜੀ, ਧਰਮ ਸਿੰਘ ਸਿੱਧੂ, ਬਲਰਾਜ ਸਿੰਘ ਫੈਰੋਕੇ, ਬੂਟਾ ਸਿੰਘ, ਅਵਤਾਰ ਸਿੰਘ, ਕੇਵਲ ਸਿੰਘ ਵਾਹਕਾ, ਮੰਗਲ ਸਿੰਘ, ਬਲਜਿੰਦਰ ਤਲਵੰਡੀ ਆਦਿ ਹਾਜ਼ਰ ਸਨ।

# ਨਕਲੀ ਵਸਤਾਂ ਦਾ ਧੰਦਾ ਕਰਨ ਵਾਲਿਆਂ 'ਤੇ ਸਰਕਾਰ ਤੇ ਪ੍ਰਸ਼ਾਸਨ ਨੂੰ ਹੋਰ ਸਖਤ ਹੋਣ ਦੀ ਲੋੜ : ਦੌਲਤਪੁਰਾ

### ਸੂਬੇ ਦੇ ਲੋਕਾਂ ਦਾ ਕੀ ਕਸੂਰ, ਮਿਲਾਵਟਖੋਰ ਕਰ ਰਹੇ ਸਿਹਤ ਨਾਲ ਖਿਲਵਾੜ : ਢਿੱਲੋਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਨੇ ਮੀਡੀਆ ਇੰਚਾਰਜ ਬਲਕਰਨ ਸਿੰਘ ਢਿੱਲੋਂ ਰਾਹੀਂ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਸਾਡੇ ਸੂਬੇ ਪੰਜਾਬ ਅੰਦਰ ਨਕਲੀ ਦੁੱਧ ਪਨੀਰ ਤਿਉਹਾਰਾਂ ਦੇ ਸਮੇਂ ਨਕਲੀ ਮਠਿਆਈਆਂ ਦਾ ਜ਼ੋਰਾ ਸ਼ੋਰਾਂ ਨਾਲ ਪ੍ਰਫੁੱਲਤ ਹੁੰਦਾ ਹੈ, ਪਰ ਸਾਡਾ ਪੰਜਾਬ ਸਰਕਾਰ ਦਾ ਡੇਅਰੀ ਤੇ ਸਿਹਤ ਵਿਭਾਗ ਨਾਲ ਸੰਬੰਧਤ ਪ੍ਰਸ਼ਾਸਨ ਨੂੰ ਹੋਰ ਸਖਤ ਹੋਣ ਦੀ ਲੋੜ ਹੈ, ਜੋ ਪਿਛਲੇ ਦਿਨੀਂ ਜ਼ਿਲ੍ਹਾ ਬਰਨਾਲਾ ਦੇ ਇਲਾਕੇ ਵਿੱਚ ਨਕਲੀ ਦੁੱਧ ਬਣਾਉਣ ਵਾਲਾ ਇੱਕ ਗਰੋਹ ਫੜਿਆ ਗਿਆ ਹੈ, ਜਿਨ੍ਹਾਂ ਦੀ ਆਲੀਸ਼ਾਨ ਕੋਠੀ ਦੇਖ ਕੇ ਹਰ ਇਨਸਾਨ ਦੰਗ ਰਹਿ ਜਾਂਦਾ ਹੈ, ਇਹੋ ਜਿਹੇ ਮਿਲਾਵਟੀ ਧੰਦੇ ਕਾਰਨ ਵਾਲਿਆਂ 'ਤੇ ਨੱਥ ਪਾਉਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਇਹੋ ਜਿਹੇ ਡੁਪਲੀਕੇਟ ਵਸਤੂਆਂ ਬਣਾਉਣ ਵਾਲੇ ਲੋਕ ਕਿਸੇ ਨਾ ਕਿਸੇ ਧਨਾਢ ਬੰਦੇ ਦੀ ਸਰਪ੍ਰਸਤੀ ਹੇਠ ਹੀ ਕੰਮ ਕਰਦੇ ਹਨ, ਕਿਉਂਕਿ ਐਡੇ ਵੱਡੇ ਦੋ ਨੰਬਰ ਦੇ ਕਾਰੋਬਾਰ ਨੂੰ ਚਲਾਉਣ ਲਈ ਕਿਸੇ ਵੀ ਆਮ ਇਨਸਾਨ ਦਾ ਹੀਆਂ ਨਹੀਂ ਵਗਦਾ ਅਸੀਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਜੇ ਸਾਡੇ ਇਲਾਕੇ ਵਿੱਚ ਵੀ ਕੋਈ ਇਸ ਤਰ੍ਹਾਂ ਦੀਆਂ ਡੁਪਲੀਕੇਟ ਚੀਜ਼ਾਂ ਵਸਤੂਆਂ ਤਿਆਰ ਕਰਦਾ ਹੈ ਤਾਂ ਉਸ ਉੱਪਰ ਬਣਦੀ ਕਾਰਵਾਈ ਕੀਤੀ ਜਾਵੇ ਅਸੀਂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਪ੍ਰਸ਼ਾਸਨ ਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਵਾਂਗੇ, ਕਿਉਂਕਿ ਬੀਕੇਯੂ ਲੱਖੋਵਾਲ ਲਈ ਪਹਿਲਾਂ ਲੋਕਾਂ ਦੀ ਸਿਹਤ ਜ਼ਰੂਰੀ ਹੈ ਜੇ ਲੋਕ ਤੰਦਰੁਸਤ ਹੋਣਗੇ ਤਾਂ ਹੀ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਦੇ ਖਿਲਾਫ ਲੜ ਸਕਣਗੇ, ਪਰ ਜੋ ਕਿਸਾਨਾਂ ਨੇ ਦੁੱਧ ਦੀ ਪੈਦਾਵਾਰ ਕੀਤੀ ਹੋਈ ਹੈ, ਉਸ ਦੁੱਧ ਦਾ ਭਾਅ ਨਹੀਂ ਮਿਲ ਰਿਹਾ, ਪਰ ਜੋ ਡੁਪਲੀਕੇਟ ਦੁੱਧ ਤਿਆਰ ਕਰਕੇ ਵੇਚ ਰਹੇ ਹਨ। ਉਨ੍ਹਾਂ ਆਪਣਾ ਨੈੱਟਵਰਕਰ ਇਸ ਤਰ੍ਹਾਂ ਤਿਆਰ ਕੀਤਾ ਹੋਇਆ ਹੈ ਕਿ ਉਹ ਲੋਕਾਂ ਦੇ ਘਰੋ ਘਰੀ ਤੱਕ ਦੁੱਧ ਪਹੁੰਚਾਉਣ ਜਾਂਦੇ ਹਨ, ਸਿਰਫ ਤੇ ਸਿਰਫ ਸਾਡੇ ਪੰਜਾਬ ਦੇ ਲੋਕ ਘਰ ਬੈਠੇ ਦੁੱਧ ਲੈਣ ਦੀ ਸਹੂਲਤ ਦੇ ਅੰਦਰ ਹੀ ਆਪਣੇ ਆਪ ਦੀ ਸਿਹਤ ਨੂੰ ਖਰਾਬ ਕਰ ਰਹੇ ਹਨ ਤੇ ਇਸ ਤਰ੍ਹਾਂ ਦੀਆਂ ਡੁਪਲੀਟ ਵਸਤੂਆਂ ਦੁੱਧ ਪਨੀਰ ਆਦਿਕ ਖਾ ਕੇ ਆਪਣੀ ਸਿਹਤ ਨੂੰ ਕੈਂਸਰ ਤੇ ਲੀਵਰ ਵਰਗੀਆਂ ਭਿਆਨਕ ਬਿਮਾਰੀਆਂ ਨਾਲ ਗ੍ਰਸਤੇ ਜਾ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਪੇਂਡੂ ਖੇਤਰ ਵਿੱਚ ਤਾਂ ਫਿਰ ਕਿਸੇ ਹੱਦ ਤੱਕ ਦੁੱਧ ਖਾਲਿਸ ਮਿਲ ਜਾਂਦਾ ਹੈ, ਪਰ ਸ਼ਹਿਰਾਂ ਵਾਲੇ ਆਮ ਲੋਕ ਕੀ ਕਰਨ, ਇਹ ਕਿੱਥੇ ਜਾ ਕੇ ਆਪਣਾ ਦੁਖੜਾ ਰੋਣ, ਜਿਨ੍ਹਾਂ ਨੂੰ ਹਮੇਸ਼ਾ ਤੋਂ ਹੀ ਮੁੱਲ ਦਾ ਦੁੱਧ ਖਰੀਦ ਕੇ ਪੀਣਾ ਪੈਂਦਾ ਹੈ। ਇਸ ਸਮੇਂ ਸੂਬਾ ਐਗਜ਼ੈਕਟਿਵ ਮੈਂਬਰ ਮੰਦਰਜੀਤ ਸਿੰਘ ਮਨਾਵਾ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਡਰੋਲੀ, ਜ਼ਿਲ੍ਹਾ ਆਗੂ ਲਖਵੀਰ ਸਿੰਘ ਸਾਬਕਾ ਸਰਪੰਚ ਸੰਧੂਆਣਾ, ਲਖਵਿੰਦਰ ਸਿੰਘ ਰੌਲੀ, ਬਲਕਾਰ ਸਿੰਘ ਢਿੱਲੋਂ, ਹਰਚਰਨ ਸਿੰਘ ਮਹਿਰੋਂ ਆਦਿ ਹਾਜ਼ਰ ਸਨ।

## ਨਗਰ ਸੁਧਾਰ ਸਭਾ ਵੱਲੋਂ ਨਗਰ ਕੌਂਸਲ ਖਿਲਾਫ ਸਮੁੱਚੇ ਸ਼ਹਿਰ ਦੀ ਮੀਟਿੰਗ ਭਲਕੇ

**ਜਗਰਾਉਂ (ਨਛੱਤਰ ਸੰਧੂ)**-ਸ਼ਹਿਰ ਜਗਰਾਵਾਂ ਨਗਰ ਕੌਂਸਲਰਾਂ ਦੀ ਧੜੇਬੰਦੀ ਕਾਰਨ ਹੌਲੀ ਹੌਲੀ ਨਰਕ ਬਣ ਗਿਆ ਹੈ।ਇਸ ਸਬੰਧੀ ਇੱਥੇ ਬਿਆਨ ਜਾਰੀ ਕਰਦਿਆਂ ਨਗਰ ਸੁਧਾਰ ਸਭਾ ਦੇ ਪ੍ਰਧਾਨ ਅਵਤਾਰ ਸਿੰਘ ਤੇ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਵੱਡੇ ਵੱਡੇ ਵਾਅਦੇ ਕਰਕੇ ਤੇ ਲਾਰੇ ਲਾ ਕੇ, ਵੋਟਰਾਂ ਦੀਆਂ ਵੋਟਾਂ ਲੈ ਕੇ ਬਣੀ ਸਾਡੀ ਲੋਕਲ ਪਾਰਲੀਮੈਂਟ ਯਾਨਿ ਨਗਰ ਕੌਂਸਲ ਹਲਕਾ ਵਿਧਾਇਕਾ ਦੀ ਮਿਹਰਬਾਨੀ ਕਾਰਨ ਧੜੇਬੰਦੀ ਦਾ ਬੁਰੀ ਤਰ੍ਹਾਂ ਸ਼ਿਕਾਰ ਬਣ ਚੁੱਕੀ ਹੈ।ਪੂਰੇ ਸ਼ਹਿਰ 'ਚ ਗੰਦਗੀ ਦੇ ਢੇਰ, ਟੁੱਟੀਆਂ ਸੜਕਾਂ, ਬੰਦ ਪਈਆਂ ਬਦਬੂ ਮਾਰਦੀਆਂ ਨਾਲੀਆਂ ਤੇ ਸੀਵਰੇਜ, ਬਾਰਸ਼ ਦੇ ਦਿਨਾਂ 'ਚ ਜਲ ਥਲ ਹੋਇਆ ਬਾਬਾ ਮੋਹਕਮਦੀਨ ਦਾ ਖਾਨਗਾਹ ਚੌਂਕ ਤੇ ਪੁਰਾਣੀ ਦਾਣਾ ਮੰਡੀ, ਬਜ਼ਾਰਾਂ 'ਚ ਟ੍ਰੈਫਿਕ ਦਾ ਮਾੜਾ ਹਾਲ, ਸੜਕਾਂ 'ਤੇ ਨਾਜਾਇਜ਼ ਕਬਜ਼ੇ, ਜਾਣਬੁੱਝ ਕੇ ਤੋੜੀ ਗਈ ਰਾਏਕੋਟ ਰੋਡ, ਸ਼ਰਮ ਨਾਲ ਕੱਚੀ ਹੋ ਰਹੀ ਕੱਚਾ ਮਲਕ ਰੋਡ, ਝਾਂਸੀ ਚੌਂਕ, ਡਾ. ਹਰੀ ਸਿੰਘ ਰੋਡ, ਡਿਸਪੋਜ਼ਲ ਰੋਡ, ਪੁਰਾਣੀ ਦਾਣਾ ਮੰਡੀ 'ਚ ਕੂੜੇ ਦੇ ਬਦਬੂ ਮਾਰਦੇ ਡੰਪ, ਥਾਂ ਪੁਰ ਥਾਂ ਸਟਰੀਟ ਲਾਈਟ ਦਾ ਮਾੜਾ ਹਾਲ ਸਾਡੇ ਸ਼ਹਿਰ ਲਈ ਸਰਾਪ ਬਣ ਚੁੱਕੇ ਹਨ।ਇਨ੍ਹਾਂ ਤੇ ਹੋਰ ਅਨੇਕਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ, ਸ਼ਹਿਰ ਦੇ ਠੱਪ ਪਏ ਵਿਕਾਸ ਕਾਰਜ ਚਾਲੂ ਕਰਾਉਣ ਲਈ ਵੱਡੀ ਜੱਦੋਜਹਿਦ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਬੀਤੇ ਚਾਰ ਸਾਲ 'ਚ ਸ਼ਹਿਰ ਵਿੱਚ ਕੂੜੇ ਦੇ ਡੰਪ ਬਣਾਉਣ 'ਚ ਨਗਰ ਕੌਂਸਲ ਬੁਰੀ ਤਰ੍ਹਾਂ ਪਿੱਟ ਚੁੱਕੀ ਹੈ। ਸਫਾਈ ਕਾਮਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ।ਸ਼ਹਿਰ 'ਚ ਸੜਕਾਂ, ਗਲੀਆਂ ਪੱਕੀਆਂ ਕਰਨ ਦੇ ਵਿਕਾਸ ਕਾਰਜ ਕਾਗਜ਼ਾਂ 'ਚ ਪਾਸ ਹੋਣ ਦੇ ਬਾਵਜੂਦ ਧੜੇਬੰਦੀ ਕਾਰਨ ਆਖਰੀ ਸਾਹ ਘੜੀਸ ਰਹੇ ਹਨ। ਰਾਏਕੋਟ ਰੋਡ ਪਾਣੀ ਦੀਆਂ ਪਾਈਪਾਂ ਪਾਉਣ ਕਾਰਨ ਬੁਰੀ ਤਰ੍ਹਾਂ ਉਖਾੜ ਦਿੱਤੀ ਗਈ ਹੈ।ਪੁੱਟੀਆਂ ਟਾਇਲਾਂ ਗਾਇਬ ਹੋ ਚੁੱਕੀਆਂ ਹਨ।ਬਾਰਸ਼ ਕਰਨ ਕੱਚੀ ਥਾਂ 'ਤੇ ਚਿੱਕੜ 'ਚ ਲੋਕ ਡਿੱਗ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ 6 ਜੁਲਾਈ ਐਤਵਾਰ ਸ਼ਾਮ ਪੰਜ ਵਜੇ ਕਮੇਟੀ ਪਾਰਕ ਜਗਰਾਉਂ ਵਿਖੇ ਨਗਰ ਸੁਧਾਰ ਸਭਾ ਵੱਲੋਂ ਸਮੂਹ ਸ਼ਹਿਰ ਵਾਸੀ, ਸਮਾਜ ਭਲਾਈ ਸੰਸਥਾਵਾਂ, ਕਲੱਬਾਂ, ਟਰੇਡ ਯੂਨੀਅਨਾਂ, ਦੁਕਾਨਦਾਰ, ਜਥੇਬੰਦੀਆਂ, ਕਲੋਨੀਆਂ ਦੀਆਂ ਸੋਸਾਇਟੀਆਂ, ਪੈਨਸ਼ਨਰ ਐਸੋਸੀਏਸ਼ਨਾਂ, ਮਜ਼ਦੂਰ ਜਥੇਬੰਦੀਆਂ, ਨਿਰਪੱਖ ਕੌਂਸਲਰਾਂ ਨੂੰ ਇਸ ਮੀਟਿੰਗ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।ਨਗਰ ਸੁਧਾਰ ਸਭਾ ਦੇ ਆਗੂਆਂ ਨੇ ਕਿਹਾ ਕਿ ਮੀਟਿੰਗ ਵਿੱਚ ਆਪਸੀ ਵਿਚਾਰ ਵਟਾਂਦਰੇ ਉਪਰੰਤ ਠੋਸ ਤੇ ਲੰਮੇ ਸੰਘਰਸ਼ ਦੀ ਰੂਪਰੇਖਾ ਉਲੀਕੀ ਜਾਵੇਗੀ।

## ਪ੍ਰੋਜੈਕਟ ਆਸ ਬਣਨ ਲੱਗਾ ਜੀਵਨ ਦੀ ਆਸ, 28 ਲੋਕਾਂ ਨੇ ਫੜੀ ਜ਼ਿੰਦਗੀ ਦੀ ਰਾਹ

**ਜਲਾਲਾਬਾਦ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਪੁਲਸ ਵੱਲੋਂ ਸ਼ੁਰੂ ਕੀਤੇ ਪ੍ਰੋਜੈਕਟ ਆਸ ਨੌਜਵਾਨਾਂ ਲਈ ਜੀਵਨ ਦੀ ਨਵੀਂ ਆਸ ਬਣ ਕੇ ਉਭਰਿਆ ਹੈ।ਜ਼ਿਲ੍ਹੇ 'ਚ ਲਾਏ ਜਾ ਰਹੇ ਇਨ੍ਹਾਂ ਕੈਂਪਾਂ ਵਿੱਚ ਲੋਕ ਪ੍ਰਸ਼ਾਸਨ ਦੇ ਸੱਦੇ 'ਤੇ ਨਸ਼ੇ ਛੱਡਣ ਦੀ ਇੱਛਾ ਨਾਲ ਆਪਣੀ ਰਜਿਸਟ੍ਰੇਸ਼ਨ ਕਰਾ ਰਹੇ ਹਨ।ਇਸੇ ਲੜੀ ਤਹਿਤ ਆਊਟਰੀਚ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਵਿੱਚ ਬੋਲਦਿਆਂ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਨਸ਼ਾ ਇੱਕ ਬਿਮਾਰੀ ਹੈ, ਜਿਸ ਦਾ ਇਲਾਜ ਸੰਭਵ ਹੈ।ਉਨ੍ਹਾਂ ਅਪੀਲ ਕੀਤੀ ਕਿ ਨਸ਼ੇ ਤੋਂ ਪੀੜਤ ਇਲਾਜ ਲਈ ਅੱਗੇ ਆਉਣ।ਇਲਾਜ ਮੁਫ਼ਤ ਕੀਤਾ ਜਾਂਦਾ ਹੈ।ਇਲਾਜ ਕਰਾਉਣ ਵਾਲੇ ਦੀ ਪਛਾਣ ਗੁਪਤ ਰਹਿੰਦੀ ਹੈ ਤੇ ਜੋ ਬੰਦਾ ਸਮਾਜ ਦੀ ਮੁੱਖ ਧਾਰਾ ਵਿਚ ਆਉਣ ਲਈ ਆਪਣਾ ਇਲਾਜ ਸ਼ੁਰੂ ਕਰਾਉਂਦਾ ਹੈ, ਉਸ ਤੋਂ ਕੋਈ ਬੇਲੋੜੀ ਪੁੱਛਗਿੱਛ ਵੀ ਨਹੀਂ ਕੀਤੀ ਜਾਂਦੀ ਹੈ।ਐਸਐਸਪੀ ਗੁਰਮੀਤ ਸਿੰਘ ਨੇ ਆਖਿਆ ਕਿ ਪੁਲਿਸ ਵੱਲੋਂ ਨਸ਼ੇ ਦੇ ਤਸਕਰਾਂ ਖਿਲਾਫ਼ ਵਿੱਢੀ ਮੁਹਿੰਮ ਕਾਰਨ ਨਸ਼ੇ ਦੀ ਸਪਲਾਈ ਘਟੀ ਹੈ ਤੇ ਪੁਲਸ ਹੁਣ ਪੀੜਤਾਂ ਨੂੰ ਇਲਾਜ ਲਈ ਪ੍ਰੇਰਿਤ ਕਰ ਰਹੀ ਹੈ ਤਾਂ ਜੁ ਸਾਡੇ ਇਨ੍ਹਾਂ ਨੌਜਵਾਨਾਂ ਨੂੰ ਮੁੜ ਜ਼ਿੰਦਗੀ ਨਾਲ ਜੋੜ ਕੇ ਉਨ੍ਹਾਂ ਦੇ ਪਰਵਾਰਾਂ ਦੀਆਂ ਖੁਸ਼ੀਆਂ ਵਾਪਿਸ ਲਿਆਂਦੀਆਂ ਜਾ ਸਕਨ।ਐਸਐਸਪੀ ਗੁਰਮੀਤ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ 28 ਲੋਕਾਂ ਨੇ ਮੌਕੇ 'ਤੇ ਹੀ ਨਸ਼ੇ ਛੱਡਣ ਲਈ ਆਪਣੀ ਰਜਿਸਟ੍ਰੇਸ਼ਨ ਕਰਾਈ ਹੈ।ਇਨ੍ਹਾਂ ਦਾ ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਇਲਾਜ ਕੀਤਾ ਜਾਵੇਗਾ।ਐਸਡੀਐਮ ਕੰਵਰਜੀਤ ਸਿੰਘ ਮਾਨ ਨੇ ਕਿਹਾ ਕਿ ਨਸ਼ੇ ਨੂੰ ਸਾਂਝੇ ਸਮਾਜਿਕ ਯਤਨਾਂ ਨਾਲ ਅਸੀਂ ਹੋਰ ਵੀ ਛੇਤੀ ਰੋਕ ਲਵਾਂਗੇ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਨਸ਼ਾ ਮਿਲਦਾ ਹੈ ਤਾਂ ਉਸਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

## 32 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੂੰਮਕਲਾਂ ਪੁਲਸ ਵੱਲੋਂ 32 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਦਵਿੰਦਰ ਸਿੰਘ ਵਾਸੀ ਬੌਂਕੜ ਗੁੱਜਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਥਾਣਾ ਮੁਖੀ ਜਗਦੀਪ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ/ਵਹੀਕਲਾਂ ਦੇ ਸਬੰਧ ਵਿੱਚ ਕੂੰਮਕਲਾਂ ਮੰਡੀ ਵਿਖੇ ਮੌਜੂਦ ਸਨ ਤਾਂ ਮੁਖ਼ਬਰ ਖਾਸ ਨੇ ਸੂਚਨਾ ਦਿੱਤੀ ਕਿ ਦਵਿੰਦਰ ਸਿੰਘ, ਜੋ ਸ਼ਰਾਬ ਵੇਚਣ ਦਾ ਨਾਜਾਇਜ਼ ਕਾਰੋਬਾਰ ਕਰਦਾ ਹੈ, ਉਹ ਭਾਰੀ ਮਾਤਰਾ ਵਿੱਚ ਸ਼ਰਾਬ ਲੈ ਕੇ ਬੁੱਢਾ ਨਾਲਾ ਪੁਲੀ ਕੋਲ ਲੱਗੇ ਦਰੱਖਤਾਂ ਕੋਲ ਖੜਾ ਕਿਸੇ ਵਹੀਕਲ ਦੇ ਆਉਣ ਦੀ ਉਡੀਕ ਕਰ ਰਿਹਾ ਹੈ। ਜੇਕਰ ਰੇਡ ਮਾਰੀ ਜਾਵੇ ਤਾਂ ਉਹ ਨਾਜਾਇਜ਼ ਸ਼ਰਾਬ ਸਮੇਤ ਕਾਬੂ ਆ ਸਕਦਾ ਹੈ। ਪੁਲਸ ਵੱਲੋਂ ਜਦੋਂ ਰੇਡ ਮਾਰੀ ਗਈ ਤਾਂ ਉਸ ਕੋਲੋਂ 32 ਬੋਤਲਾਂ ਨਾਜਾਇਜ਼ ਸ਼ਰਾਬ, ਜੋ ਕਿ ਪੰਜਾਬ ਵਿੱਚ ਨਾ-ਵਿਕਣਯੋਗ ਸੀ, ਬਰਾਮਦ ਹੋਈਆਂ। ਪੁਲਸ ਵੱਲੋਂ ਐਕਸਾਇਜ਼ ਐਕਟ ਤਹਿਤ ਦਵਿੰਦਰ ਸਿੰਘ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਟ੍ਰੈਫਿਕ ਪੁਲਸ ਪਾਤੜਾਂ ਨੇ ਸ਼ਹਿਰ 'ਚ ਕੱਸਿਆ ਸ਼ਿਕੰਜਾ

### ਗਲਤ ਪਾਰਕਿੰਗ ਕਰਨ ਵਾਲਿਆਂ ਦੇ ਕੱਟੇ ਚਲਾਨ
### ਬਾਜ਼ਾਰ ਵਿੱਚ ਸਾਰਾ ਦਿਨ ਪਈਆਂ ਰਹੀਆਂ ਭਾਜੜਾਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪਿਛਲੇ ਲੰਬੇ ਸਮੇਂ ਤੋਂ ਟ੍ਰੈਫਿਕ ਦੀ ਸਮੱਸਿਆ ਨਾਲ ਜੂਝ ਰਹੇ ਪਾਤੜਾਂ ਸ਼ਹਿਰ ਵਿੱਚ ਵੀਰਵਾਰ ਨੂੰ ਟ੍ਰੈਫਿਕ ਪੁਲਸ ਨੇ ਆਪਣਾ ਰੰਗ ਦਿਖਾਇਆ, ਜਿਸ ਦੌਰਾਨ ਟ੍ਰੈਫਿਕ ਪੁਲਸ ਨੇ ਸ਼ਹਿਰ ਦੇ ਜਾਖਲ ਰੋਡ 'ਤੇ ਜਿੱਥੇ ਗਲਤ ਪਾਰਕਿੰਗ ਕਰਨ ਵਾਲੀਆਂ ਗੱਡੀਆਂ ਦੇ ਚਲਾਨ ਕੱਟੇ ਗਏ, ਉੱਥੇ ਹੀ ਸੜਕ ਕਿਨਾਰੇ ਖੜੀਆਂ ਰੇਹੜੀਆਂ ਫੜ੍ਹੀਆਂ ਵਾਲਿਆਂ ਨੂੰ ਵੀ ਸਾਰਾ ਦਿਨ ਭਾਜੜਾਂ ਪਈਆਂ ਰਹੀਆਂ।ਟ੍ਰੈਫਿਕ ਪੁਲਸ ਪਾਤੜਾਂ ਵੱਲੋਂ ਕੀਤੀ ਗਈ ਇਸ ਕਾਰਵਾਈ ਦੌਰਾਨ ਦਰਜਨ ਦੇ ਕਰੀਬ ਗਲਤ ਪਾਰਕਿੰਗ ਕਰਨ ਵਾਲੀਆਂ ਗੱਡੀਆਂ ਦੇ ਆਨਲਾਈਨ ਚਲਾਨ ਕੱਟੇ ਗਏ।

ਜਾਣਕਾਰੀ ਅਨੁਸਾਰ ਟ੍ਰੈਫਿਕ ਪੁਲਸ ਵੱਲੋਂ ਸਵੇਰੇ ਦਸ ਵਜੇ ਦੇ ਕਰੀਬ ਹੀ ਗਲਤ ਪਾਰਕਿੰਗ ਕਰਨ ਵਾਲਿਆਂ ਖਿਲਾਫ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ, ਜਿਸ ਦੌਰਾਨ ਟ੍ਰੈਫਿਕ ਪੁਲਸ ਪਾਤੜਾਂ ਦੇ ਇੰਚਾਰਜ ਸੁਖਪਾਲ ਸਿੰਘ ਦੀ ਅਗਵਾਈ ਵਿੱਚ ਟ੍ਰੈਫਿਕ ਪੁਲਸ ਮੁਲਾਜ਼ਮਾਂ ਨੇ ਸ਼ਹਿਰ ਦੇ ਜਾਖਲ ਰੋਡ 'ਤੇ ਪੈਦਲ ਚੱਲ ਕੇ ਥਾਂ ਥਾਂ ਗਲਤ ਪਾਰਕਿੰਗ ਕੀਤੀਆਂ ਗੱਡੀਆਂ ਦੇ ਚਲਾਨ ਕੱਟਣੇ ਸ਼ੁਰੂ ਕੀਤੇ ਗਏ।ਇਸ ਦੌਰਾਨ ਜਾਖਲ ਰੋਡ 'ਤੇ ਗੱਡਾ ਸਟੈਂਡ ਦੇ ਨਜ਼ਦੀਕ ਵੱਡੀ ਪੱਧਰ 'ਤੇ ਖੜੀਆਂ ਰੇਹੜੀਆਂ ਫੜ੍ਹੀਆਂ ਵਾਲਿਆਂ ਨੂੰ ਜਿੱਥੇ ਸਖਤ ਤਾੜਨਾ ਕੀਤੀ ਗਈ, ਉੱਥੇ ਹੀ ਕਈ ਗੱਡੀਆਂ ਦੇ ਚਲਾਨ ਵੀ ਕੀਤੇ ਗਏ।ਟ੍ਰੈਫਿਕ ਪੁਲਸ ਵੱਲੋਂ ਕੀਤੀ ਗਈ ਇਸ ਕਾਰਵਾਈ ਦੀ ਜਿੱਥੇ ਆਸ-ਪਾਸ ਦੇ ਦੁਕਾਨਦਾਰਾਂ ਵੱਲੋਂ ਸ਼ਲਾਘਾ ਕੀਤੀ ਗਈ, ਉੱਥੇ ਕੁਝ ਲੋਕ ਇਸ ਕਾਰਵਾਈ ਤੋਂ ਖ਼ਫ਼ਾ ਵੀ ਨਜ਼ਰ ਆਏ।ਇਸ ਦੌਰਾਨ ਟ੍ਰੈਫਿਕ ਪੁਲਸ ਪਾਤੜਾਂ ਦੇ ਇੰਚਾਰਜ ਸੁਖਪਾਲ ਸਿੰਘ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ 'ਤੇ ਸ਼ਹਿਰ ਵਿੱਚ ਲੱਗਦੇ ਜਾਮ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਉਕਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।ਉਨ੍ਹਾਂ ਦੱਸਿਆ ਕਿ ਗਲਤ ਪਾਰਕਿੰਗ ਕਰਨ ਵਾਲਿਆਂ ਨੂੰ ਸੂਚਿਤ ਕਰਨ ਲਈ ਸ਼ਹਿਰ ਵਿੱਚ ਮੁਨਾਦੀ ਵੀ ਕਰਵਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਗਲਤ ਗੱਡੀਆਂ ਪਾਰਕਿੰਗ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਟ੍ਰੈਫਿਕ ਪੁਲਸ ਵੱਲੋਂ ਚਲਾਈ ਜਾ ਰਹੀ ਮੁਹਿੰਮ ਲਗਾਤਾਰ ਜਾਰੀ ਰਹੇਗੀ।

## 'ਸਰਦਾਰ ਜੀ 3' ਫਿਲਮ ਤੁਰੰਤ ਕੀਤੀ ਜਾਵੇ ਰਿਲੀਜ਼ : ਬੀਕੇਯੂ ਡਕੌਂਦਾ



**ਜਗਰਾਉਂ (ਸੰਜੀਵ ਅਰੋੜਾ)**-ਸੰਸਾਰ ਭਰ ਵਿੱਚ ਮਕਬੂਲ ਪੰਜਾਬੀ ਆਦਾਕਾਰ ਦਿਲਜੀਤ ਦੁਸਾਂਝ ਦੀ ਆਈ ਨਵੀਂ ਫਿਲਮ ਸਰਦਾਰ ਜੀ 3 'ਤੇ ਬੈਨ ਲਗਾਉਣ ਨਾਲ ਕੇਂਦਰ ਸਰਕਾਰ ਤੇ ਸੈਂਸਰ ਬੋਰਡ ਦਾ ਪੰਜਾਬ ਤੇ ਪੰਜਾਬੀਅਤ ਪ੍ਰਤੀ ਨਫ਼ਰਤ ਭਰਿਆ ਚਿਹਰਾ ਨੰਗਾ ਹੋ ਗਿਆ ਹੈ, ਜਦਕਿ ਇਕ ਪਾਸੇ ਕ੍ਰਿਕਟ ਬੋਰਡ ਵੱਲੋਂ ਏਸ਼ੀਆ ਕੱਪ ਵਾਸਤੇ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਹੋਣ ਵਾਲੇ ਮੈਚਾਂ ਦੀਆਂ ਤਾਰੀਖ਼ਾਂ ਵੀ ਨਿਸ਼ਚਿਤ ਕੀਤੀਆਂ ਜਾ ਰਹੀਆਂ ਹਨ ਅਤੇ ਦੂਸਰੇ ਪਾਸੇ ਪਹਿਲਗਾਮ ਹਮਲੇ ਤੋਂ ਪਹਿਲਾਂ ਦੀ ਬਣੀ ਹੋਈ ਦਿਲਜੀਤ ਦੁਸਾਂਝ ਦੀ ਨਵੀਂ ਫਿਲਮ ਸਰਦਾਰ ਜੀ 3 ਵਿੱਚ ਪਾਕਿਸਤਾਨ ਦੇ ਕਲਾਕਾਰ ਹੋਣ ਕਾਰਨ ਫਿਲਮ ਬੈਨ ਹੋਣ ਦੀ ਕੋਈ ਤੁਕ ਹੀਂ ਨਹੀਂ ਬਣਦੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਮੀਤ ਪ੍ਰਧਾਨ ਰਾਜਵੀਰ ਸਿੰਘ ਘੁਡਾਣੀ, ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਤੇ ਜ਼ਿਲ੍ਹਾ ਮੀਤ ਪ੍ਰਧਾਨ ਹਰਬਖ਼ਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਨੇ ਸਾਂਝੇ ਰੂਪ ਵਿੱਚ ਕੀਤਾ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦਿਲਜੀਤ ਦੁਸਾਂਝ ਨਾਲ ਕਾਲੇ ਕਾਨੂੰਨ ਵਾਪਸ ਕਰਵਾਉਣ ਸਮੇਂ ਕਿਸਾਨੀ ਸੰਘਰਸ਼ ਦੀ ਕੀਤੀ ਮਦਦ ਦੀ ਕਿੜ ਕੱਢ ਰਹੀਂ ਹੈ, ਜੋ ਕਿ ਅਤਿ ਨਿੰਦਣਯੋਗ ਕਾਰਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ, ਪੰਜਾਬੀਅਤ ਤੇ ਪੰਜਾਬੀ ਬੋਲੀ 'ਤੇ ਕੇਂਦਰ ਸਰਕਾਰ ਵੱਲੋਂ ਕੀਤਾ ਗਿਆ ਵੱਡਾ ਹਮਲਾ ਹੈ, ਜਿਸ ਦੀ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ਤੇ ਪੰਜਾਬ ਦੇ ਪੁੱਤਰ ਦੇ ਹੱਕ ਵਿੱਚ ਡੱਟ ਕੇ ਖੜ੍ਹਨ ਦਾ ਅਹਿਦ ਵੀ ਕਰਦੀ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਬਿਨਾਂ ਸ਼ਰਤ ਫਿਲਮ ਰਿਲੀਜ਼ ਕੀਤੀ ਜਾਵੇ ਜਾਂ ਫਿਰ ਪਾਕਿਸਤਾਨ ਨਾਲ ਹਰ ਤਰ੍ਹਾਂ ਦੀ ਸੰਬੰਧ ਖਤਮ ਕੀਤੇ ਜਾਣ, ਪ੍ਰੰਤੂ ਕਲਾਕਾਰਾਂ ਨੂੰ ਸਿਆਸਤ ਦੀ ਭੇਟ ਨਾ ਚਾੜ੍ਹਿਆ ਜਾਵੇ। ਇਸ ਸਮੇਂ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਕਮਾਲਪੁਰਾ, ਜ਼ਿਲ੍ਹਾ ਵਿੱਤ ਸਕੱਤਰ ਸਤਿਬੀਰ ਸਿੰਘ ਬੋਪਾਰਾਏ ਖੁਰਦ, ਬਲਾਕ ਪ੍ਰਧਾਨ ਰਾਏਕੋਟ ਰਣਧੀਰ ਸਿੰਘ ਉੱਪਲ ਬੱਸੀਆ ਹਾਜ਼ਰ ਸਨ।

## ਅਕਾਲ ਅਕੈਡਮੀ ਵਿਖੇ ਸੰਤ ਬਾਬਾ ਤੇਜਾ ਸਿੰਘ ਦੀ ਬਰਸੀ ਮਨਾਈ



**ਚੀਮਾ ਮੰਡੀ (ਰਵਿੰਦਰ ਚੀਮਾ)**-ਅਕਾਲ ਅਕੈਡਮੀ ਚੀਮਾ ਸਾਹਿਬ ਅੰਗਰੇਜ਼ੀ ਮਾਧਿਅਮ ਵਿਖੇ ਰੂਹਾਨੀ ਜਗਤ ਦੇ ਪ੍ਰਚਾਰਕ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਦੀ 60ਵੀਂ ਬਰਸੀ ਬੜੀ ਸ਼ਰਧਾ, ਨਿਮਰਤਾ ਤੇ ਰੂਹਾਨੀ ਭਾਵਨਾ ਨਾਲ ਮਨਾਈ ਗਈ।ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਦੀ ਰਸਮ ਅਦਾ ਕੀਤੀ ਗਈ। ਭੋਗ ਤੋਂ ਬਾਅਦ ਅਕੈਡਮੀ ਦੇ ਵਿਦਿਆਰਥੀਆਂ ਨੇ ਗੁਰਮਤਿ ਰਾਹੀਂ ਆਪਣੇ ਮਨ ਨੂੰ ਜੋੜਦਿਆਂ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ।ਇਸ ਸਮਾਗਮ ਦੌਰਾਨ ਅਧਿਆਪਕ ਅਖਵਿੰਦਰ ਕੌਰ ਵੱਲੋਂ ਸੰਤ ਬਾਬਾ ਤੇਜਾ ਸਿੰਘ ਜੀ ਦੀ ਜੀਵਨੀ 'ਤੇ ਵਿਚਾਰ ਸਾਂਝੇ ਕੀਤੇ ਗਏ।ਉਨ੍ਹਾਂ ਬਾਬਾ ਜੀ ਦੇ ਨਿਵੀਂ ਸਰਲਤਾ, ਨੈਤਿਕਤਾ ਤੇ ਉੱਚ ਆਤਮਿਕ ਜੀਵਨ ਬਾਰੇ ਰੋਸ਼ਨੀ ਪਾਈ।ਉਨ੍ਹਾਂ ਵਿਦਿਆਰਥੀਆਂ ਨੂੰ ਸੰਤ ਜੀ ਦੇ ਜੀਵਨ ਸੰਦੇਸ਼ਾਂ ਨੂੰ ਆਪਣੀ ਦਿਨ-ਚਰਿਆ ਵਿੱਚ ਉਤਾਰਨ ਲਈ ਪ੍ਰੇਰਿਤ ਕੀਤਾ।ਇਹ ਰੂਹਾਨੀ ਸਮਾਗਮ ਅਕਾਲ ਅਕੈਡਮੀ ਚੀਮਾ ਸਾਹਿਬ ਅੰਗਰੇਜ਼ੀ ਮਾਧਿਅਮ ਦੀ ਪ੍ਰਿੰਸੀਪਲ ਨੀਨਾ ਸ਼ਰਮਾ ਦੀ ਅਗਵਾਈ ਹੇਠ ਸੰਪੂਰਨ ਹੋਇਆ।ਇਸ ਸਾਰੇ ਪਵਿੱਤਰ ਮਾਹੌਲ ਵਿੱਚ ਸ਼ਾਂਤੀ, ਨਿਮਰਤਾ ਤੇ ਭਗਤੀ ਦਾ ਵਾਤਾਵਰਣ ਛਾਇਆ ਰਿਹਾ।ਇਹ ਸਮਾਗਮ ਨਾ ਸਿਰਫ਼ ਇੱਕ ਰੂਹਾਨੀ ਯਾਦਗਾਰੀ ਰਿਹਾ, ਬਲਕਿ ਸੰਤ ਬਾਬਾ ਤੇਜਾ ਸਿੰਘ ਜੀ ਦੇ ਸੰਦੇਸ਼ ਨੂੰ ਨਵੇਂ ਪੀੜ੍ਹੀ ਤੱਕ ਪਹੁੰਚਾਉਣ ਦੀ ਕਾਬਿਲ ਕੋਸ਼ਿਸ਼ ਵੀ ਸਾਬਿਤ ਹੋਇਆ।

## ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਤਿੰਨ ਦਿਨਾ ਆਚਾਰੀਆ ਸਿਖਲਾਈ ਕਲਾਸ ਦਾ ਆਯੋਜਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਰਵਹਿੱਤਕਾਰੀ ਸਿੱਖਿਆ ਸਮਿਤੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਰਾਮਪੁਰਾ ਫੂਲ ਵਿਖੇ ਤਿੰਨ ਦਿਨਾ ਆਚਾਰੀਆ ਸਿਖਲਾਈ ਕਲਾਸ ਦਾ ਆਯੋਜਨ ਕੀਤਾ ਗਿਆ।ਇਹ ਸਿਖਲਾਈ ਪ੍ਰਿੰ. ਰਪਿੰਦਰ ਪਟਿਆਲ ਦੀ ਅਗਵਾਈ ਹੇਠ ਕਰਵਾਈ ਗਈ।ਪ੍ਰੋਗਰਾਮ ਦਾ ਉਦਘਾਟਨ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਤੇ ਮੈਨੇਜਰ ਗੁਰਪ੍ਰੀਤ ਸਿੰਘ ਦੁਆਰਾ ਮਾਂ ਸਰਸਵਤੀ ਦੀ ਪੂਜਾ ਨਾਲ ਕੀਤਾ ਗਿਆ। ਇਸ ਸਿਖਲਾਈ ਦਾ ਉਦੇਸ਼ ਅਧਿਆਪਕਾਂ ਨੂੰ ਪੰਚਪਦੀ ਅਧਿਆਪਨ ਵਿਧੀ, ਪੰਚਕੋਸ਼ੀ ਵਿਕਾਸ, ਰਾਸ਼ਟਰੀ ਸਿੱਖਿਆ ਨੀਤੀ, ਫਾਊਂਡੇਸ਼ਨਲ ਸਟੇਜ ਤੇ ਸ਼ਿਸ਼ੂ ਵਾਟਿਕਾ ਦੇ 12 ਪ੍ਰਬੰਧਾਂ ਬਾਰੇ ਡੂੰਘਾਈ ਨਾਲ ਜਾਣਕਾਰੀ ਦੇਣਾ ਸੀ।ਪੰਜਾਬ ਰਾਜ ਯੋਗਾ ਮੁਖੀ ਵਿਪਨ ਕੁਮਾਰ, ਵਾਈਸ ਪ੍ਰਿੰਸੀਪਲ ਵਿਕਰਮਜੀਤ ਸਿੰਘ, ਅਨਮੋਲ ਕੌਸ਼ਲ, ਜੋਤੀ ਖੁਰਾਨਾ, ਸੰਤੋਸ਼ ਸ਼ਰਮਾ ਤੇ ਨਿਰਮਲਜੀਤ ਕੌਰ ਨੇ ਸਿਖਲਾਈ ਕਲਾਸ ਵਿੱਚ ਸਰਗਰਮ ਭੂਮਿਕਾ ਨਿਭਾਈ।ਇਸ ਸਿਖਲਾਈ ਕਲਾਸ ਵਿੱਚ ਅਧਿਆਪਕਾਂ ਨੂੰ ਵਿਸ਼ਾ ਅਧਾਰਤ ਸੈਸ਼ਨਾਂ ਰਾਹੀਂ ਨਵੀਂ ਸਿੱਖਿਆ ਪ੍ਰਣਾਲੀ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਇਆ ਗਿਆ, ਤਾਂ ਜੋ ਉਹ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਸਮਰੱਥ ਬਣ ਸਕਣ।ਪ੍ਰੋਗਰਾਮ ਦਾ ਸਮਾਪਨ ਉਤਸ਼ਾਹ ਤੇ ਸਕਾਰਾਤਮਕ ਊਰਜਾ ਨਾਲ ਸੁਖਨਾ ਮੰਤਰ ਨਾਲ ਕੀਤਾ ਗਿਆ।

## ਨੌਜਵਾਨਾਂ ਨੂੰ ਸਹੀ ਸੇਧ ਤੇ ਰੁਜ਼ਗਾਰ ਦੇ ਕੇ ਹੀ ਨਸ਼ਿਆਂ ਦਾ ਖਾਤਮਾ ਕੀਤਾ ਜਾ ਸਕਦਾ : ਜੱਸੀ ਪੇਧਨੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਛੀਨੀਵਾਲ ਕਲਾਂ ਦੇ ਖੇਡ ਗਰਾਊਂਡ ਵਿੱਚ ਸਮਾਜ ਸੇਵੀ ਭਾਨ ਸਿੰਘ ਜੱਸੀ ਪੇਧਨੀ ਵੱਲੋਂ ਇਨਸਾਨੀਅਤ ਦੀ ਏਕਤਾ ਦਾ ਪੈਗਾਮ ਦਿੰਦਿਆਂ ਨੌਜਵਾਨਾਂ ਵਿੱਚ ਨਸ਼ਿਆਂ ਵਿਰੁੱਧ ਚੇਤਨਾ ਪੈਦਾ ਕਰਨ ਲਈ ਸੱਤਵਾਂ ਕੈਂਪ ਲਗਾਇਆ ਗਿਆ। ਇਸ ਮੌਕੇ ਬਾਬਾ ਪ੍ਰਗਟ ਸਿੰਘ ਮਨੀਲਾ ਵਾਲੇ, ਹਾਕੀ ਕੋਚ ਫੌਜੀ ਸਤਨਾਮ ਸਿੰਘ, ਕੋਚ ਅਰਸ਼ਦੀਪ ਸਿੰਘ ਅਰਸ਼ੀ ਤੇ ਕੋਚ ਅਮਨਦੀਪ ਸਿੰਘ ਦਾ ਭਾਨ ਸਿੰਘ ਜੱਸੀ, ਗਤਕਾ ਕੋਚ ਹਰਦੇਵ ਸਿੰਘ ਛੀਨੀਵਾਲ ਤੇ ਮਜ਼ਦੂਰ ਆਗੂ ਏਕਮ ਸਿੰਘ ਛੀਨੀਵਾਲ ਦੀ ਅਗਵਾਈ 'ਚ ਵਿਸ਼ੇਸ਼ ਸਨਮਾਨ ਕੀਤਾ ਗਿਆ।ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਭਾਨ ਸਿੰਘ ਜੱਸੀ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਵੱਲੋਂ ਸਿਮਰਨ ਕਰੋ, ਕਿਰਤ ਕਰੋ, ਵੰਡ ਛਕੋ ਦੇ ਦਿੱਤੇ ਮਹਾਨ ਸੰਦੇਸ਼ ਨਾਲ ਜੁੜਦਿਆਂ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵੱਲ ਕਦਮ ਪੁੱਟਣੇ ਚਾਹੀਦੇ ਹਨ। ਹਾਕੀ ਖਿਡਾਰੀਆਂ ਨੂੰ ਪਾਣੀ ਵਾਲੇ ਕੈਂਪਰ ਤੇ ਫਲ ਵੰਡਣ ਦੀ ਸੇਵਾ ਕਰਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਸਰਕਾਰਾਂ ਨੂੰ ਅਪੀਲ ਕੀਤੀ ਕਿ ਨਸ਼ਾ ਵੇਚਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰਦਿਆਂ ਨੌਜਵਾਨ ਵਰਗ ਨੂੰ ਸਹੀ ਸੇਧ ਤੇ ਸਤਿਕਾਰ ਦਿੰਦੇ ਹੋਏ ਰੁਜ਼ਗਾਰ ਦੇ ਕੇ ਹੀ ਨਸ਼ਿਆਂ ਰੂਪੀ ਦੈਂਤ ਨੂੰ ਨੱਥ ਪਾਈ ਜਾ ਸਕਦੀ ਹੈ।

## ਸੰਦੌੜ ਵਿਖੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਸੰਬੰਧੀ ਕੀਤਾ ਜਾਗਰੂਕ



**ਸ਼ੇਰਪੁਰ (ਰਵੀ ਟਿੱਬਾ)**-ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਦੇ ਹੁਕਮਾਂ ਅਤੇ ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਮਨਦੀਪ ਕੌਰ ਤੇ ਸੀਨੀਅਰ ਮੈਡੀਕਲ ਅਫਸਰ ਫਤਿਹਗੜ੍ਹ ਪੰਜਗਰਾਈਆਂ ਡਾ. ਗੁਰਪ੍ਰਕਾਸ਼ ਸਿੰਘ ਭਿੰਡਰ ਦੀ ਯੋਗ ਅਗਵਾਈ ਹੇਠ ਪਿੰਡ ਸੰਦੌੜ ਵਿਖੇ ਹਰ ਸ਼ੁਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਲੋਕਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਬਲਾਕ ਐਜੂਕੇਟਰ ਜਗਸੀਰ ਸਿੰਘ ਟਿੱਬਾ ਤੇ ਹੈਲਥ ਇੰਸਪੈਕਟਰ ਗੁਲਜ਼ਾਰ ਖਾਨ ਨੇ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੇਂਗੂ ਤੋਂ ਬਚਾਅ ਲਈ ਆਪਣੇ ਘਰ ਤੇ ਆਲੇ-ਦੁਆਲੇ ਦੀ ਸਾਫ਼-ਸਫਾਈ ਰੱਖਣੀ ਚਾਹੀਦੀ ਹੈ ਅਤੇ ਇਸ ਦੇ ਨਾਲ ਹੀ ਮੱਛਰਾਂ ਤੋਂ ਬਚਾਅ ਦੇ ਉਪਾਅ ਕਰਨੇ ਬਹੁਤ ਜ਼ਰੂਰੀ ਹਨ।ਡੇਂਗੂ ਦੇ ਲੱਛਣਾਂ ਬਾਰੇ ਗੱਲ ਕਰਦੇ ਉਨ੍ਹਾਂ ਕਿਹਾ ਕਿ ਤੇਜ਼ ਬੁਖਾਰ, ਸਰੀਰ ਤੇ ਜੋੜਾਂ ਵਿੱਚ ਦਰਦ, ਚਮੜੀ ਉੱਤੇ ਰੈਸ਼, ਅੱਖਾਂ ਦੇ ਪਿੱਛੇ ਦਰਦ, ਨੱਕ ਜਾਂ ਮੂੰਹ ਤੋਂ ਖ਼ੂਨ ਆਉਣਾ ਡੇਂਗੂ ਦੇ ਲੱਛਣ ਹੋ ਸਕਦੇ ਹਨ।ਜੇਕਰ ਕੋਈ ਵੀ ਵਿਅਕਤੀ ਡੇਂਗੂ ਤੋਂ ਪੀੜਤ ਹੋ ਜਾਂਦਾ ਹੈ ਤਾਂ ਉਸ ਨੂੰ ਘਬਰਾਉਣ ਦੀ ਲੋੜ ਨਹੀਂ ਹੈ।ਵਿਅਕਤੀ ਨੂੰ ਜਲਦੀ ਤੋਂ ਜਲਦੀ ਆਪਣੇ ਨੇੜੇ ਤੇ ਸਿਹਤ ਕੇਂਦਰ ਵਿੱਚ ਜਾ ਕੇ ਆਪਣੀ ਖ਼ੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਡਾਕਟਰ ਦੀ ਸਲਾਹ ਨਾਲ ਹੀ ਲੋੜੀਂਦਾ ਇਲਾਜ ਲੈਣਾ ਚਾਹੀਦਾ ਹੈ।ਇਸ ਮੌਕੇ ਡਾ. ਅਮਰਜੀਤ ਕੌਰ ਮਪਹਵ (ਫ), ਮਨਪ੍ਰੀਤ ਕੌਰ ਮਪਹਵ (ਫ), ਕਰਮਜੀਤ ਸਿੰਘ ਮਪਹਵ (ਮ), ਆਸ਼ਾ ਵਰਕਰ ਆਦਿ ਹਾਜ਼ਰ ਸਨ।

05-Junly-PAGE-11-Majha-25-add-333.qxd 7/4/2025 10:54 PM Page 1



# ਬਿਜਲੀ ਵਿਭਾਗ ਦੇ ਨਿੱਜੀਕਰਨ ਖਿਲਾਫ ਐੱਸ ਸੀ ਪਾਵਰਕਾਮ ਨੂੰ ਦਿੱਤਾ ਮੰਗ ਪੱਤਰ





ਚੋਹਲਾ ਸਾਹਿਬ (ਰਮਨ ਚੱਢਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਜਨਰਲ ਸਕੱਤਰ ਅਤੇ ਸੂਬਾ ਕੋਰ ਕਮੇਟੀ ਮੈਂਬਰ ਹਰਜਿੰਦਰ ਸਿੰਘ ਸ਼ਕਰੀ ਦੀ ਅਗਵਾਈ ਹੇਠ ਸੀਨੀਅਰ ਮੀਤ ਪ੍ਰਧਾਨ ਰੇਸ਼ਮ ਸਿੰਘ ਘੁਰਕਵਿੰਡ ਅਤੇ ਫ਼ਤਿਹ ਸਿੰਘ ਪਿੱਦੀ ਨੇ ਤਰਨਤਾਰਨ ਪਾਵਰਕਾਮ ਦੇ ਐੱਸਈ ਨੂੰ ਅਤੇ ਡੀਸੀ ਛੁੱਟੀ ਤੇ ਹੋਣ ਕਰਕੇ ਉਨ੍ਹਾਂ ਦੇ ਬਿਹਾਫ ਤੇ ਸੁਪਰਡੈਂਟ ਵਨ ਨੂੰ ਮੰਗ ਪੱਤਰ ਦਿੱਤਾ। ਕਿਸਾਨ ਆਗੂਆਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕੇਂਦਰ ਸਰਕਾਰ ਨਾਲ ਰਲ ਕੇ ਪੰਜਾਬ ਸਰਕਾਰ ਵੱਲੋਂ ਬਿਜਲੀ ਵਿਭਾਗ ਨੂੰ ਪੂਰੀ ਤਰ੍ਹਾਂ ਨਿੱਜੀ ਹੱਥਾਂ ਵਿੱਚ ਦਿੱਤੇ ਜਾਣ ਦੀ ਤਿਆਰੀਆਂ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀਆਂ ਹਨ ਜਿਸ ਦੇ ਵਿਰੋਧ ਵਿੱਚ ਪੰਜਾਬ ਭਰ ਦੇ ਡੀਸੀ ਦਫ਼ਤਰਾਂ ਅਤੇ ਪਾਵਰਕਾਮ ਦੇ ਦਫਤਰਾਂ ਵਿੱਚ ਮੰਗ ਪੱਤਰ ਦਿੱਤੇ ਗਏ। ਕਿਸਾਨ ਆਗੂਆਂ ਨੇ ਕਿਹਾ ਕਿ ਜਦ ਬਿਜਲੀ ਬੋਰਡ ਹੋਂਦ ਵਿੱਚ ਆਇਆ ਸੀ ਤੇ ਇਹ ਜਨਤਕ ਅਦਾਰਾ ਹੋਣ ਕਰਕੇ ਨੋ ਪੈਰੋਫਿਟ ਨੋ ਲੌਸ ਦਾ ਕਾਨੂੰਨ ਪਾਸ ਕੀਤਾ ਗਿਆ। ਪਰ ਇੱਕ ਤਰਫਾ ਕੇਂਦਰ ਸਰਕਾਰ ਨੇ ਫੈਸਲਾ ਕਰਕੇ ਜੁਣ ਬਿਜਲੀ ਬੋਰਡ ਨੂੰ ਪੂਰੀ ਤਰ੍ਹਾਂ ਨਿੱਜੀ ਹੱਥਾਂ ਵਿੱਚ ਦੇਣ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਸਰਕਾਰ ਵੀ ਕੇਂਦਰ ਨਾਲ ਖੜੀ ਹੈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਫੈਸਲਾ ਲਿਆ ਕਿ ਜੇਕਰ ਸਰਕਾਰ ਇਹ ਕਾਨੂੰਨ ਵਾਪਸ ਨਹੀਂ ਕਰਦੀ ਤਾਂ 14 ਜੁਲਾਈ ਨੂੰ ਪੰਜਾਬ ਦੇ ਬਿਜਲੀ ਚੀਫ ਦਫਤਰਾਂ ਅਤੇ ਐੱਸ ਸੀ ਦਫਤਰਾਂ 'ਤੇ ਧਰਨਾ ਲਾਇਆ ਜਾਵੇਗਾ।

# ਗੱਡੀ 'ਚ ਗੱਡੀ ਵੱਜਣ ਕਾਰਨ ਪੁਲਸ ਮੁਲਾਜ਼ਮ ਗੰਭੀਰ ਜ਼ਖ਼ਮੀ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਦੇ ਥਾਣਾ ਚੌਂਕ ਨਜ਼ਦੀਕ ਵੀਰਵਾਰ ਦੇਰ ਰਾਤ 9 ਵਜੇ ਦੇ ਕਰੀਬ ਗੱਡੀ ਦੇ ਵਿੱਚ ਗੱਡੀ ਵੱਜਣ ਕਾਰਨ ਝਗੜੇ ਦੌਰਾਨ ਇੱਕ ਪੁਲਸ ਮੁਲਾਜ਼ਮ ਦੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਮਿਲਿਆ। ਪੁਲਸ ਮੁਲਾਜ਼ਮ ਕਾਦੀਆਂ ਤੋਂ ਪਿੰਡ ਭੈਣੀ ਬਾਂਗਰ ਜਾ ਰਿਹਾ ਸੀ। ਅੱਗੋਂ ਦੋ ਕਾਰ ਸਵਾਰ ਆ ਰਹੇ ਸਨ ਜਿਨ੍ਹਾਂ ਦੀ ਆਪਸ 'ਚ ਟੱਕਰ ਹੋ ਗਈ। ਗੱਲ ਗਾਲੀ ਗਲੋਚ ਤੋਂ ਸ਼ੁਰੂ ਹੁੰਦੀ ਹੋਈ ਹੱਥੋ ਪਾਈ ਤੱਕ ਪਹੁੰਚ ਗਈ ਜਿਸ 'ਤੇ ਕਾਰ ਸਵਾਰਾਂ ਨੇ ਪੁਲਸ ਮੁਲਾਜ਼ਮ 'ਤੇ ਡੰਡੇ ਨਾਲ ਹਮਲਾ ਕਰ ਦਿੱਤਾ ਜਿਸ ਵਿੱਚ ਉਹ ਗੰਭੀਰ ਜ਼ਖ਼ਮੀ ਹੋ ਗਿਆ। ਪੁਲਸ ਮੁਲਾਜ਼ਮ ਨੇ ਦੱਸਿਆ ਕਿ ਉਹ ਅੰਮ੍ਰਿਤਸਰ ਦਿਹਾਤੀ ਵਿਖੇ ਪੁਲਸ ਮੁਲਾਜ਼ਮ ਹੈ। ਅੱਜ ਮੈਂ ਕਟਿੰਗ ਕਰਾ ਕੇ ਆਪਣੇ ਪਿੰਡ ਵਾਪਸ ਜਾ ਰਿਹਾ ਸੀ ਤਾਂ ਇਹ ਕਾਰ ਸਵਾਰ ਜਿਨ੍ਹਾਂ ਵੱਲੋਂ ਮੇਰੇ ਤੇ ਹਮਲਾ ਕਰ ਦਿੱਤਾ। ਉਹਨਾਂ ਵੱਲੋਂ ਮੇਰੇ ਸਿਰ ਉੱਤੇ ਡੰਡਾ ਮਾਰ ਕੇ ਮੈਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਪੁਲਸ ਮੁਲਾਜ਼ਮ ਨੇ ਮੰਗ ਕੀਤੀ ਕਿ ਕਾਰ ਸਵਾਰਾਂ ਉੱਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।ਉੱਥੇ ਹੀ ਪਿੰਡ ਭੈਣੀ ਬਾਂਗਰ ਦੇ ਦੂਜੀ ਧਿਰ ਦੇ ਲਖਵਿੰਦਰ ਸਿੰਘ ਨੇ ਕਿਹਾ ਕਿ ਸਾਡੀ ਭਣੇਵੀਂ ਦਾ ਵਿਆਹ ਸੀ। ਉਸ ਸੰਬੰਧ ਵਿੱਚ ਅਸੀਂ ਕਾਦੀਆਂ ਕੁਝ ਸਾਮਾਨ ਲੈਣ ਲਈ ਆ ਰਹੇ ਸੀ ਤੇ ਇਸ ਪੁਲਸ ਮੁਲਾਜ਼ਮ ਦੀ ਗੱਡੀ ਨਾਲ ਸਾਡੀ ਗੱਡੀ ਦੀ ਟੱਕਰ ਹੋ ਗਈ। ਉਨ੍ਹਾਂ ਪੁਲਸ ਮੁਲਾਜ਼ਮ ਉੱਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਸ ਨੇ ਸ਼ਰਾਬ ਪੀਤੀ ਹੋਈ ਸੀ। ਅਸੀਂ ਇਸ ਨੂੰ ਕੋਈ ਸੱਟ ਨਹੀਂ ਮਾਰੀ। ਏਐੱਸਆਈ ਸੁਰਿੰਦਰ ਸਿੰਘ ਅਤੇ ਹੋਰ ਮੁਲਾਜ਼ਮਾਂ ਨੇ ਘਟਨਾ ਸਥਾਨ ਤੇ ਪਹੁੰਚ ਕੇ ਦੋਨਾਂ ਵਾਹਨਾਂ ਨੂੰ ਆਪਣੇ ਕਬਜ਼ੇ ਵਿੱਚ ਲਿਆ ਅਤੇ ਦੋਨਾਂ ਧਿਰਾਂ ਨੂੰ ਥਾਣੇ ਲਿਜਾ ਕੇ ਸ਼ਾਂਤ ਕੀਤਾ ਗਿਆ। ਇਸ ਸੰਬੰਧੀ ਜਦੋਂ ਥਾਣਾ ਕਾਦੀਆਂ ਦੇ ਐਸਐਚਓ ਕੁਲਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਝਗੜੇ ਦੌਰਾਨ ਪੁਲਸ ਮੁਲਾਜ਼ਮ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਜਿਸ ਨੂੰ ਇਲਾਜ ਲਈ ਭੇਜ ਦਿੱਤਾ ਗਿਆ ਹੈ।ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ।ਜੋ ਵੀ ਕੋਈ ਦੋਸ਼ੀ ਪਾਇਆ ਗਿਆ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਭੋਗ 'ਤੇ ਵਿਸ਼ੇਸ਼ — ਆਪਣੇ ਵਿਚਾਰਾਂ ਨਾਲ ਧੀਆਂ-ਪੁੱਤਰਾਂ ਨੂੰ ਜ਼ਿੰਦਗੀ ਦੇ ਸਊ ਮਨੁੱਖ ਬਣਾਇਆ ਮਾਤਾ ਦਰਸ਼ਨ ਕੌਰ ਚੱਠਾ ਨੇ



ਸਿਆਣੇ ਲੋਕ ਕਹਿੰਦੇ ਹਨ ਕਿ ਮਾਂ ਸ਼ਬਦ ਦੇ ਉਚਾਰਨ ਵੇਲੇ ਇੱਕ ਸੰਗੀਤਿਕ ਧੁਨ ਪੈਦਾ ਹੁੰਦੀ ਹੈ।ਇਸ ਨੂੰ ਥੋੜ੍ਹਾ ਜਿਹਾ ਹੋਰ ਗਹਿਰਾਈ ਨਾਲ ਸੋਚੋ ਤਾਂ ਸਾਡਾ ਸਮੁੱਚਾ ਬ੍ਰਹਿਮੰਡ ਸੰਗੀਤ ਮਈ ਹੋ ਜਾਂਦਾ ਹੈ। ਮਾਂ ਦੀ ਮਹੱਤਤਾ ਦਾ ਵਰਣਨ ਸ੍ਰੀ ਗੁਰੂ ਨਾਨਕ ਦੇਵ, ਗੁਰੂ ਰਾਮਦਾਸ, ਤੁਲਸੀ ਦਾਸ ਆਦਿ ਨੇ ਵੀ ਖੂਬਸੂਰਤ ਢੰਗ ਨਾਲ ਕੀਤਾ ਹੈ।

ਇਹ ਗੱਲ ਸਭ ਜਾਣਦੇ ਹਨ ਕਿ ਗਰਭ ਅਵਸਥਾ ਵਿੱਚ ਮਾਂ ਦਾ ਆਹਾਰ ਹੀ ਬੱਚੇ ਦਾ ਆਹਾਰ ਹੁੰਦਾ ਹੈ ਤੇ ਅੱਗੇ ਚੱਲ ਕੇ ਮਾਂ ਦੇ ਵਿਚਾਰ ਬੱਚੇ ਦੇ ਸੰਸਕਾਰ ਬਣਦੇ ਹਨ।ਸਾਰੀਆਂ ਮਾਵਾਂ ਦੇ ਵਿਚਾਰ ਬੱਚਿਆਂ ਵਿੱਚ ਚੰਗੇ ਸੰਸਕਾਰ ਪੈਦਾ ਕਰਦੀਆਂ ਹਨ। ਇਸ ਬਾਰੇ ਤਾਂ ਕੁਝ ਕਹਿਣਾ ਮੁਸ਼ਕਿਲ ਹੈ, ਪਰ ਬਹੁਤ ਸਾਰੀਆਂ ਮਾਵਾਂ ਆਪਣੇ ਵਿਚਾਰਾਂ ਨਾਲ ਆਪਣੇ ਧੀਆਂ ਪੁੱਤਰਾਂ ਨੂੰ ਜ਼ਿੰਦਗੀ ਦੇ ਸਊ ਮਨੁੱਖ ਬਣਾ ਦਿੰਦੀਆਂ ਹਨ।

ਇਹੋ ਜਿਹੀ ਮਾਂ ਸੀ, ਮਾਤਾ ਦਰਸ਼ਨ ਕੌਰ ਚੱਠਾ ਢੰਡੋਵਾਲ।ਉਹ ਬੀਤੇ 28 ਜੂਨ ਨੂੰ ਉੱਥੇ ਚਲੇ ਗਏ ਸਨ, ਜਿੱਥੋਂ ਕੋਈ ਵਾਪਸ ਨਹੀਂ ਮੁੜਦਾ।ਮਾਤਾ ਜੀ ਦਾ ਜਨਮ 1947 ਵਿੱਚ ਪਿੰਡ ਕੰਗ ਸਾਹਿਬ ਰਾਏ ਵਿਖੇ ਹੋਇਆ।ਅੱਗੇ ਚੱਲ ਕੇ ਉਹ ਢੰਡੋਵਾਲ ਦੇ ਕਰਮਜੀਤ ਸਿੰਘ ਚੱਠਾ ਦੇ ਜੀਵਨ ਸਾਥਣ ਬਣੇ।ਮਾਤਾ ਦਰਸ਼ਨ ਕੌਰ ਦੀ ਸੁਲੱਖਣੀ ਕੁੱਖ ਤੋਂ ਨਛੱਤਰ ਸਿੰਘ, ਸੁਖਵੰਤ ਸਿੰਘ ਅਤੇ ਪਰਮਜੀਤ ਕੌਰ ਨੇ ਜਨਮ ਲਿਆ।ਇਸ ਉਪਰੰਤ ਮਾਤਾ ਦਰਸ਼ਨ ਕੌਰ ਦੀ ਪਹਿਲੀ ਸੋਹਣੀ ਜੀਵਨ ਕਹਾਣੀ ਹੋਰ ਸੋਹਣੀ ਬਣਦੀ ਹੈ।

ਮਾਤਾ ਜੀ ਦੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਬਾਰੇ ਗੱਲਾਂ ਸਾਂਝੀਆਂ ਕਰਨ ਮੌਕੇ ਉਨ੍ਹਾਂ ਦੀ ਪੋਤਰੀ ਡਾਕਟਰ ਮਨਵੀਰ ਕੌਰ ਨੇ ਦੱਸਿਆ ਕਿ ਦਾਦੀ ਜੀ ਦੇ ਸੁਭਾਅ ਦਾ ਉਹ ਸਭ ਮਨੁੱਖੀ ਸੰਵੇਦਨਾਵਾਂ ਹਿੱਸਾ ਸਨ, ਜੋ ਕਿਸੇ ਵੀ ਮਨੁੱਖ ਨੂੰ ਚੰਗਾ ਬਣਾਉਂਦੀਆਂ ਹਨ।ਮਨਵੀਰ ਦੱਸਦੀ ਹੈ ਕਿ ਜਦੋਂ ਕੋਈ ਘਰ ਵਿੱਚ ਮਿਲਣ ਆਉਂਦਾ ਸੀ ਤਾਂ ਉਹਨਾਂ ਨੂੰ ਚਾਅ ਚੜ੍ਹ ਜਾਂਦਾ ਸੀ।ਵੱਧਦੀ ਉਮਰ ਤੇ ਸਰੀਰਕ ਸਮੱਸਿਆ ਵੀ ਉਨ੍ਹਾਂ ਦੇ ਇਹੋ ਜਿਹੇ ਚਾਅ ਨੂੰ ਘਟਾ ਨਾ ਸਕਿਆ।

ਮਾਤਾ ਜੀ ਦੇ ਸੁਭਾਅ ਦਾ ਇੱਕ ਬਹੁਤ ਹੀ ਮਹੱਤਵਪੂਰਨ ਪਹਿਲੂ ਵੀ ਗੁਰਬਾਣੀ ਨਾਲ ਜੁੜੇ ਹੋਣਾ ਸੀ। ਅਕਸਰ ਕਿਹਾ ਜਾਂਦਾ ਹੈ ਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਦਿਮਾਗ ਹੁੰਦਾ ਹੈ।ਇਸ ਕਥਨ ਅਨੁਸਾਰ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਰਿਸ਼ਟ ਪੁਸ਼ਟ ਅਤੇ ਤਾਕਤਵਰ ਬਣਾਉਣ ਵੱਲ ਉਚੇਚਾ ਧਿਆਨ ਦਿੱਤਾ।ਉਸ ਦਾ ਨਤੀਜਾ ਸਾਡੇ ਸਾਹਮਣੇ ਹੈ। ਉਹਨਾਂ ਦਾ ਪੁੱਤਰ ਸੱਤੀ ਪਹਿਲਵਾਨ ਪਹਿਲਵਾਨੀ ਖੇਤਰ ਦਾ ਜਾਣਿਆ ਪਛਾਣਿਆ ਨਾਮ ਹੈ।ਸੁਖਵੰਤ ਸਿੰਘ ਨੇ ਜਿੱਥੇ ਚੰਗੀ ਕਬੱਡੀ ਖੇਡੀ ਉੱਥੇ ਪਹਿਲਵਾਨੀ ਅਖਾੜਿਆਂ ਵਿੱਚ ਵੀ ਚਮਕਿਆ।ਇਸੇ ਹੀ ਬੱਸ ਨਹੀਂ ਮਾਤਾ ਦਰਸ਼ਨ ਕੌਰ ਦਾ ਪੋਤਰਾ ਗੁਰ ਰਾਜਨ ਸਿੰਘ ਰੈਸਲਿੰਗ ਵਿੱਚ ਗੋਲਡ ਮੈਡਲਿਸਟ ਹੈ, ਜੋ ਇਟਲੀ ਵਿੱਚ ਪੰਜਾਬ ਦੀ ਸ਼ਾਨ ਵਧਾ ਰਿਹਾ ਹੈ।ਦੋਹਤਾ ਰੂਪ ਰਾਜਨ ਸਿੰਘ (ਰਾਜਾ) ਭਲਵਾਨੀ ਖੇਤਰ ਵਿੱਚ ਛੋਟੀ ਉਮਰੇ ਵੱਡੀਆਂ ਮੱਲਾਂ ਮਾਰ ਰਿਹਾ ਹੈ। ਮਾਤਾ ਜੀ ਦੇ ਵਿੱਦਿਆ ਪ੍ਰੇਮੀ ਹੋਣ ਦਾ ਹੀ ਸਿੱਟਾ ਹੈ ਕਿ ਉਹਨਾਂ ਦੀ ਪੋਤਰੀ ਡਾਕਟਰ ਮਨਵੀਰ ਚੱਠਾ ਯੂ ਐੱਸ ਏ ਵਿੱਚ ਚੰਗੀ ਪੋਸਟ 'ਤੇ ਹੈ।ਇਸੇ ਤਰ੍ਹਾਂ ਡਾਕਟਰ ਅੰਤਰਪ੍ਰੀਤ ਕੈਨੇਡਾ ਵਿੱਚ ਮਾਪਿਆਂ ਤੇ ਪੰਜਾਬ ਦਾ ਮਾਣ ਸਤਿਕਾਰ ਵਧਾ ਰਹੀ ਹੈ।

ਇਹ ਗੱਲ ਵੀ ਮਾਤਾ ਜੀ ਦੇ ਦਿੱਤੇ ਚੰਗੇ ਸੰਸਕਾਰਾਂ ਦਾ ਹੀ ਨਤੀਜਾ ਹੈ ਕਿ ਉਹਨਾਂ ਦੇ ਸਪੁੱਤਰ ਸੱਤੀ ਪਹਿਲਵਾਨ ਦਾ ਪਹਿਲਵਾਨੀ ਖੇਤਰ ਵਿੱਚ ਵਿਲੱਖਣ ਨਾਮ ਹੈ, ਉੱਥੇ ਸਮਾਜਿਕ ਤੇ ਸਿਆਸੀ ਖੇਤਰ ਵਿੱਚ ਵੀ ਉਨ੍ਹਾਂ ਦੇ ਦੋਸਤਾਂ ਦਾ ਵਸੀਹ ਦਾਇਰਾ ਹੈ।ਜੇਕਰ ਵਿਧਾਇਕ ਰਣਜੀਤ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਉਹ ਭਰਾਵਾਂ ਵਾਲਾ ਮਾਣ ਦਿੰਦੇ ਹਨ, ਉੱਥੇ ਪਰਮਿੰਦਰ ਸਿੰਘ ਪੰਡੋਰੀ ਦੇ ਅਦਬ ਸਤਿਕਾਰ ਵਿੱਚ ਕੋਈ ਕਮੀ ਨਹੀਂ ਛੱਡਦੇ। ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਵੀ ਸੱਤੀ ਪਹਿਲਵਾਨ ਨੂੰ ਦਿਲੋਂ ਮੋਹ ਕਰਦੇ ਹਨ।ਖੈਰ ਇਹ ਲਿਸਟ ਬੜੀ ਲੰਬੀ ਹੈ।ਲਿਖਣ ਦੀ ਆਪਣੀ ਸੀਮਾ ਹੈ।

ਮਾਤਾ ਦਰਸ਼ਨ ਕੌਰ ਚੱਠਾ ਨਮਿੱਤ ਕੀਰਤਨ ਅਤੇ ਅੰਤਿਮ ਅਰਦਾਸ ਅੱਜ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਢੰਡੋਵਾਲ ਵਿਖੇ ਹੋਵੇਗੀ।

**ਗਿਆਨ ਸੈਦਪੁਰੀ 98725-40447**

# ਕੇਵਲ ਧਾਲੀਵਾਲ ਦੀ ਅਗਵਾਈ ਹੇਠ 'ਪੰਜ ਰੋਜ਼ਾ ਨਾਟ ਉਤਸਵ' ਦਾ ਆਗਾਜ਼

ਅੰਮ੍ਰਿਤਸਰ, 03 ਜੁਲਾਈ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਅੰਤਰਰਾਸ਼ਟਰੀ ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ ਅਤੇ ਵਿਰਸਾ ਵਿਹਾਰ ਸੁਸਾਇਟੀ, ਅੰਮ੍ਰਿਤਸਰ ਵੱਲੋਂ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ 06 ਜੂਨ ਤੋਂ 06 ਜੁਲਾਈ ਤੱਕ ਰਾਸ਼ਟਰੀ ਰੰਗਮੰਚ ਕਾਰਜਸ਼ਾਲਾ ਚੱਲ ਰਹੀਂ ਹੈ ਜਿਸ ਵਿੱਚ ਏਸ਼ੀਆਂ ਦੀ ਸਭ ਤੋਂ ਵੱਡੀ ਨਾਟ ਸੰਸਥਾ ਨੈਸ਼ਨਲ ਸਕੂਲ ਆਫ਼ ਡਰਾਮਾ ਨਵੀਂ ਦਿੱਲੀ ਤੋਂ ਪਾਸ ਆਊਟ ਅਧਿਆਪਕ ਸ਼੍ਰੀ ਪਾਰਥੋਂ ਬੈਨਰਜੀ ਅਤੇ ਪ੍ਰੀਤਪਾਲ ਰੁਪਾਣਾ ਬੱਚਿਆਂ ਨੂੰ ਰੰਗਮੰਚ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਦੇ ਰਹੇ ਹਨ। ਇਸ ਰੰਗਮੰਚ ਕਾਰਜ਼ਾਲਾ ਵਿੱਚ ਪੰਜਾਬ, ਹਰਿਆਣਾ, ਦਿੱਲੀ, ਉਤਰਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹੋਰਨਾਂ ਸੂਬਿਆਂ ਤੋਂ ਆਏ ਵਿਦਿਆਰਥੀ ਰੰਗਮੰਚ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਇਕ ਮਹੀਨਾ ਲਗਾਤਾਰ ਚੱਲਣ ਵਾਲੀ ਰੰਗਮੰਚ ਕਾਰਜਸ਼ਾਲਾ ਵਿੱਚ ਵਿਦਿਆਰਥੀਆਂ ਵੱਲੋਂ ਤਿਆਰ ਕੀਤਾ ਪ੍ਰਸਿੱਧ ਲੇਖਿਕਾ ਅਗਾਥਾ ਕ੍ਰਿਸਟੀ ਦਾ ਲਿਖਿਆ ਅਤੇ ਪ੍ਰੀਤਪਾਲ ਰੁਪਾਣਾ ਦਾ ਨਿਰਦੇਸ਼ਤ ਕੀਤਾ ਨਾਟਕ 'ਗਵਾਹੀ' ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਸਫ਼ਲਤਾਪੂਰਵਕ ਮੰਚਨ ਕੀਤਾ ਗਿਆ। ਇਸ ਨਾਟਕ ਵਿੱਚ ਭਾਗ ਲੈਣ ਵਾਲੇ ਰੰਗਮੰਚ ਦੇ ਵਿਦਿਆਰਥੀ ਜਸਵੀਨ ਕੌਰ, ਹੇਮੰਤ ਸਿੰਘ, ਪਿਯੂਸ਼ ਸ਼ਰਮਾ, ਨਵਦੀਪ ਸਿੰਘ, ਗੁਰਪਿਆਰ ਸਿੰਘ, ਕੁਲਵਿੰਦਰ ਸਿੰਘ, ਅਨਨਿਆ ਪਰਿਹਾਰ, ਕੁਸ਼ਾਲ ਜੈਸਵਾਨੀ, ਸ਼ੁਭਮ ਨਾਮਾ, ਗੁਰਪ੍ਰੀਤ ਸਿੰਘ, ਕਰਿਤਿਕਾ ਰਾਜਪੂਤ, ਹਰਸ਼ਿਤ ਸ਼ਰਮਾ, ਨਵਜੀਤ ਕੌਰ, ਗੁਰਲੀਨ ਕੌਰ, ਬਬਲੀ ਸਿੰਘ, ਜੁਝਾਰ ਸਿੰਘ, ਅਭਿਨਵ ਮਿਸ਼ਰਾ, ਸਤਪਾਲ ਸਿੰਘ, ਜਸਕਰਨ ਸਿੰਘ, ਏਕੋਮ ਸਿੰਘ ਧਾਲੀਵਾਲ, ਬਲਵਿੰਦਰ ਸਿੰਘ, ਕੁਲਦੀਪ ਸਿੰਘ, ਅਨਮੋਲਦੀਪ, ਜ਼ਸਨਦੀਪ ਸਿੰਘ, ਪਰਮਵੀਰ ਸਿੰਘ, ਚਿਮਨ ਜੀਰਾ, ਅਕਸ਼ੈ, ਜੋਏ ਸ਼ਰਮਾ, ਸ਼ਿਵਮ, ਆਮੀਨ, ਅਕਾਸ਼ਦੀਪ, ਰਾਜਾ ਆਦਿ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ। ਇਸ ਮੌਕੇ ਡਾ. ਅਰਵਿੰਦਰ ਕੌਰ ਧਾਲੀਵਾਲ, ਭੂਪਿੰਦਰ ਸਿੰਘ ਸੰਧੂ, ਗੁਰਦੇਵ ਸਿੰਘ ਮਹਿਲਾਂਵਾਲਾ, ਫ਼ਿਲਮੀ ਅਦਾਕਾਰ ਹਰਦੀਪ ਗਿੱਲ, ਪਾਰਥੋ ਬੈਨਰਜੀ, ਸੁਮੀਤ ਸਿੰਘ ਆਦਿ ਸਮੇਤ ਨਾਟ ਪ੍ਰੇਮੀ ਅਤੇ ਦਰਸ਼ਕ ਹਾਜ਼ਰ ਸਨ।



# ਪੰਜਾਬ ਮੰਤਰੀ ਮੰਡਲ 'ਚੋਂ ਮਾਝੇ ਦਾ ਹਿੱਸਾ ਘਟਾਉਣ 'ਤੇ ਲੋਕਾਂ 'ਚ ਰੋਸ: ਮੋਹਨ ਭੰਡਾਰੀਆਂ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕੋਲੋਂ ਮੰਤਰੀ ਪਦ ਤੋਂ ਅਸਤੀਫਾ ਲੈ ਲਏ ਜਾਣ ਤੇ ਸਮੁੱਚੇ ਮਾਝੇ ਦੇ ਲੋਕਾਂ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਪੰਚਾਇਤ ਮੰਤਰੀ ਰਹਿੰਦਿਆਂ ਧਾਲੀਵਾਲ ਨੇ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਦਿਆਂ ਸਰਕਾਰੀ ਅਤੇ ਪੰਚਾਇਤੀ ਜ਼ਮੀਨਾਂ ਦੇ ਕੀਤੇ ਨਜਾਇਜ਼ ਕਬਜ਼ੇ ਛੁਡਵਾਏ, ਜਦੋਂ ਗੱਡੀ ਲੀਹ 'ਤੇ ਆਉਣ ਲੱਗੀ ਤਾਂ ਉਨ੍ਹਾਂ ਕੋਲੋਂ ਉਹ ਮਹਿਕਮਾ ਵਾਪਸ ਲੈ ਲਿਆ, ਪਰ ਉਨ੍ਹਾਂ ਐੱਨਆਰਆਈ ਮੰਤਰਾਲੇ ਵਿੱਚ ਵੀ ਬਾ-ਕਮਾਲ ਕੰਮ ਕੀਤਾ। ਇਸ ਗੱਲ ਦਾ ਪ੍ਰਗਟਾਵਾ ਹਲਕਾ ਅਜਨਾਲਾ ਦੇ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂ ਗੁਰਮੁਖ ਸਿੰਘ ਮੋਹਣ ਭੰਡਾਰੀਆਂ ਨੇ ਇਕ ਪੱਤਰਕਾਰ ਮਿਲਣੀ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਧਾਲੀਵਾਲ ਦਾ ਮਿਸਾਲੀ ਕੰਮ ਵੇਖ ਕੇ ਉਨ੍ਹਾਂ ਨੂੰ ਹੋਰ ਕਈ ਅਹਿਮ ਵਿਭਾਗ ਦੇਣੇ ਚਾਹੀਦੇ ਸਨ, ਪਰ ਬੀਤੇ ਕੱਲ ਉਲਟਾ ਉਨ੍ਹਾਂ ਕੋਲੋਂ ਐੱਨਆਰਆਈ ਮਹਿਕਮਾ ਵੀ ਵਾਪਸ ਲੈ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਧਾਲੀਵਾਲ ਤੋਂ ਅਸਤੀਫਾ ਲੈ ਲਏ ਜਾਣ 'ਤੇ ਹੁਣ ਮਾਝੇ ਵਿੱਚੋਂ ਪੰਜਾਬ ਕੈਬਨਿਟ ਵਿੱਚ ਕੇਵਲ ਇੱਕ ਹੀ ਮੰਤਰੀ ਹਰਭਜਨ ਸਿੰਘ ਈਟੀਓ ਰਹਿ ਗਏ ਹਨ, ਜਦੋਂਕਿ ਮਾਝੇ ਦੇ ਹਿੱਸੇ ਵਿੱਚੋਂ ਚਾਰ ਨਹੀਂ ਤਾਂ ਤਿੰਨ ਮੰਤਰੀ ਹੋਣੇ ਚਾਹੀਦੇ ਹਨ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਇਸ ਮਸਲੇ 'ਤੇ ਦੁਬਾਰਾ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਧਾਲੀਵਾਲ ਇਕ ਚੰਗੇ ਇਨਸਾਨ, ਇਕ ਚੰਗੇ ਬੁਲਾਰੇ, ਹਰ ਦਿਲ ਅਜ਼ੀਜ਼ ਅਤੇ ਮਿਲਾਪੜੇ ਵਿਅਕਤੀ ਹਨ। ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਉਨਾਂ ਹਲਕਾ ਅਜਨਾਲਾ ਅਤੇ ਸਮੁੱਚੇ ਪੰਜਾਬ ਦੀ ਬੇਹਤਰੀ ਲਈ ਸਿਰ ਤੋੜ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਕੈਬਨਿਟ ਵਿੱਚੋਂ ਮਾਝੇ ਦੇ ਹਿੱਸੇ ਨੂੰ ਘਟਾਉਣਾ ਆਉਣ ਵਾਲੀਆਂ ਚੋਣਾਂ ਸਮੇਂ ਇੱਕ ਮੁੱਖ ਮੁੱਦਾ ਬਣੇਗਾ, ਜਿਸ ਲਈ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਸ ਸਬੰਧੀ ਸੋਚਣਾ ਬਣਦਾ ਹੈ। ਇਸ ਮੌਕੇ ਉਨ੍ਹਾਂ ਨਾਲ ਰਵੀ ਸਰਪੰਚ ਕੋਟ ਮੁਗਲ, ਜਸਬੀਰ ਸਿੰਘ ਰਾਜਾ ਸਰਪੰਚ ਚੇਤਨਪੁਰਾ, ਜਗਰੂਪ ਸਿੰਘ ਸਰਪੰਚ ਮੱਧੂਛਾਂਗਾ, ਹਰਪਾਲ ਸਿੰਘ ਸਰਪੰਚ ਕੋਟਲਾ ਸਦਰ, ਆਨੰਦ ਦੀਪ ਸਿੰਘ ਵਿਛੋਆ, ਨਿਰਮਲ ਸਿੰਘ ਸਰਪੰਚ ਮੱਤੇ ਨੰਗਲ, ਮਲਕੀਤ ਸਿੰਘ ਸਰਪੰਚ ਨਵਾਂ ਪਿੰਡ, ਬਲਜੀਤ ਸਿੰਘ ਬੱਲ ਬਾਵਾ, ਸਰਪੰਚ ਕੋਟਲਾ ਕਾਜ਼ੀਆਂ, ਸੋਨੂ ਗੱਗੋ ਮਾਹਲ, ਕਾਬਲ ਸਿੰਘ ਪੱਛੀਆ, ਕਵਲਜੀਤ ਸਿੰਘ ਗਿੱਲ, ਰਜਿੰਦਰ ਸਿੰਘ ਸਰਪੰਚ ਪੁਤਲੀ, ਲਵਰਾਜ ਸਿੰਘ ਸਰਪੰਚ ਤਲਵੰਡੀ ਨਾਹਰ, ਬਲਜੀਤ ਸਿੰਘ ਸਰਪੰਚ ਕੋਟ ਕੇਸਰ, ਅਮਨ ਸਰਪੰਚ ਸੰਗਤਪੁਰਾ, ਮੱਖਣ ਸਿੰਘ ਸਰਪੰਚ ਮਾਛੀ ਨੰਗਲ, ਅਮਨਪ੍ਰੀਤ ਸਿੰਘ ਸਰਪੰਚ ਚੱਕ ਸਿਕੰਦਰ, ਸਾਜਨ ਸਰਪੰਚ ਵਿਛੋਆ, ਕੁਲਦੀਪ ਸਿੰਘ ਸਰਪੰਚ ਹੇਲਰ, ਸਰਪੰਚ ਮੰਨੂ ਬੋਹੜਵਾਲੀਆ ਅਤੇ ਸਰਪੰਚ ਥੰਮਨ ਸਿੰਘ ਬਾਠ ਹਾਜਰ ਸਨ।

# ਸਾਬਕਾ ਸੈਨਿਕ ਸੰਘਰਸ਼ ਕਮੇਟੀ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ



ਗੁਰਦਾਸਪੁਰ (ਜਨਕ ਮਹਾਜਨ)-ਸਾਬਕਾ ਸੈਨਿਕ ਸੰਘਰਸ਼ ਕਮੇਟੀ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ ਸੂਬੇਦਾਰ ਮੇਜਰ ਦਲਬੀਰ ਸਿੰਘ ਦੁਗਰੀ ਸੀਨੀਅਰ ਉਪ ਪ੍ਰਧਾਨ ਅਤੇ ਸੂਬੇਦਾਰ ਮੇਜਰ ਸਰਵਨ ਸਿੰਘ ਮਾਨ ਦੀ ਅਗਵਾਈ ਵਿਚ ਹੋਈ ਜਿਸ ਵਿਚ ਸੂਬਾ ਪ੍ਰਧਾਨ ਸੂਬੇਦਾਰ ਮੇਜਰ, ਐੱਸ ਪੀ ਸਿੰਘ ਗੋਸਲ ਵਿਸੇਸ ਤੌਰ 'ਤੇ ਪਹੁੰਚੇ। ਗੁਰਦਾਸਪੁਰ ਦੀ ਸਾਬਕਾ ਸੈਨਿਕ ਸੰਘਰਸ਼ ਕਮੇਟੀ ਨੇ ਸੂਬਾ ਪ੍ਰਧਾਨ ਦਾ ਸਵਾਗਤ ਕੀਤਾ ਅਤੇ ਸੂਬਾ ਪ੍ਰਧਾਨ ਬਣਨ 'ਤੇ ਮੁਬਾਰਕਾਂ ਦਿੱਤੀਆਂ। ਮੀਟਿੰਗ ਵਿੱਚ ਭਾਰੀ ਗਿਣਤੀ ਵਿੱਚ ਸਾਬਕਾ ਸੈਨਿਕ ਪਹੁੰਚੇ। ਸਾਬਕਾ ਸੈਨਿਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਗਇਆ ਅਤੇ ਸਾਬਕਾ ਸੈਨਿਕਾਂ ਦੇ ਹਾਕੀ ਮੰਗਾ ਬਾਰੇ ਚਰਚਾ ਹੋਈ। ਪੰਜਾਬ ਪ੍ਰਧਾਨ ਐਸ ਪੀ ਸਿੰਘ ਗੋਸਲ ਨੇ ਦੱਸਿਆ ਕਿ ਜੋ ਸਾਬਕਾ ਸੈਨਿਕਾਂ ਦੀਆਂ ਹਾਕੀ ਮੰਗਾਂ ਵਾਸਤੇ ਰੋਜ਼ਾਨਾਂ ਜੰਤਰ ਮੰਤਰ ਤੇ 13 ਮਹੀਨੇ ਲਗਾਤਾਰ ਸੰਗਰਸ਼ ਚਲਿਆ ਪਰ ਸਰਕਾਰ ਨੇ ਕੋਈ ਹੱਲ ਨਹੀਂ ਕੀਤਾ। ਉਨ੍ਹਾਂ ਕਿਹਾ ਕਿ 23 ਜੁਲਾਈ ਨੂੰ ਜੰਤਰ ਮੰਤਰ ਤੇ ਧਰਨਾ ਪ੍ਰਦਰਸ਼ਨ ਕਰ ਕੇ ਸੰਸਦ ਦਾ ਘਿਰਾਓ ਕੀਤਾ ਜਾਵੇਗਾ ਅਤੇ ਜਵਾਨਾਂ ਦੀਆ ਲੰਮੇ ਸਮੇਂ ਤੋਂ ਲਟਕਦੀਆ ਮੰਗਾ ਜਿਵੇਂ ਓ.ਆਰ.ਓ.ਪੀ. ਇਕ ਸਮਾਨ ਐਮ.ਐਸ.ਪੀ. ਅਤੇ ਅਪੰਗਤਾ ਪੈਨਸ਼ਨ, ਅਗਨੀ ਵੀਰ ਯੋਜਨਾ ਨੂੰ ਸਮਾਪਤ ਕਰਨਾ, ਓਪਰੇਸ਼ਨ ਸੰਦੂਰ ਵਿਚ ਸ਼ਹੀਦ ਹੋਵੇ ਅਗਨੀ ਵੀਰਾ ਨੂੰ ਸ਼ਹੀਦੀ ਦਾ ਦਰਜਾ ਦੇਣਾ ਆਦਿ ਬਾਰੇ ਸਰਕਾਰ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਇਸ ਮੀਟਿੰਗ ਕੈਪਟਨ ਜਗੀਰ ਸਿੰਘ, ਜਸਵੀਰ ਸਿੰਘ ਮੱਲਿਆ, ਬਲਵਿੰਦਰ ਸਿੰਘ ਘੋਤਾ, ਕੈਪਟਨ ਸੁਲੱਖਣ ਸਿੰਘ, ਸੂਬੇਦਾਰ ਜਸਪਾਲ ਸਿੰਘ, ਜਗਜੀਤ ਸਿੰਘ, ਹਵਾਲਦਾਰ ਬਲਵਿੰਦਰ ਸਿੰਘ ਬੁਲਾਰਾ, ਪ੍ਰੇਮ ਸਿੰਘ ਖਹਿਰਾ, ਦਲਜੀਤ ਸਿੰਘ ਮੱਲੀਆਂ ਅਤੇ ਹੋਰ ਬਹੁਤ ਸਾਰੇ ਸਾਬਕਾ ਸੈਨਿਕ ਅਤੇ ਵੀਰ ਨਾਰੀਆਂ ਸ਼ਾਮਿਲ ਸਨ।

# ਬਰਾਈਟ ਫਿਊਚਰ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਕਲਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ



ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)-ਸਿੱਖਿਆ ਅਤੇ ਸਰਗਰਮੀਆਂ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਰੱਖਣ ਵਾਲੀ ਜ਼ਿਲ੍ਹਾ ਗੁਰਦਾਸਪੁਰ ਦੀ ਨਾਮਵਾਰ ਸੰਸਥਾ ਬਰਾਈਟ ਫਿਊਚਰ ਅਕੈਡਮੀ ਰਾਜਪੁਰਾ ਵਿੱਚ ਵਿਦਿਆਰਥੀਆਂ ਦੇ ਆਰਟ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਹਿੱਸਾ ਲੈ ਕੇ ਆਪਣੀ ਕਲਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੀਆਂ ਕਲਾਕ੍ਰਿਤੀਆਂ ਰਾਹੀਂ ਸਮਾਜਿਕ ਮੁੱਦਿਆਂ, ਸੱਭਿਆਚਾਰਕ ਵਿਭਿੰਨਤਾ ਅਤੇ ਕੁਦਰਤ ਦੀ ਸੁੰਦਰਤਾ ਨੂੰ ਬਾਖੂਬੀ ਪੇਸ ਕੀਤਾ। ਇਸ ਸਬੰਧੀ ਅਕੈਡਮੀ ਦੇ ਪ੍ਰਬੰਧਕ ਸੰਦੀਪ ਧਾਰੀਵਾਲ ਭੋਜਾ ਅਤੇ ਪ੍ਰਿੰਸੀਪਲ ਗੁਰਸੇਵਕ ਰਿਆੜ ਨੇ ਦੱਸਿਆ ਕਿ ਮੁਕਾਬਲੇ ਦਾ ਥੀਮ 'ਸਾਡਾ ਸੁਪਨਿਆਂ ਦਾ ਸੰਸਾਰ' ਸੀ, ਜਿਸ ਅਧੀਨ ਵਿਦਿਆਰਥੀਆਂ ਨੇ ਪੇਂਟਿੰਗ, ਸਕੈਚਿੰਗ, ਅਤੇ ਮਿਕਸਡ ਮੀਡੀਆ ਵਰਗੀਆਂ ਵਿਭਿੰਨ ਕਲਾ ਸ਼ੈਲੀਆਂ ਵਿੱਚ ਆਪਣੀ ਸਿਰਜਣਾਤਮਕਤਾ ਨੂੰ ਪ੍ਰਦਰਸ਼ਿਤ ਕੀਤਾ। ਸਕੂਲ ਦੇ ਦਫਤਰ ਸਹਾਇਕ ਜਤਿਨ ਬਾਵਾ ਨੇ ਇਸ ਮੁਕਾਬਲੇ ਦੇ ਸਫਲ ਆਯੋਜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਮੁਕਾਬਲੇ ਦੀ ਤਿਆਰੀ, ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਅਤੇ ਸਾਰੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਸੰਭਾਲਿਆ। ਜਤਿਨ ਬਾਵਾ ਨੇ ਦੱਸਿਆ 'ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਅਤੇ ਉਨ੍ਹਾਂ ਦੀਆਂ ਸਿਰਜਣਾਤਮਕ ਕਲਾਕ੍ਰਿਤੀਆਂ ਨੇ ਸਾਨੂੰ ਪ੍ਰਭਾਵਿਤ ਕੀਤਾ। ਪ੍ਰਿੰ. ਗੁਰਸੇਵਕ ਰਿਆੜ ਨੇ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਆਪਣੀਆਂ ਕਲਾਕ੍ਰਿਤੀਆਂ ਰਾਹੀਂ ਨਾ ਸਿਰਫ ਆਪਣੀ ਪ੍ਰਤਿਭਾ ਦਿਖਾਈ, ਸਗੋਂ ਸਮਾਜ ਪ੍ਰਤੀ ਆਪਣੀ ਸੰਵੇਦਨਸੀਲਤਾ ਅਤੇ ਜ਼ਿੰਮੇਵਾਰੀ ਨੂੰ ਵੀ ਪ੍ਰਗਟ ਕੀਤਾ। ਮੁਕਾਬਲੇ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਉਹਨਾਂ ਨੇ ਵਿਦਿਆਰਥੀਆਂ ਦੀ ਕਲਾਤਮਕ ਸਮਰੱਥਾ, ਵਿਚਾਰਧਾਰਾ ਅਤੇ ਪੇਸ਼ਕਾਰੀ ਦੀ ਸ਼ਲਾਘਾ ਕੀਤੀ ਅਤੇ ਅਧਿਆਪਕਾਂ ਦੀ ਅਗਵਾਈ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਹ ਮੁਕਾਬਲਾ ਨਿਸ਼ਾ ਬਾਵਾ, ਅਨੂੰ ਮੁਕੇਰੀਆਂ, ਨੇਹਾ ਸ਼ਰਮਾ, ਅਕਾਂਕਸ਼ਾ ਠਾਕੁਰ, ਜਸਬੀਰ ਸ਼ੀਂਹ ਭੱਟੀ, ਮਨਦੀਪ ਕੌਰ, ਨਵਨੀਤ ਆਦਿ ਅਧਿਆਪਕਾਂ ਦੀ ਅਗਵਾਈ ਵਿੱਚ ਕਰਵਾਇਆ ਗਿਆ।

# ਅਮਰਨਾਥ ਜਾਣ ਵਾਲੇ ਸ਼ਰਧਾਲੂਆਂ ਲਈ ਕਠੂਆ 'ਚ ਵਿਸ਼ਾਲ ਭੰਡਾਰਾ ਸ਼ੁਰੂ



ਤਰਸਿੱਕ, (ਤਰਸੇਮ ਸਿੰਘ ਸਾਧਪੁਰ)-ਸ਼ਿਵੋਹਮ ਸੇਵਾ ਮੰਡਲ ਛੇਹਰਟਾ ਅੰਮ੍ਰਿਤਸਰ ਵੱਲੋਂ ਅਮਰਨਾਥ ਯਾਤਰਾ ਲਈ ਸ਼ਿਵ ਭੋਲੇ ਭੰਡਾਰੀ ਦੇ ਆਸ਼ੀਰਵਾਦ ਨਾਲ ਕਠੂਆ ਖਰੋਟ ਮੋੜ ਵਿਖੇ ਛੇਵਾਂ ਵਿਸ਼ਾਲ ਭੰਡਾਰਾ ਸ਼ਿਵ ਜਾਗਰਣ ਪੂਜਾ ਨਾਲ ਸ਼ੁਰੂ ਕੀਤਾ ਗਿਆ।ਚੇਅਰਮੈਨ ਅਸ਼ੋਕ ਬੇਦੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਭੰਡਾਰਾ ਸਥਾਨ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਅਤੇ ਸ਼ਿਵ ਪਰਿਵਾਰ ਸਵਰੂਪ ਸਥਾਪਿਤ ਕੀਤਾ।ਸ਼ਿਵ ਜਾਗਰਣ ਦੌਰਾਨ ਅੰਮ੍ਰਿਤਸਰ ਤੋਂ ਪਰਮ ਸੰਤ ਅਦਵੈਤ ਸਵਰੂਪ ਆਰਤੀ ਦੇਵਾ ਜੀ ਮਹਾਰਾਜ ਅਤੇ ਕੌਂਸਲਰ ਰਮਨ ਰੰਮੀ, ਮਾਨਵ ਸੋਢੀ, ਪਵਨ ਅਰੋੜਾ ਚੱਕੀ ਵਾਲੇ, ਹਰੀਸ਼ ਭਸੀਨ ਵੀ ਪਹੁੰਚੇ।ਸ਼ਿਵ ਜਾਗਰਣ ਦੌਰਾਨ ਆਰਤੀ ਦੇਵਾ ਮਹਾਰਾਜ ਨੇ ਸਾਰੀਆਂ ਰਸਮਾਂ ਨਿਭਾਈਆਂ। ਡਾ: ਅਸ਼ਵਨੀ ਮੰਨਣ ਪਾਰਟੀ ਵੱਲੋਂ ਸ਼ਿਵ ਜਾਗਰਣ ਕਰਵਾਇਆ ਗਿਆ ਅਤੇ ਸ਼ਰਧਾਲੂਆਂ ਨੂੰ ਸ਼ਿਵ ਭੋਲੇਨਾਥ ਦੇ ਚਰਨਾਂ ਨਾਲ ਜੋੜਿਆ ਗਿਆ। ਭੰਡਾਰ ਦੇ ਉਦਘਾਟਨ ਸਮੇਂ ਕਠੂਆ ਦੇ ਡੀਸੀ ਰਾਕੇਸ਼ ਮਿਨਹਾਸ ਪਹੁੰਚੇ। ਚੇਅਰਮੈਨ ਅਸ਼ੋਕ ਬੇਦੀ ਵੱਲੋਂ ਡੀਸੀ ਰਾਕੇਸ਼ ਮਿਨਹਾਸ ਅਤੇ ਆਰਤੀ ਦੇਵਾ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਮਰਨਾਥ ਯਾਤਰਾ ਲਈ ਜਾਣ ਵਾਲੇ ਸ਼ਰਧਾਲੂ ਕਠੂਆ ਵਿਖੇ ਰੁਕ ਕੇ ਭੰਡਾਰਾ ਜ਼ਰੂਰ ਛਕ ਕੇ ਜਾਣ।

# ਅਜੇਦੀਪ ਸਿੰਘ ਬਿਹਾਰੀਪੁਰ ਦਾ ਸੇਜਲ ਅੱਖਾਂ ਨਾਲ ਅੰਤਿਮ ਸੰਸਕਾਰ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਪਿਛਲੇ ਦਿਨੀਂ ਪਿੰਡ ਬਿਹਾਰੀਪੁਰ ਦਾ ਇਕ ਹੋਣਹਾਰ ਨੌਜਵਾਨ ਕਾਕਾ ਅਜੇਦੀਪ ਸਿੰਘ ਪੁੱਤਰ ਬਲਜਿੰਦਰ ਸਿੰਘ ਪੋਤਰਾ ਮੁਖ਼ਤਾਰ ਸਿੰਘ ਬਿਹਾਰੀਪੁਰ ਜ਼ੋਨ ਪ੍ਰਧਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜੋ 28 ਤਰੀਕ ਤੋਂ ਲਾਪਤਾ ਹੋਇਆ ਸੀ, ਦੀ ਖਡੂਰ ਸਾਹਿਬ ਦੇ ਨੇੜਿਓਂ ਨਹਿਰ ਕੰਢੇ ਮ੍ਰਿਤਕ ਦੇਹ ਗਲੀ-ਸੜੀ ਹਾਲਤ ਵਿੱਚ ਮਿਲੀ। ਪੋਸਟਮਾਰਟਮ ਹੋਣ ਤੋ ਉਪਰੰਤ ਪਿੰਡ ਬਿਹਾਰੀਪੁਰ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਦੁਖਦਾਇਕ ਮੌਕੇ ਵੱਡੀ ਤਾਦਾਦ ਵਿੱਚ ਇਕੱਤਰ ਹੋਈਆਂ ਸੰਗਤਾਂ ਨੇ ਨਮ ਅੱਖਾਂ ਨਾਲ ਕਾਕਾ ਅਜੇਦੀਪ ਸਿੰਘ ਨੂੰ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਜ਼ਿਲ੍ਹਾ ਤਰਨਤਾਰਨ ਦੇ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜਰਨੈਲ ਸਿੰਘ ਨੂਰਦੀ, ਕੁਲਵਿੰਦਰ ਸਿੰਘ ਕੈਰੋਂਵਾਲ, ਦਿਆਲ ਸਿੰਘ ਮੀਆਂਵਿੰਡ, ਸੁਖਵਿੰਦਰ ਸਿੰਘ ਦੁੱਗਲ ਵਾਲਾ, ਹਰਜਿੰਦਰ ਸਿੰਘ ਘੱਗੇ, ਸਤਨਾਮ ਸਿੰਘ ਖੋਜਕੀਪੁਰ, ਸਾਹਿਬ ਸਿੰਘ ਨਰੋਤਮਪੁਰ, ਪ੍ਰਮਜੀਤ ਸਿੰਘ ਬਾਠ ਦਾਰਾਪੁਰ, ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਬਲਜਿੰਦਰ ਸਿੰਘ ਆਲਮਪੁਰ, ਕੁਲਦੀਪ ਸਿੰਘ ਵੇਈਂਪੂਈਂ, ਇਕਬਾਲ ਸਿੰਘ ਵੜਿੰਗ ਤੋਂ ਇਲਾਵਾ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਆਏ ਕਿਸਾਨ ਜਥੇਬੰਦੀ ਦੇ ਆਗੂਆਂ ਨੇ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ ਨਾਲ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੋਏ।

# ਕੁਲਦੀਪ ਸਿੰਘ ਬਘੇਲ ਸਿੰਘ ਵਾਲਾ ਨੂੰ ਸਦਮਾ; ਮਾਤਾ ਦਾ ਦੇਹਾਂਤ



ਝਬਾਲ,(ਹਰਜਿੰਦਰ ਸਿੰਘ ਸੋਨੀ)-ਉੱਘੇ ਆਗੂ ਤੇ ਸਮਾਜ ਸੇਵਕ ਕੁਲਦੀਪ ਸਿੰਘ, ਸੁਖਚੈਨ ਸਿੰਘ ਬਘੇਲ ਸਿੰਘ ਵਾਲਾ ਮਾਤਾ ਅਤੇ ਭਾਈ ਰਣਧੀਰ ਸਿੰਘ ਝਬਾਲ ਦੇ ਚਾਚੀ ਮਾਤਾ ਬਲਵੀਰ ਕੌਰ ਪਤਨੀ ਸਵ: ਬਖਸ਼ੀਸ਼ ਸਿੰਘ ਢਿੱਲੋਂ ਉਮਰ 82 ਸਾਲ ਜੋ ਬੀਤੇ ਦਿਨ ਅਕਾਲ ਚਲਾਣਾ ਕਰ ਗਏ ਸਨ, ਦਾ ਅੰਤਿਮ ਸੰਸਕਾਰ ਸ਼ਮਸ਼ਾਨਘਾਟ ਨੇੜੇ ਡੇਰਾ ਰਾਧਾ ਸਵਾਮੀ ਤਰਨਤਾਰਨ ਰੋਡ ਝਬਾਲ ਵਿਖੇ ਕਰ ਦਿੱਤਾ ਗਿਆ।ਇਸ ਮੌਕੇ ਕੁਲਦੀਪ ਸਿੰਘ, ਸੁਖਚੈਨ ਸਿੰਘ, ਭਾਈ ਰਣਧੀਰ ਸਿੰਘ ਝਬਾਲ ਸਮੇਤ ਸਮੁੱਚੇ ਪਰਿਵਾਰ ਨਾਲ ਆਪ ਦੇ ਚੇਅਰਮੈਨ ਗੁਰਦੇਵ ਸਿੰਘ ਸੰਧੂ, ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ,ਜ਼ਿਲਾ ਪ੍ਰਧਾਨ ਮਹਿਲਾ ਵਿੰਗ ਅੰਜੂ ਵਰਮਾ, ਰਣਜੀਤ ਸਿੰਘ ਰਾਣਾ ਜਿਲਾ ਪ੍ਰਧਾਨ ਆਪ ਵਿੰਗ ਟਰਾਂਸਪੋਰਟ, ਮਾਣਕ ਸਿੰਘ ਹੈਪੀ ਇੰਚਾਰਜ ਸੋਸ਼ਲ ਮੀਡੀਆ, ਜ਼ਿਲਾ ਵਪਾਰ ਮੰਡਲ ਪ੍ਰਧਾਨ ਸੋਨੀ ਬਾਬਾ ਝਬਾਲ, ਚੇਅਰਮੈਨ ਰਮਨ ਕੁਮਾਰ ਝਬਾਲ, ਸਰਪੰਚ ਜਤਿੰਦਰ ਸਿੰਘ ਬਘੇਲ ਸਿੰਘ ਵਾਲਾ, ਸਾਬਕਾ ਸਰਪੰਚ ਨਰਿੰਦਰ ਕੁਮਾਰ ਪੱਪਾ, ਹਰਦਿਆਲ ਸਿੰਘ ਝਬਾਲ, ਮਿਲਖਾ ਸਿੰਘ ਮੱਜੂਪੁਰ, ਜਸਬੀਰ ਸਿੰਘ ਸਵਰਗਾਪੁਰੀ ਤੋਂ ਇਲਾਵਾ ਇਲਾਕਾ ਵਾਸੀ, ਰਿਸ਼ਤੇਦਾਰਾਂ, ਸੱਜਣ ਮਿੱਤਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਤਰਕਸ਼ੀਲ ਸੁਸਾਇਟੀ ਵੱਲੋਂ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਦੀ ਹਮਾਇਤ

## * ਕਿਸਾਨਾਂ ਦੀਆਂ ਜ਼ਮੀਨਾਂ ਜਬਰੀ ਖੋਹਣ ਦੀ ਕੀਤੀ ਸਖ਼ਤ ਨਿਖੇਧੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਭਾਜਪਾ-ਸੰਘ ਅਤੇ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ, ਫ਼ਿਰਕੂ ਫਾਸ਼ੀਵਾਦੀ ਨੀਤੀਆਂ ਅਤੇ ਮਜ਼ਦੂਰ ਵਿਰੋਧੀ ਕਿਰਤ ਕਾਨੂੰਨਾਂ ਦੇ ਖਿਲਾਫ਼ ਸਮੂਹ ਟ੍ਰੇਡ ਯੂਨੀਅਨਾਂ ਅਤੇ ਭਰਾਤਰੀ ਕਿਸਾਨ-ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਵੱਲੋਂ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਦੇ ਸੱਦੇ ਦੀ ਜ਼ੋਰਦਾਰ ਹਮਾਇਤ ਕਰਦਿਆਂ ਇਸ ਮੌਕੇ ਸਾਂਝੇ ਰੋਸ ਪ੍ਰਦਰਸ਼ਨਾਂ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ।ਇਸਦੇ ਨਾਲ ਹੀ ਸੁਸਾਇਟੀ ਨੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਭਾਰਤ ਮਾਲਾ ਪ੍ਰੋਜੈਕਟ ਅਤੇ ਲੈਂਡ ਪੂਲਿੰਗ ਸਕੀਮ ਹੇਠ ਕਿਸਾਨਾਂ ਦੀਆਂ ਜ਼ਮੀਨਾਂ ਜਬਰੀ ਖੋਹਣ ਅਤੇ ਵਿਰੋਧ ਕਰਨ ਵਾਲੇ ਕਿਸਾਨਾਂ ਉਤੇ ਪੁਲਸ ਜਬਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ ਹੈ।ਇਸ ਮੌਕੇ ਸੂਬਾ ਕਮੇਟੀ ਆਗੂਆਂ ਸੁਖਵਿੰਦਰ ਬਾਗਪੁਰ, ਗੁਰਪ੍ਰੀਤ ਸ਼ਹਿਣਾ, ਜਸਵੰਤ ਮੋਹਾਲੀ, ਜਸਵਿੰਦਰ ਫਗਵਾੜਾ ਅਤੇ ਜੋਗਿੰਦਰ ਕੁੱਲੇਵਾਲ ਨੇ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਵਿਸ਼ਵ ਵਪਾਰ ਸੰਗਠਨ ਦੇ ਦਬਾਅ ਹੇਠ ਕਿਸਾਨ-ਮਜ਼ਦੂਰ-ਮੁਲਾਜ਼ਮ ਵਿਰੋਧੀ ਨੀਤੀਆਂ ਤੇ ਬਸਤੀਵਾਦੀ ਕਾਲੇ ਕਾਨੂੰਨ ਲਾਗੂ ਕਰਕੇ ਦੇਸ਼ ਵਿਚ ਅੱਤ ਦੀ ਮਹਿੰਗਾਈ, ਬੇਰੁਜ਼ਗਾਰੀ, ਕਾਰਪੋਰੇਟ ਲੁੱਟ, ਦਹਿਸ਼ਤ ਅਤੇ ਅਣਐਲਾਨੀ ਐਮਰਜੈਂਸੀ ਦਾ ਮਾਹੌਲ ਪੈਦਾ ਕੀਤਾ ਹੈ।ਸੂਬਾ ਕਮੇਟੀ ਆਗੂਆਂ ਸੁਰਜੀਤ ਟਿੱਬਾ, ਕੁਲਜੀਤ ਡੰਗਰਖੇੜਾ, ਜੁਝਾਰ ਲੌਂਗੋਵਾਲ ਅਤੇ ਮੋਹਨ ਬਡਲਾ ਨੇ ਛੱਤੀਸਗੜ੍ਹ ਦੇ ਬਸਤਰ ਇਲਾਕੇ ਵਿੱਚ ਜਲ, ਜੰਗਲ, ਜ਼ਮੀਨ ਨੂੰ ਕਾਰਪੋਰੇਟ ਪੂੰਜੀਪਤੀਆਂ ਨੂੰ ਸੌਂਪਣ ਦਾ ਵਿਰੋਧ ਕਰ ਰਹੇ ਆਦਿਵਾਸੀਆਂ ਨੂੰ ਕਥਿਤ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਰਨ ਦੀ ਤਿੱਖੀ ਆਲੋਚਨਾ ਕਰਦਿਆਂ ਆਪਣੇ ਹੀ ਨਾਗਰਿਕਾਂ ਵਿਰੁੱਧ ਛੇੜੀ ਇਸ ਖ਼ੂਨੀ ਜੰਗ ਨੂੰ ਖ਼ਤਮ ਕਰਨ ਅਤੇ ਮਾਓਵਾਦੀ ਧਿਰਾਂ ਨਾਲ ਠੋਸ ਗੱਲਬਾਤ ਕਰਨ ਦੀ ਮੰਗ ਕੀਤੀ।ਤਰਕਸ਼ੀਲ ਆਗੂਆਂ ਨੇ ਲੋਕਾਂ ਨੂੰ ਲੋਕ ਪੱਖੀ ਅਤੇ ਸਾਂਝੇ ਜੱਥੇਬੰਦਕ ਸੰਘਰਸ਼ਾਂ ਉਤੇ ਟੇਕ ਰੱਖਣ ਦੀ ਜ਼ੋਰਦਾਰ ਅਪੀਲ ਕਰਦਿਆਂ ਸਮੂਹ ਜਨਤਕ, ਜਮਹੂਰੀ, ਸਾਹਿਤਕ ਜੱਥੇਬੰਦੀਆਂ ਨੂੰ ਭਾਜਪਾ- ਸੰਘ ਵੱਲੋਂ ਸੰਵਿਧਾਨ 'ਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਸ਼ਬਦ ਕੱਢਣ ਦੀ ਫਿਰਕੂ ਮੰਗ ਦਾ ਡਟਵਾਂ ਵਿਰੋਧ ਕਰਨ ਦਾ ਸੱਦਾ ਦਿੱਤਾ।

# ਮਜ਼ਦੂਰ ਵੈੱਲਫੇਅਰ ਸੁਸਾਇਟੀ ਯੂਨੀਅਨ ਨੇ ਮੰਗਾਂ ਸੰਬੰਧੀ ਕੀਤੀ ਮੀਟਿੰਗ





ਪਠਾਨਕੋਟ (ਦਵਿੰਦਰ ਸਿੰਘ)-ਮਜ਼ਦੂਰ ਵੈਲਫੇਅਰ ਸੁਸਾਇਟੀ ਯੂਨੀਅਨ ਦੀ ਮੀਟਿੰਗ ਪ੍ਰਧਾਨ ਬਲਵਿੰਦਰ ਕੁਮਾਰ, ਸਤਵਿੰਦਰ ਕੁਮਾਰ, ਰਾਜੇਸ਼ ਕੁਮਾਰ, ਰੋਸ਼ਨ ਲਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੀਟੀਯੂ ਦੇ ਆਗੂ ਕਾਮਰੇਡ ਬਲਕਾਰ ਚੰਦ, ਕਾਮਰੇਡ ਸ਼ਿਵ ਕੁਮਾਰ, ਮਾਸਟਰ ਸੁਭਾਸ਼ ਸ਼ਰਮਾ, ਕਾਮਰੇਡ ਬਲਕਾਰ ਵਿਸ਼ੇਸ਼ ਤੌਰ ਤੇ ਮੌਜੂਦ ਸਨ।ਇਸ ਮੌਕੇ ਪ੍ਰਧਾਨ ਬਲਵਿੰਦਰ ਕੁਮਾਰ, ਮਾਸਟਰ ਸੁਭਾਸ਼ ਸ਼ਰਮਾ ਨੇ ਕਿਹਾ ਕਿ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਉਹ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਹਿੱਸਾ ਲੈਣਗੇ।ਉਨ੍ਹਾਂ ਕਿਹਾ ਕਿ ਦੇਸ਼ ਦੇ ਮਜ਼ਦੂਰਾਂ ਦੇ ਹੱਕ ਵਿੱਚ 44 ਕਾਨੂੰਨ ਬਣਾਏ ਗਏ ਸਨ, ਜਿਨ੍ਹਾਂ ਨੂੰ ਤੋੜ ਕੇ ਮਾਲਕ ਪੱਖੀ 4 ਕੋਡ ਬਣਾਏ ਜਾ ਰਹੇ ਹਨ, ਜਿਸ ਲਈ 9 ਜੁਲਾਈ ਨੂੰ ਕੇਂਦਰ ਸਰਕਾਰ ਵਿਰੁੱਧ ਹੜਤਾਲ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ 21 ਸਬ ਏਰੀਆ ਪਠਾਨਕੋਟ ਵਿੱਚ ਵੱਡੀ ਗਿਣਤੀ ਵਿੱਚ ਮਜ਼ਦੂਰ ਠੇਕੇਦਾਰਾਂ ਰਾਹੀਂ ਮਜ਼ਦੂਰ ਵਜੋਂ ਕੰਮ ਕਰਦੇ ਹਨ, ਜੋ ਪਿਛਲੇ 13 ਸਾਲਾਂ ਤੋਂ ਉਥੇ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਨਵੇਂ ਅਤੇ ਪੁਰਾਣੇ ਦੋਵੇਂ ਤਰ੍ਹਾਂ ਦੇ ਨਵੇਂ ਮਜ਼ਦੂਰਾਂ ਨੂੰ ਇੱਕੋ ਜਿਹੀ ਤਨਖਾਹ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ, ਰੋਜ਼ਾਨਾ ਉਜਰਤ 823 ਰੁਪਏ ਹੈ ਜਦੋਂ ਕਿ ਉਨ੍ਹਾਂ ਨੂੰ 400 ਰੁਪਏ ਦਿੱਤੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਤਨਖਾਹ ਵਧਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕੇਂਦਰ ਸਰਕਾਰ ਅਤੇ 21 ਸਬ ਏਰੀਆ ਪ੍ਰਸ਼ਾਸ਼ਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਕੇਂਦਰੀ ਨੋਟੀਫਿਕੇਸ਼ਨ ਅਨੁਸਾਰ ਘੱਟੋ-ਘੱਟ 600 ਰੁਪਏ ਪ੍ਰਤੀ ਦਿਨ ਤਨਖਾਹ ਦਿੱਤੀ ਜਾਵੇ।ਜਿਹੜੇ ਲੋਕ 13 ਸਾਲਾਂ ਤੋਂ ਕੰਮ ਕਰ ਰਹੇ ਹਨ ਉਨ੍ਹਾਂ ਦੇ ਰੇਟ ਤੈਅ ਕੀਤੇ ਜਾਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਉਹ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋਣਗੇ।

# ਐੱਸ ਸੀ ਕਮਿਸ਼ਨ ਪ੍ਰਾਈਵੇਟ ਸਕੂਲਾਂ 'ਚ ਐੱਸਸੀ ਕੋਟੇ ਦੇ ਬੱਚਿਆਂ ਦੀ ਕਰੇਗਾ ਸ਼ਨਾਖਤ: ਇੱਟਾਂਵਾਲੀ



ਬੁਤਾਲਾ , (ਨਿਰਮਲ ਸਿੰਘ ਸੰਘਾ): ਅਨੁਸੂਚਿਤ ਜਾਤੀ ਵਰਗ ਨਾਲ ਸਬੰਧਿਤ ਵਿਦਿਆਰਥੀਆਂ ਲਈ ਨਿੱਜੀ ਸਕੂਲਾਂ 'ਚ 25% ਕੋਟੇ ਚੋਂ ਹਿੱਸੇ ਆਉਦੀਆਂ ਤੈਅਸ਼ੁਦਾ ਰਾਖਵੀਆਂ 5% ਸੀਟਾਂ ਤੋਂ ਮੁਨਾਫਾ ਖੱਟ ਰਹੇ ਸਕੂਲਾਂ ਦੀ ਪੜਤਾਲ ਕਰਕੇ ਡਿਫਾਲਟਰ ਸਕੂਲਾਂ ਨੂੰ ਸੂਚੀਬੱਧ ਕੀਤਾ ਜਾਵੇਗਾ ਤਾਂ ਕਿ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾ ਸਕੇ। ਉਪਰੋਕਤ ਪ੍ਰਗਟਾਵਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ 'ਇੱਟਾਂਵਾਲੀ' ਨੇ ਕੀਤਾ।ਉਨ੍ਹਾਂ ਨੇ ਕਿਹਾ ਸਾਡੇ ਧਿਆਨ 'ਚ ਆਇਆ ਹੈ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਅਨੁਸਾਰ 18 ਦਸੰਬਰ 2010 ਨੂੰ ਜਾਰੀ ਨੋਟੀਫੀਕੇਸ਼ਨ ਅਨੁਸਾਰ ਲਾਭਪਾਤਰੀਆਂ ਦੀ ਸੂਚੀ 'ਚ ਜਿਹੜੇ 6 ਵਰਗਾਂ ਨੂੰ ਸ਼ਾਮਿਲ ਕੀਤਾ ਗਿਆ ਹੈ,ਉਸ ਵਿੱਚ ਅਨੁਸੂਚਿਤ ਜਾਤੀ ਵਰਗ ਦੇ ਬੱਚਿਆਂ ਦਾ ਵੀ ਕੋਟਾ ਤੈਅ ਹੈ, ਪਰ 2009 ਤੋਂ ਲੈ ਕੇ ਚਾਲੂ ਵਰ੍ਹੇ ਤੱਕ ਪੰਜਾਬ ਦੇ ਮਾਨਤਾ ਸਕੂਲਾਂ ਨੇ 6 ਤੋਂ 14 ਸਾਲ ਤੱਕ ਕਿਸੇ ਇੱਕ ਵੀ ਬੱਚੇ ਨੂੰ ਸੀਟ ਦਾ ਲਾਭ ਨਹੀਂ ਦਿੱਤਾ ਹੈ।ਐੱਸ.ਸੀ ਕਮਿਸ਼ਨ ਦੇ ਮੈਂਬਰ ਇੱਟਾਂਵਾਲੀ ਨੇ ਕਿਹਾ ਕਿ 24 ਅਪ੍ਰੈਲ 2025 ਨੂੰ ਦਾਖਲਿਆਂ ਦੇ ਸੈਸ਼ਨ 2025-26 'ਚ 'ਸ਼੍ਰੇਣੀ' ਨਾਲ ਸਬੰਧਿਤ ਸੀਟਾਂ ਤੇ ਦਾਖਲ ਨਾ ਕਰਕੇ ਜਿਥੇ ਬਾਲਾਂ ਦੇ ਅਧਿਕਾਰਾਂ ਦਾ ਹੱਨਨ ਕੀਤਾ ਹੈ,ਉਥੇਂ ਮੌਲਿਕ ਅਧਿਕਾਰ ਖੋਹਣ ਦਾ ਹੱਥ ਕੰਡਾਂ ਵਰਤਦਿਆਂ ਰਾਖਵੀਆਂ ਸੀਟਾਂ ਰਸੂਖਦਾਰਾਂ ਨੂੰ ਵੇਚਣ ਦਾ ਵੀ ਸੰਗੀਨ ਅਪਰਾਧ ਕੀਤਾ ਹੈ। ਮੌਕੇ ਗੁਰਪ੍ਰੀਤ ਸਿੰਘ ਇੱਟਾਂਵਾਲੀ ਦੇ ਨਿੱਜੀ ਲੋਕ ਸੰਪਰਕ ਅਫਸਰ ਸ: ਸਤਨਾਮ ਸਿੰਘ ਗਿੱਲ, ਪੀਏ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ, ਰਾਜਵਿੰਦਰ ਸਿੰਘ ਜੋਧੇ, ਵਕੀਲ ਜੋਤੀਪਾਲ ਭੀਮ ਪਠਾਨਕੋਟ ਆਦਿ ਹਾਜ਼ਰ ਸਨ।

# ਕਮਿਊਨਿਟੀ ਹੈਲਥ ਸੈਂਟਰ ਮੀਆਂਵਿੰਡ 'ਚ ਤੀਬਰ ਦਸਤ ਰੋਕੂ ਮੁਹਿੰਮ ਚਲਾਈ ਗਈ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ-ਨਿਰਦੇਸ਼ ਹੇਠ ਡਾਕਟਰ ਵਰਿੰਦਰਪਾਲ ਕੌਰ ਜ਼ਿਲਾ ਟੀਕਾਕਰਨ ਅਫਸਰ ਤੇ ਡਾਕਟਰ ਸ਼ਲਿੰਦਰ ਸਿੰਘ ਸੀਨੀਅਰ ਮੈਡੀਕਲ ਅਫਸਰ ਮੀਆਂਵਿੰਡ ਦੀ ਯੋਗ ਅਗਵਾਈ ਹੇਠ 1 ਜੁਲਾਈ ਤੋਂ 31 ਜੁਲਾਈ ਤੱਕ ਚੱਲਣ ਵਾਲੇ ਤੀਬਰ ਦਸਤ ਰੋਕੂ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਡਾ. ਸ਼ਲਿੰਦਰ ਸਿੰਘ ਨੇ ਦੱਸਿਆ ਕਿ 0 ਤੋਂ 5 ਸਾਲ ਦੀ ਉਮਰ ਦੇ ਬੱਚਿਆ ਦੀ ਸਨਾਖ਼ਤ ਕਰਕੇ ਉਨ੍ਹਾਂ ਨੂੰ ਓਆਰਐੱਸ ਦੇ ਪੈਕਟ ਤੇ ਜਿੰਕ ਦੀਆਂ ਗੋਲੀਆਂ ਵੰਡੀਆਂ ਜਾਣਗੀਆਂ ਤਾਂ ਜੋ ਬਰਸਾਤ ਦੇ ਮੌਸਮ ਵਿੱਚ ਬੱਚਿਆ ਨੂੰ ਦਸਤ ਲੱਗਣ ਤੇ ਤੁਰੰਤ ਓਆਰਐੱਸ ਦਿੱਤਾ ਜਾ ਸਕੇ। ਹਰ ਸਬ ਸੈਂਟਰ ਤੇ ਹਸਪਤਾਲ ਵਿੱਚ ਓਆਰਐੱਸ ਕਾਰਨਰ ਬਣਾਏ ਗਏ ਹਨ ਤਾ ਜੋ ਲੋੜ ਪੈਣ ਤੇ ਲੋਕ ਮੁਫਤ ਓਆਰਐੱਸ ਤੇ ਜਿੰਕ ਦੀਆ ਗੋਲੀਆਂ ਪ੍ਰਾਪਤ ਕਰ ਸਕਣ। ਇਸ ਮੌਕੇ ਤੇਜਿੰਦਰ ਸਿੰਘ ਬੀਈਈ ਨੇ ਦੱਸਿਆ ਕਿ ਦਸਤ ਰੋਗ ਤੋਂ ਬਚਾਅ ਲਈ ਹੱਥ ਧੋਣ ਦੀ ਬਹੁਤ ਮਹੱਤਤਾ ਹੈ। ਬੱਚਿਆਂ ਨੂੰ ਹੱਥ ਧੋ ਕੇ ਖਾਣਾ ਖਾਣ ਦੀ ਆਦਤ ਪਾਓ। ਡਾਕਟਰ ਮਨਪ੍ਰੀਤ ਕੌਰ ਨੇ ਘਰ 'ਚ ਓਆਰਐੱਸ ਬਣਾਉਣ ਦੀ ਵਿਧੀ ਦੱਸੀ ਅਤੇ ਦੱਸਿਆ ਕਿ ਓਆਰਐੱਸ ਨਾ ਮਿਲਣ ਦੀ ਹਾਲਤ ਵਿੱਚ ਘਰ ਵਿਚ ਓਆਰਐੱਸ ਤਿਆਰ ਕਰ ਲਿਆ ਜਾਵੇ। ਇਸ ਮੌਕੇ ਸੀਐੱਚਓ, ਆਸਾ ਫਸਿਲੀਟੇਟਰ ਹਾਜ਼ਰ ਸਨ।



# ਡਾ. ਜਯੋਤੀ ਬੱਬਰ ਨੇ ਅਹੁਦਾ ਸੰਭਾਲਿਆ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਡਾ. ਜਯੋਤੀ ਬੱਬਰ ਨੇ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਗੁਰਦਾਸਪੁਰ ਵੱਜੋਂ ਅਹੁਦਾ ਸੰਭਾਲ ਲਿਆ ਹੈ।

ਡਾ.ਪ੍ਰਦੀਪ ਸਿੰਘ ਗੁਰਦਾਸਪੁਰ ਤੋਂ ਰਿਲੀਵ ਹੋਏ।ਇਸ ਮੌਕੇ ਪੀਏਐੱਮਐੱਸਏ ਵੱਲੋਂ ਦੋਨਾਂ ਅਫਸਰਾਂ ਅਤੇ ਸਮੂਹ ਸਟਾਫ ਮੈਂਬਰਾਂ ਸਮੇਤ ਇੱਕ ਨਿੱਘੀ ਤੇ ਯਾਦਗਾਰੀ ਪਾਰਟੀ ਦਾ ਆਯੋਜਨ ਜੀ. ਕੇ. ਹੋਟਲ ਵਿਖੇ ਕੀਤਾ ਗਿਆ।ਇਸ ਮੌਕੇ ਦਫ਼ਤਰੀ ਸਟਾਫ ਵੱਲੋਂ ਡਾ. ਜਯੋਤੀ ਦਾ ਸਵਾਗਤ ਕੀਤਾ ਅਤੇ ਡਾ. ਪ੍ਰਦੀਪ ਸਿੰਘ ਨੂੰ ਮਾਨ ਸਤਿਕਾਰ ਨਾਲ ਰਿਲੀਵ ਕੀਤਾ। ਡਾ. ਪ੍ਰਦੀਪ ਸਿੰਘ ਨੇ ਸਾਰਿਆਂ ਨੂੰ ਆਪਣਾ ਅਸ਼ੀਰਵਾਦ ਦਿੰਦੇ ਹੋਏ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ।

ਇਸ ਮੌਕੇ ਡਾ. ਜਯੋਤੀ ਬੱਬਰ ਨੇ ਸਾਰੇ ਅਫਸਰਾਂ ਨੂੰ ਮਿਲ ਕੇ ਅੱਗੇ ਵਾਂਗ ਹੀ ਇਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਆ।ਇਸ ਮੌਕੇ ਪੀਏਐੱਮਐੱਸਏ ਗੁਰਦਾਸਪੁਰ ਪ੍ਰਧਾਨ ਡਾ. ਹਰਜਿੰਦਰ ਸਿੰਘ, ਡਾ. ਦੀਵਾਨ ਚੰਦ ਧੀਰ, ਡਾ. ਨਵਦੀਪ ਭੱਟੀ, ਸੁਪਰਡੈਂਟ ਰਕੇਸ਼ ਕੁਮਾਰ, ਮੈਡਮ ਬਲਵਿੰਦਰ ਕੌਰ, ਮਧੂ ਸੂਦਨ ਸਣੇ ਸਮੂਹ ਅਫ਼ਸਰ ਤੇ ਸਟਾਫ ਮੈਂਬਰ ਹਾਜ਼ਰ ਸਨ।


SBI RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA

ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ | ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 1. | ਸ੍ਰੀਮਤੀ ਖੁਸ਼ਬੂ ਜੈਸਵਾਲ ਪਤਨੀ ਸ੍ਰੀ ਸੰਜੀਵ ਕੁਮਾਰ ਵਾਸੀ ਮਕਾਨ ਨੰ. 241, ਗਲੀ ਨੰ. 1, ਕ੍ਰਿਸ਼ਨਾ ਨਗਰ, ਨੇੜੇ ਬਾਹਮਣੀਆਂ ਕਲਾਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ-141015 | ਮਕਾਨ ਜਾਇਦਾਦ ਦੇ ਸਾਰੇ ਹਿੱਸੇ ਰਕਬਾ 125 ਵਰਗ ਗਜ਼, ਖੱਤਾ ਨੰ. 34//11, 13, 18, 19, 20 ਅਤੇ ਖੱਤਾ ਨੰ. 172/207, 173/208, ਜਮ੍ਹਾਂਬੰਦੀ ਸਾਲ 2005-06, ਪਿੰਡ ਬਾਹਮਣੀਆਂ ਖੁਰਦ, ਹੱਦਬਸਤ ਨੰ. 180, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ । ਹੱਦਾਂ : ਪੂਰਬ : ਸੜਕ 25 ਫੁੱਟ ਚੌੜੀ 25'-00'', ਪੱਛਮ : ਗੁਆਂਢ 24'-3'', ਉੱਤਰ : ਗੁਆਂਢ 50'-00'', ਦੱਖਣ : ਗੁਆਂਢ 50'-00'' * ਬੈਨਾਮਾ ਵਸੀਕਾ ਨੰ. 11623 ਮਿਤੀ 21.10.2015 ਸ੍ਰੀਮਤੀ ਖੁਸ਼ਬੂ ਪਤਨੀ ਸ੍ਰੀ ਸੰਜੀਵ ਕੁਮਾਰ ਦੇ ਨਾਂਅ | 10.04.2025 | 04.07.2025 | ਸੰਕੇਤਕ ਕਬਜ਼ਾ; ਰੁਪਏ 36,26,763.00 (ਛੱਤੀ ਲੱਖ ਛੱਬੀ ਹਜ਼ਾਰ ਸੱਤ ਸੌ ਤਰੇਹਠ ਰੁਪਏ ਕੇਵਲ) ਸਮੇਤ 10.04.2025 ਤੋਂ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਅਤੇ ਹੋਰ ਖਰਚੇ। |

ਮਿਤੀ : 04-07-2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

SBI State Bank of India BRANCH:- AMCC Phagwara (63434), 745, Guru Hargobind Nagar, Distt. Kapurthala. PB -144401

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੇ ਉਨ੍ਹਾਂ ਵੱਲੋਂ ਬੈਂਕ ਕੋਲੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਮੁੜ ਅਦਾਇਗੀ 'ਚ ਨਾਕਾਮੀ ਦਿਖਾਈ ਹੈ ਅਤੇ ਉਕਤ ਸਹੂਲਤਾਂ ਨਾਨ ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੀਆਂ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ, ਬੇਸ਼ੱਕ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ ਅਤੇ ਹੋਰ ਮਾਮਲਿਆਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਅਜਿਹੇ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾਂਦੀ ਹੈ।

| ਬਰਾਂਚ ਦਾ ਨਾਂਅ, ਕਰਜ਼ਦਾਰ/ਗਰੰਟਰ/ਭਾਈਵਾਲ/ਰਹਿਣਕਾਰ | ਜਾਇਦਾਦਾਂ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਬਰਾਂਚ ਨਵਾਂ ਸ਼ਹਿਰ (690): (ਕਰਜ਼ਦਾਰ) : ਸ੍ਰੀ ਮਨਜਿੰਦਰ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ # ਪਿੰਡ ਹਿਆਤਪੁਰ ਜੱਟਾਂ, ਜ਼ਿਲ੍ਹਾ ਨਵਾਂ ਸ਼ਹਿਰ | ਹਾਈਪੋਥੀਕੇਸ਼ਨ ਚੱਲ ਐੱਸਟਸ ਅਤੇ ਮੌਜੂਦਾ ਐੱਸਟਸ ਭੰਡਾਰ : 1. ਟਰੈਕਟਰ ਏ ਕੇ ਟੀ-54, ਚੈਸੀ ਨੰ. 54 ਐੱਚ ਡਬਲਯੂ ਈ 000448 ਅਤੇ ਇੰਜਣ ਨੰ. ਪੀ 52001/2422033 ਦੀ ਹਾਈਪੋਥੀਕੇਸ਼ਨ ਸ੍ਰੀ ਮਨਜਿੰਦਰ ਸਿੰਘ ਦੇ ਨਾਂਅ 'ਤੇ ਸਟੇਟ ਬੈਂਕ ਆਫ ਇੰਡੀਆ ਨੂੰ ਹਾਈਪੋਥੀਕੇਟਿਡ (2) (ਏ) ਟਰਾਲੀ 16* 7 (ਬੀ) ਲੇਜ਼ਰ ਲੇਵੇਲਰ ਸਪੋਰਟਸ (ਸੀ) ਸਟਰਾਅ ਰੀਪਰ (ਡੀ) ਰੋਟਾਵੇਟਰ (3) (ਏ) ਕਲਟੀਵੇਟਰ (ਬੀ) ਟਾਪਾ ਲਿਫਟਿੰਗ (ਸੀ) ਵਾਟ ਫਾਰਮ (ਡੀ) ਹੈਰੋ ਡਿਸਕ (ਈ) ਕਰਾਹ (ਐੱਫ) ਸੁਹਾਗਾ (ਜੀ) ਪਰਾਲੀ ਕਟਰ (ਐੱਚ) ਪਿੱਲੋ | 04-11.2024 | 26-06-2025 | 26.06.2025 ਨੂੰ 26,06,720/- (ਛੱਬੀ ਲੱਖ ਛੇ ਹਜ਼ਾਰ ਸੱਤ ਸੌ ਵੀਹ ਰੁਪਏ ਕੇਵਲ) ਸਮੇਤ ਅਚਨਚੇਤੀ ਖਰਚੇ, ਲਾਗਤ, ਚਾਰਜਿਜ਼ ਆਦਿ |

ਬਦਲਵੇਂ ਨੋਟਿਸ ਸੇਵਾ ਵਾਸਤੇ ਕਦਮ ਉਠਾਏ ਜਾ ਰਹੇ ਹਨ, ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ (ਜਿੱਥੇ ਵੀ ਲਾਗੂ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰਨ ਦਾ ਸੱਦਾ ਦਿੱਤਾ ਗਿਆ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਮਿਤੀ ਤੋਂ 60 ਦਿਨ ਗੁਜ਼ਰ ਜਾਣ ਦੇ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ 'ਤੇ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਤੇ ਕਾਰੋਬਾਰ ਦੀ ਆਮ ਪ੍ਰਕਿਰਿਆ ਤੋਂ ਇਲਾਵਾ ਤੁਹਾਡੇ 'ਤੇ ਉਪਰੋਕਤ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ 'ਤੇ ਪਾਬੰਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ।

ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਸੰਬੰਧਤ ਬਰਾਂਚ ਤੋਂ ਨੋਟਿਸ ਪ੍ਰਾਪਤੀ ਦੀ ਕਾਪੀ ਹਾਸਲ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 04.07.2025 ਸਥਾਨ : ਨਵਾਂਸ਼ਹਿਰ ਅਧਿਕਾਰਤ ਅਫਸਰ

## ਹਰਿਆਵਲ ਵਧਾਉਣ ਲਈ ਇਸ ਮੌਨਸੂਨ 'ਚ ਲਗਾਏ ਜਾਣਗੇ 3.5 ਲੱਖ ਤੋਂ ਵੱਧ ਬੂਟੇ



**ਜਲੰਧਰ (ਸ਼ੈਲੀ ਐਲਬਰਟ)** ਜ਼ਿਲ੍ਹੇ ਵਿੱਚ ਹਰਿਆਵਲ ਵਧਾਉਣ ਲਈ ਜਲੰਧਰ ਪ੍ਰਸ਼ਾਸਨ ਇਸ ਮਾਨਸੂਨ ਵਿੱਚ ਬੂਟੇ ਲਗਾਉਣ ਦੀ ਵਿਆਪਕ ਮੁਹਿਮ ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਮੁਹਿਮ ਦਾ ਉਦੇਸ਼ ਜ਼ਿਲ੍ਹੇ ਭਰ ਵਿੱਚ 3.5 ਲੱਖ ਤੋਂ ਵੱਧ ਬੂਟੇ ਲਗਾਉਣਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਦੀ ਬੂਟੇ ਲਗਾਉਣ ਦੀ ਮੁਹਿਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗੀ, ਜਿਸ ਵਿੱਚ ਸਰਕਾਰੀ ਵਿਭਾਗਾਂ, ਗੈਰ-ਸਰਕਾਰੀ ਸੰਗਠਨਾਂ ਦੇ ਨਾਲ-ਨਾਲ ਆਮ ਜਨਤਾ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ। 15 ਅਗਸਤ, 2025 ਤੱਕ ਮੁਕੰਮਲ ਹੋਣ ਵਾਲੀ ਇਹ ਮੁਹਿਮ ਜਲੰਧਰ ਦੇ ਸਾਰੇ ਪਿੰਡਾਂ, ਬਲਾਕਾਂ ਅਤੇ ਸ਼ਹਿਰੀ ਵਾਰਡਾਂ ਨੂੰ ਕਵਰ ਕਰੇਗੀ। ਡਾ. ਅਗਰਵਾਲ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਮੁਹਿਮ ਦੌਰਾਨ ਛਾਂਦਾਰ, ਫਲਦਾਰ ਅਤੇ ਫੁੱਲਦਾਰ ਬੂਟੇ ਲਗਾਏ ਜਾਣਗੇ, ਜੋ ਕਿ ਜ਼ਿਲ੍ਹੇ ਦੇ ਵਣ ਖੇਤਰ ਨੂੰ ਵਧਾਉਣ ਵਿੱਚ ਮਹੱਤਵਪੂਰਣ ਯੋਗਦਾਨ ਪਾਉਣਗੇ। ਨਾਗਰਿਕਾਂ ਨੂੰ ਇਸ ਮੁਹਿਮ ਵਿੱਚ ਵਧ-ਚੜ੍ਹ ਕੇ ਨਾਲ ਹਿੱਸਾ ਲੈਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਤਾਪਮਾਨ ਨੂੰ ਕੰਟਰੋਲ ਰੱਖਣ ਅਤੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਕੇ ਗਲੋਬਲ ਵਾਰਮਿੰਗ ਅਤੇ ਪ੍ਰਦੂਸ਼ਣ ਦੀਆਂ ਵਧਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਰੁੱਖ ਬਹੁਤ ਅਹਿਮ ਹਨ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਹਰਿਆ-ਭਰਿਆ ਜਲੰਧਰ ਸਿਰਜਣ ਦੀ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਣ ਸੰਬੰਧੀ ਚੁਣੌਤੀਆਂ ਦਾ ਹੱਲ ਸਿਰਫ਼ ਸਮੂਹਿਕ ਯਤਨਾਂ ਨਾਲ ਹੀ ਕੀਤਾ ਜਾ ਸਕਦਾ ਹੈ ਅਤੇ ਬੂਟੇ ਲਗਾਉਣ ਦੀ ਇਸ ਮੁਹਿਮ ਵਿੱਚ ਵੱਡੇ ਪੱਧਰ 'ਤੇ ਲੋਕ ਭਾਗੀਦਾਰੀ ਇਸ ਦੀ ਸਫਲਤਾ ਨੂੰ ਯਕੀਨੀ ਬਣਾਏਗੀ। ਡਵੀਜਨਲ ਜੰਗਲਾਤ ਅਫਸਰ ਜਰਨੈਲ ਸਿੰਘ ਬਾਠ ਨੇ ਦੱਸਿਆ ਕਿ ਜੰਗਲਾਤ ਵਿਭਾਗ ਵੱਲੋਂ ਮਾਨਸੂਨ ਸੀਜਨ ਦੌਰਾਨ ਬੂਟਿਆਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਜ਼ਿਲ੍ਹੇ ਭਰ ਵਿੱਚ ਕਈ ਨਰਸਰੀਆਂ ਸਥਾਪਤ ਕੀਤੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਵਿਭਾਗਾਂ ਨੂੰ ਇਸ ਮੁਹਿਮ ਲਈ ਜਿੱਥੇ ਬੂਟੇ ਮੁਫ਼ਤ ਮਿਲਣਗੇ, ਉੱਥੇ ਆਮ ਜਨਤਾ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਲੋਕ ਸਬਸਿਡੀ ਵਾਲੀਆਂ ਦਰਾਂ 'ਤੇ ਬੂਟੇ ਪ੍ਰਾਪਤ ਕਰ ਸਕਦੇ ਹਨ। ਪ੍ਰਸ਼ਾਸਨ ਦੀ ਇਸ ਪਹਿਲ ਦਾ ਉਦੇਸ਼ ਜਲੰਧਰ ਨੂੰ ਹਰਿਆ-ਭਰਿਆ ਬਣਾਉਣਾ ਅਤੇ ਵਾਤਾਵਰਣ ਸੰਭਾਲ ਪ੍ਰਤੀ ਸਮੂਹਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨਾ ਹੈ।

## ਚੋਰਾਂ ਨੂੰ ਤੁਰੰਤ ਗ੍ਰਿਫ਼ਤਾਰ ਨਾ ਕੀਤਾ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ : ਜੱਸ ਰਾਵਣ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਚੌਂਕੀ ਅਲਾਵਲਪੁਰ ਦੇ ਅਧੀਨ ਪੈਂਦੇ ਪਿੰਡ ਧੀਰੋਵਾਲ ਵਿਖੇ ਭਗਵਾਨ ਵਾਲਮੀਕਿ ਜੀ ਦੇ ਮੰਦਿਰ ਵਿੱਚੋਂ ਲੱਗਭਗ ਢਾਈ ਮਹੀਨੇ ਪਹਿਲਾਂ ਚੋਰਾਂ ਵੱਲੋਂ ਪੈਸਿਆਂ ਵਾਲਾ ਗੱਲ੍ਹਾ ਚੋਰੀ ਕੀਤਾ ਗਿਆ ਸੀ ਜਿਸ ਦੀ ਸ਼ਿਕਾਇਤ ਪਿੰਡ ਵਾਸੀਆਂ ਵੱਲੋਂ ਤੁਰੰਤ ਚੌਂਕੀ ਅਲਾਵਲਪੁਰ ਵਿਖੇ ਦਿੱਤੀ ਗਈ ਸੀ ਪ੍ਰੰਤੂ ਪੰਜਾਬ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਉਸ ਵੇਲੇ ਦੇਖਣ ਨੂੰ ਮਿਲੀ ਜਦੋਂ ਕਿ ਲੱਗਭਗ ਢਾਈ ਮਹੀਨੇ ਬੀਤ ਜਾਣ ਦੇ ਬਾਅਦ ਵੀ ਪੰਜਾਬ ਪੁਲਸ ਦੇ ਹੱਥ ਚੋਰਾਂ ਨੂੰ ਫੜਨ ਲਈ ਖਾਲੀ ਦਿਖਾਈ ਦਿੱਤੇ ! ਇਸ ਸਬੰਧੀ ਵਾਲਮੀਕਨ ਟਾਈਗਰ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਜੱਸ ਕਲਿਆਣ ਰਾਵਣ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਨਾ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਕਥਿਤ ਦੋਸ਼ੀਆਂ ਨੂੰ ਫੜਨ ਲਈ ਚੌਂਕੀ ਅਲਾਵਲਪੁਰ ਦੀ ਪੁਲਸ ਨੇ ਕੋਈ ਦਿਲਚਸਪੀ ਨਹੀਂ ਦਿਖਾਈ। ਉਹਨਾਂ ਦੱਸਿਆ ਕਿ ਇਸ ਸੰਬੰਧ ਵਿੱਚ ਵਾਲਮੀਕੀ ਸਮਾਜ ਦੇ ਅਹੁਦੇਦਾਰਾਂ ਵੱਲੋਂ ਚੌਂਕੀ ਇੰਚਾਰਜ ਅਲਾਵਲਪੁਰ ਪਰਮਜੀਤ ਸਿੰਘ ਨਾਲ ਮੁਲਾਕਾਤ ਕੀਤੀ ਗਈ ਅਤੇ ਕਿਹਾ ਗਿਆ ਕਿ ਕਥਿਤ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਉਹਨਾਂ 'ਤੇ ਪਰਚਾ ਦਰਜ ਕੀਤਾ ਜਾਵੇ। ਉਹਨਾਂ ਦੱਸਿਆ ਕਿ ਚੌਂਕੀ ਇੰਚਾਰਜ ਪ੍ਰਮਜੀਤ ਵੱਲੋਂ ਵਾਲਮੀਕਨ ਟਾਈਗਰ ਫੋਰਸ ਅਤੇ ਇਲਾਕਾ ਨਿਵਾਸੀਆਂ ਨੂੰ ਕਥਿਤ ਦੋਸ਼ੀਆਂ ਤੇ ਜਲਦ ਗ੍ਰਿਫ਼ਤਾਰ ਕਰਨ ਦਾ ਭਰੋਸਾ ਦਿਵਾਇਆ ਗਿਆ। ਇਸ ਮੌਕੇ ਅਹੁਦੇਦਾਰਾਂ ਨੇ ਚੌਂਕੀ ਇੰਚਾਰਜ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਥਿਤ ਦੋਸ਼ੀ ਤੁਰੰਤ ਨਾ ਫੜੇ ਤਾਂ ਫੋਰਸ ਵਲੋਂ ਇਲਾਕਾ ਨਿਵਾਸੀਆਂ ਅਤੇ ਹਮਖਿਆਲੀ ਜਥੇਬੰਦੀਆਂ ਨੂੰ ਨਾਲ ਲੈ ਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ ! ਇਸ ਮੌਕੇ ਵਾਲਮੀਕਨ ਟਾਈਗਰ ਫੋਰਸ ਤੋਂ ਪ੍ਰਧਾਨ ਸਵਰਨਜੀਤ ਨਾਹਰ,ਦੀਦਾਰ ਮੱਟੂ ਚੈਅਰਮੈਨ ਵਾਲਮਿਕੀ ਸੰਘਰਸ਼ ਮੋਰਚਾ, ਗੁਰਦੀਪ ਮਾਨ ਲੇਸੜੀਵਾਲ, ਕਸ਼ਮੀਰ ਲਾਲ ਨਾਹਰ,ਪ੍ਰਭਜੋਤ ਨਾਹਰ, ਸੰਦੀਪ ਨਾਹਰ, ਗੁਰਪ੍ਰੀਤ ਸਿੰਘ,ਹਰਪ੍ਰੀਤ ਨਾਹਰ,ਸੋਨਾ ਨਾਹਰ ਦਿਲਬਾਗ ਸਿੰਘ ਆਦਿ ਮੌਜੂਦ ਸਨ।

## ਮੱਲ੍ਹਾ ਸੋਢੀਆਂ ਵਿਖੇ ਸਾਲਾਨਾ ਮੇਲਾ ਕਰਵਾਇਆ

**ਬੰਗਾ (ਅਵਤਾਰ ਕਲੇਰ)** ਦਰਬਾਰ ਮਸਤ ਬਾਬਾ ਸੰਸਾਰ ਦਾਸ ਪਿੰਡ ਮੱਲ੍ਹਾ ਸੋਢੀਆਂ ਵਿਖੇ 23ਵਾਂ ਸਾਲਾਨਾ ਮੇਲਾ ਮੁੱਖ ਸੇਵਾਦਾਰ ਬਾਬਾ ਰਾਮ ਸਰੂਪ, ਪ੍ਰਬੰਧਕ ਕਮੇਟੀ ,ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ, ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਯਮਨਾ ਰਸੀਲਾ, ਸਰਬਜੀਤ ਸਰਬ, ਦਵਿੰਦਰ ਰੂਹੀ, ਨਵੀ ਰਾਜਪੁਰੀਆ, ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਪ੍ਰਬੰਧਕਾਂ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਬਾਬਾ ਸੁੱਚਾ ਰਾਮ, ਬਾਬਾ ਰਾਮ ਸਰੂਪ, ਬੀਬੀ ਭਜਨੋ, ਦਰਸ਼ਨ ਰਾਮ, ਕੁਲਦੀਪ ਇਟਲੀ,ਜੋਗਾ ਰਾਮ ਯੂ ਕੇ, ਜਸਵੀਰ ਫਰਾਂਸ,ਬਾਬੂ ਹੁਸਨ ਲਾਲ, ਜਸਪਾਲ ਬੰਗੜ, ਗੁਰਮਿੰਦਰ ਸਿੰਘ ਸਰਪੰਚ, ਨਿਰਮਲ ਪੰਚ, ਸੁਖਦੇਵ ਸੰਮਤੀ ਮੈਂਬਰ, ਗੁਰਨਾਮ ਬਾਬਾ, ਬਲਕਾਰ ਸਿੰਘ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



## ਡੀ ਐੱਸ ਪੀ ਗੜ੍ਹਸ਼ੰਕਰ ਵੱਲੋਂ ਦੁਕਾਨਦਾਰਾਂ ਨਾਲ ਮੀਟਿੰਗ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਕੁੱਝ ਦਿਨ ਪਹਿਲਾਂ ਮੁੱਖ ਬਾਜ਼ਾਰ ਵਿਚ ਕਰਿਆਨੇ ਦੀ ਦੁਕਾਨ ਵਿਚ ਚੋਰੀ ਦੇ ਸਬੰਧ ਵਿਚ ਦੁਕਾਨਦਾਰਾਂ ਦੇ ਭਾਰੀ ਰੋਸ ਨੂੰ ਵੇਖਦੇ ਹੋਏ ਅੱਡੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਮੀਟਿੰਗ ਕਰਨ ਡੀ. ਐੱਸ. ਪੀ ਜਸਪ੍ਰੀਤ ਸਿੰਘ ਗੜ੍ਹਸ਼ੰਕਰ ਪਹੁੰਚੇ, ਉਨ੍ਹਾਂ ਬਾਜ਼ਾਰ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਬਾਜ਼ਾਰ ਵਿਚ ਦੁਕਾਨਾਂ ਅੱਗੇ ਦੁਕਾਨਦਾਰਾਂ ਨੇ ਜੋ ਕੈਮਰੇ ਲਗਾਏ ਹਨ, ਉਹ ਸਿਰਫ ਦੁਕਾਨਾਂ ਦੇ ਸ਼ੱਟਰਾਂ ਤੱਕ ਹੀ ਸੀਮਤ ਹਨ, ਜੋ ਗਲਤ ਹਨ ਜਦਕਿ ਇਹ ਕੈਮਰੇ ਦੁਕਾਨ ਦੇ ਅੱਗੇ ਬਾਹਰ ਸੜਕ ਵੱਲ ਹੋਣੇ ਚਾਹੀਦੇ ਹਨ। ਦੁਕਾਨਦਾਰਾਂ ਨੇ ਚੌਕੀ ਵਿਚ ਹੋਰ ਮੁਲਾਜਮ ਵਧਾਉਣ, ਬਿਸਤ ਦੁਆਬ ਨਹਿਰ ਦੇ ਚੁਰਸਤੇ ਵਾਲੇ ਪੁਲ ਉੱਪਰ ਦੇਰ ਰਾਤ ਨੂੰ ਨਾਕਾ ਲਗਾਉਣ ਦੀ ਮੰਗ ਕੀਤੀ। ਇਸ ਮੌਕੇ ਡੀ. ਐੱਸ. ਵੱਲੋਂ ਪੁਲਸ ਚੌਕੀ ਨੂੰ ਪੀ. ਸੀ. ਆਰ ਮੋਟਰਸਾਈਕਲ ਭੇਜਣ ਦੇ ਨਾਲ ਦੁਕਾਨਦਾਰਾਂ ਨੂੰ ਨਹਿਰ ਦੇ ਚੁਰਸਤੇ ਵਾਲੇ ਪੁਲ ਉੱਪਰ ਵਧੀਆ ਕਿਸਮ ਦੇ ਕੈਮਰੇ ਜਲਦੀ ਤੋਂ ਜਲਦੀ ਲਗਵਾਉਣ ਤੇ ਬਾਜਾਰ ਵਿਚ ਸਿਕਉਰਟੀ ਗਾਰਡ ਰੱਖਣ ਲਈ ਕਿਹਾ ਤੇ ਚੋਰੀ ਵਾਲੀ ਦਰਖਾਸਤ 'ਤੇ ਤੁਰੰਤ ਪਰਚਾ ਦਰਜ ਕਰਨ ਦੇ ਆਦੇਸ਼ ਦਿੱਤੇ। ਇਸ ਮੌਕੇ ਆਪ ਆਗੂ ਤਰੁਣ ਅਰੋੜਾ, ਰਾਜੇਸ਼ ਕੁਮਾਰ ਅਰੋੜਾ, ਏ. ਐੱਸ. ਆਈ ਸੁਖਵਿੰਦਰ ਸਿੰਘ, ਤਜਿੰਦਰ ਸਿੰਘ ਵਿਕੀ, ਸੰਜੀਵ ਕੁਮਾਰ ਪਚਨੰਗਲ, ਮਨਪ੍ਰੀਤ ਸਿੰਘ ਖਾਲਸਾ, ਹਰਪ੍ਰੀਤ ਸਿੰਘ ਮਰਵਾਹਾ, ਇੰਦਰਜੀਤ ਅਰੋੜਾ, ਧਰਮਿੰਦਰ ਸਹਿਦੇਵ, ਦੀਪਕ ਗੁਪਤਾ, ਸਾਹਿਲ ਗੁਪਤਾ, ਬਲਜਿੰਦਰ ਸਿੰਘ, ਬਲਵੀਰ ਚੰਦ, ਪ੍ਰੇਮ ਨਾਥ ਵਧਵਾ, ਸੰਦੀਪ ਢੀਂਗਰਾ, ਸਿਪਲ ਮਦਾਨ, ਡਾ. ਸਤਨਾਮ ਸਿੰਘ, ਡਾ. ਪ੍ਰਦੀਪ ਕੁਮਾਰ, ਹਰੀਸ਼ ਚੰਦਰ ਸੋਨੀ, ਗੋਵਰਧਨ ਲਾਲ, ਕੁਸਵਕਰਨ ਆਦਿ ਹਾਜ਼ਰ ਸਨ।





## ਮੋਹਲੇਧਾਰ ਮੀਂਹ ਨਾਲ ਹੋਈ ਜਲ-ਥਲ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਮੋਹਲੇਧਾਰ ਮੀਂਹ ਨਾਲ ਪਵਿੱਤਰ ਸ਼ਹਿਰ ਸਮਾਰਟ ਸਿਟੀ ਸੁਲਤਾਨਪੁਰ ਲੋਧੀ ਪੂਰੀ ਤਰ੍ਹਾਂ ਜਲ-ਥਲ ਹੋ ਗਿਆ।ਸ਼ਹਿਰ ਦੇ ਸਾਰੇ ਇਲਾਕਿਆਂ ਵਿਚ ਪਾਣੀ ਭਰ ਜਾਣ ਕਾਰਨ ਜਿੱਥੇ ਜਨਜੀਵਨ ਪ੍ਰਭਾਵਿਤ ਹੋਇਆ, ਉਥੇ ਹੀ ਕਈ ਸਰਕਾਰੀ ਅਦਾਰਿਆਂ ਵਿਚ ਵੀ ਮੀਂਹ ਦਾ ਪਾਣੀ ਭਰ ਜਾਣ ਕਾਰਨ ਉਥੇ ਆਉਣ ਵਾਲੇ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਖਾਸ ਕਰਕੇ ਸਿਵਿਲ ਹਸਪਤਾਲ ਵਿੱਚ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ । ਇੰਨਾ ਹੀ ਨਹੀਂ, ਅੰਡਰ ਬ੍ਰਿਜ ਹੇਠ ਗੱਡੀਆਂ ਵਿਚ ਪਾਣੀ 'ਚ ਭਰ ਗਿਆ ਅਤੇ ਆਉਣ ਜਾਣ ਵਾਲਿਆਂ ਨੂੰ ਬਹੁਤ ਮੁਸ਼ਕਲ ਹੋਈ।

## ਪ੍ਰਿੰਸੀਪਲ ਪਰਵਿੰਦਰ ਸਿੰਘ ਵੱਲੋਂ ਪਿੰਡ ਵਾਸੀਆਂ ਨਾਲ ਵਿਸ਼ੇਸ਼ ਸੰਵਾਦ



**ਮਾਹਿਲਪੁਰ (ਸਫ਼ਰੀ)** ਇਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਵੱਲੋਂ ਕਾਲਜ ਦੇ ਸਟਾਫ ਮੈਂਬਰਾਂ ਦੀ ਹਾਜ਼ਰੀ ਵਿੱਚ ਇਲਾਕੇ ਦੇ ਪਿੰਡ ਸੋਨਾ ਵਿੱਚ ਪਿੰਡ ਦੀ ਪੰਚਾਇਤ ਦੀ ਅਗਵਾਈ ਹੇਠ ਕਰਵਾਏ ਇੱਕ ਵਿਸ਼ੇਸ਼ ਸਮਾਰੋਹ ਮੌਕੇ ਪਿੰਡ ਦੇ ਵਸਨੀਕਾਂ ਅਤੇ ਵਿਦਿਆਰਥੀਆਂ ਨਾਲ ਵਿਸ਼ੇਸ਼ ਸੰਵਾਦ ਰਚਾਇਆ ਗਿਆ ਜਿਸ ਵਿੱਚ ਇਲਾਕੇ ਦੇ ਵਿਦਿਆਰਥੀਆਂ ਨਾਲ ਕੈਰੀਅਰ ਸੇਧ ਅਤੇ ਗਾਈਡੈਂਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਪਿੰਡ ਦੇ ਸਰਪੰਚ ਸਰਪੰਚ ਨਿਰਮਲ ਕੌਰ, ਜਸਵੀਰ ਸਿੰਘ ਫੌਜੀ, ਸਮਾਜ ਸੇਵੀ ਜਸਵੀਰ ਸਿੰਘ ਸ਼ੀਰਾ ਦੀ ਅਗਵਾਈ ਹੇਠ ਪਿੰਡ ਵਾਸੀਆਂ ਵੱਲੋਂ ਪ੍ਰਿੰਸੀਪਲ ਪਰਵਿੰਦਰ ਸਿੰਘ ਅਤੇ ਸਟਾਫ ਦਾ ਭਰਵਾਂ ਸਵਾਗਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਹਾਜ਼ਰ ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਨੂੰ ਖਾਲਸਾ ਕਾਲਜ ਮਾਹਿਲਪੁਰ ਦੇ ਇਤਿਹਾਸ ਬਾਰੇ ਦੱਸਿਆ ਅਤੇ ਵੱਖ ਵੱਖ ਕੋਰਸਾਂ ਦੀ ਜਾਣਕਾਰੀ ਸਾਂਝੀ ਕਰਦਿਆਂ ਕਾਲਜ ਵਿੱਚ ਚੱਲ ਰਹੀਆਂ ਵਜ਼ੀਫਾ ਰਾਸ਼ੀ ਸਕੀਮਾਂ ਅਤੇ ਹੋਰ ਸਹੂਲਤਾਂ ਬਾਰੇ ਦੱਸਿਆ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ ਜੇ ਬੀ ਸੇਖੋ ਨੇ ਕਿਹਾ ਕਿ ਮਿਸ਼ਨਰੀ ਉਦੇਸ਼ ਨਾਲ ਖੁੱਲ੍ਹੀ ਇਸ ਸੰਸਥਾ ਨੇ ਹਜ਼ਾਰਾਂ ਵਿਦਿਆਰਥੀਆਂ ਦੇ ਭਵਿੱਖ ਰੌਸ਼ਨ ਕੀਤੇ ਹਨ। ਉਨ੍ਹਾਂ ਕਿਹਾ ਕਿ ਦਾਖਿਲੇ ਸਬੰਧੀ ਵਿਦਿਆਰਥੀਆ ਦੀ ਸਹੂਲਤ ਲਈ ਪਿੰਡ ਜੰਡੋਲੀ, ਭਾਮ, ਗੜ੍ਹਸ਼ੰਕਰ, ਪਦਰਾਣਾ ਅਤੇ ਬਲਾਚੌਰ ਵਿੱਚ ਖੋਲੇ ਦਾਖਲਾ ਕੇਂਦਰਾਂ ਵਿੱਚ ਇਲਾਕੇ ਦੇ ਵਿਦਿਆਰਥੀਆਂ ਵੱਲੋਂ ਭਰਵਾਂ ਉਤਸ਼ਾਹ ਦਿਖਾਇਆ ਜਾ ਰਿਹਾ ਹੈ। ਇਸ ਮੌਕੇ ਸਮਾਜ ਸੇਵੀ ਜਸਵੀਰ ਸਿੰਘ ਸ਼ੀਰਾ ਅਤੇ ਜਸਵੀਰ ਸਿੰਘ ਫੌਜੀ ਨੇ ਆਪਣੇ ਸੰਬੋਧਨ ਵਿੱਚ ਕਾਲਜ ਦੇ ਪ੍ਰਬੰਧਕਾਂ ਦਾ ਪਿੰਡ ਜੰਡੋਲੀ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਖੋਲੇ ਦਾਖਲਾ ਕੇਂਦਰ ਲਈ ਧੰਨਵਾਦ ਕੀਤਾ ਅਤੇ ਸੰਸਥਾ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਪ੍ਰਿੰਸੀਪਲ ਪਰਵਿੰਦਰ ਸਿੰਘ ਅਤੇ ਸਟਾਫ ਨੂੰ ਸਨਮਾਨਿਤ ਕੀਤਾ ਗਿਆ। ਕਾਲਜ ਵੱਲੋਂ ਵੀ ਪਿੰਡ ਦੇ ਹੋਣਹਾਰ ਵਿਦਿਆਰਥੀਆਂ ਅਤੇ ਮੋਹਤਬਰ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਰਪੰਚ ਨਿਰਮਲ ਕੌਰ , ਜਸਵੀਰ ਸਿੰਘ ਫੌਜੀ, ਪੰਚ ਸੁਰਿੰਦਰ ਸਿੰਘ ਪੰਚ ਪਰਮਜੀਤ ਕੌਰ, ਪੰਚ ਸੁਖਵਿੰਦਰ ਕੌਰ, ਜਸਵੀਰ ਸਿੰਘ ਸ਼ੀਰਾ, ਗੁਰਵਿੰਦਰ ਸਿੰਘ, ਸਤਵਿੰਦਰ ਸਿੰਘ, ਸੁਖਪ੍ਰੀਤ ਸਿੰਘ ਸਾਬੀ, ਗੁਰਨਾਮ ਸਿੰਘ, ਹਰਪ੍ਰੀਤ ਸਿੰਘ, ਰਣਜੀਤ ਰਾਣਾ, , ਪ੍ਰੋ ਮਨਪ੍ਰੀਤ ਸੇਠੀ, ਡਾ ਕੁਲਦੀਪ ਸਿੰਘ, ਗੁਰਸਿਮਰਨ ਸਿੰਘ, ਸਰਬਜੀਤ ਸਿੰਘ, ਪਵਨ ਕੁਮਾਰ ਅੱਜ ਸਮੇਤ ਪਿੰਡ ਦੇ ਵਿਦਿਆਰਥੀ ਹਾਜ਼ਰ ਸਨ।

## ਲਾਇਨ ਕਲੱਬ ਪਰਲ ਲੋੜਵੰਦ ਬੱਚਿਆਂ ਦੀ ਹਰ ਸੰਭਵ ਮਦਦ ਕਰੇਗਾ : ਅਰੋੜਾ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਲਾਇਨਜ਼ ਕਲੱਬ ਹੁਸ਼ਿਆਰਪੁਰ ਪਰਲ ਦੀ ਇੱਕ ਮੀਟਿੰਗ ਕਲੱਬ ਦੇ ਪ੍ਰਧਾਨ ਲਾਇਨ ਵਿਜੈ ਅਰੋੜਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸਹਿਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਕਲੱਬ ਦਾ ਹਰ ਮੈਂਬਰ ਆਪਣੇ ਖ਼ੁਸ਼ੀ ਦੇ ਮੌਕਿਆਂ ਨੂੰ ਲੋੜਵੰਦਾਂ ਦੀ ਮਦਦ ਕਰਕੇ ਮਨਾਏਗਾ। ਇਸੇ ਕੜੀ ਤਹਿਤ ਕਲੱਬ ਦੇ ਉਪ ਸਕੱਤਰ ਲਾਇਨ ਗੌਰਵ ਖੱਟੜ ਨੇ ਆਪਣਾ ਜਨਮ ਦਿਨ ਸਰਕਾਰੀ ਪ੍ਰਾਇਮਰੀ ਸਕੂਲ ਕੱਚਾ ਟੋਬਾ ਦੇ ਬੱਚਿਆਂ ਨੂੰ ਖਾਦ ਸਮੱਗਰੀ ਵੰਡ ਕੇ ਮਨਾਇਆ। ਇਸ ਮੌਕੇ 'ਤੇ ਲਾਇਨ ਗੌਰਵ ਖੱਟੜ ਨੇ ਕਿਹਾ ਕਿ ਉਹ ਲੋੜਵੰਦ ਬੱਚਿਆਂ ਦੀ ਪੜਾਈ ਲਈ ਵੀ ਹਮੇਸ਼ਾ ਤਤਪਰ ਰਹਿਣਗੇ। ਲਾਇਨ ਅਰੋੜਾ ਨੇ ਕਿਹਾ ਕਿ ਕਲੱਬ ਸਿੱਖਿਆ ਵਿਭਾਗ ਨਾਲ ਪੂਰਾ ਸਹਿਯੋਗ ਕਰੇਗਾ ਕਿਉਂਕਿ ਕਲੱਬ ਹਮੇਸ਼ਾ ਬੱਚਿਆਂ ਦੀ ਮਦਦ ਲਈ ਅੱਗੇ ਰਹਿੰਦਾ ਹੈ ਤਾਂ ਜੋ ਕੋਈ ਵੀ ਬੱਚਾ ਗਰੀਬੀ ਕਾਰਨ ਪੜ੍ਹਾਈ ਤੋਂ ਵਾਂਝਾ ਨਾ ਰਹਿ ਜਾਵੇ। ਇਸ ਮੌਕੇ'ਤੇ ਸੰਜੀਵ ਅਰੋੜਾ, ਲਾਇਨ ਕੁਮਾਰ ਗੌਰਵ, ਲਾਇਨ ਹਰਜੀਤ ਸਿੰਘ ਭਾਟੀਆ, ਲਾਇਨ ਗੌਰਵ ਖੱਟੜ, ਲਾਇਨ ਉਮੇਸ਼ ਰਾਣਾ, ਲਾਇਨ ਦੀਪਕ ਨਰੂਲਾ, ਐਚ.ਕੇ. ਨਾਕੜਾ, ਆਰ.ਕੇ. ਨੰਦਾ ਅਤੇ ਹੋਰ ਮੈਂਬਰ ਹਾਜ਼ਰ ਸਨ।

## ਗੜ੍ਹਸ਼ੰਕਰ-ਆਦਮਪੁਰ ਨਹਿਰ ਵਾਲੀ ਸੜਕ ਤੋਂ ਨਿੱਤ ਡਿਗ ਰਹੇ ਵਹੀਕਲ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਐੱਚ.ਪੀ ਬੰਗਾ ਗੈਸ ਏਜੰਸੀ ਦੀ ਸਿਲੰਡਰਾਂ ਨਾਲ ਭਰੀ ਗੱਡੀ -08-3890 ਬਿਸਤ-ਦੋਆਬ ਨਹਿਰ ਵਿੱਚ ਡਿੱਗ ਗਈ। ਮਿਲੀ ਜਾਣਕਾਰੀ ਅਨੁਸਾਰ ਉਪਰੋਕਤ ਗੱਡੀ ਨੂੰ ਕੇਵਲ ਸਿੰਘ / ਚੰਚਲ ਸਿੰਘ ਡਰਾਈਵਰ ਵਾਸੀ ਪਿੰਡ ਕਲਸੀਆਂ ਚਲਾ ਰਿਹਾ ਸੀ। ਜਦੋਂ ਉਹ ਅਜਨੋਹਾ ਦੇ ਪੈਟਰੋਲ ਪੰਪ ਨੂੰ ਕਰਾਸ ਕੀਤਾ ਤਾਂ ਉਕਤ ਡਰਾਈਵਰ ਸਮੇਤ ਸਿਲੰਡਰਾਂ ਨਾਲ ਭਰੀ ਗੱਡੀ ਬਿਸਤ-ਦੋਆਬ ਨਹਿਰ ਵਿੱਚ ਡਿੱਗ ਗਿਆ। ਜਿਸ ਨੂੰ ਆਸ-ਪਾਸ ਦੇ ਲੋਕਾਂ ਅਤੇ ਰਾਹਗੀਰਾਂ ਨੇ ਬਾਹਰ ਕੱਢਿਆ। ਇਸ ਘਟਨਾ ਵਿੱਚ ਡਰਾਈਵਰ ਦੇ ਮਾਮੂਲੀ ਚੋਟਾਂ ਆਈਆਂ। ਜ਼ਿਕਰਯੋਗ ਹੈ ਕਿ ਆਏ ਦਿਨ ਬਿਸਤ-ਦੋਆਬ ਮਾਰਗ ਰੋਡ ਵੜ੍ਹੀ, ,ਈਸਪੁਰ ਅਜਨੋਹਾ ,ਪਾਂਸ਼ਟਾ ਭੂੰਗਰਨੀ ,ਬਘਾਣਾ -ਮੇਹਟੀਆਣਾ ਇਲਾਕੇ 'ਚ, ਅਨੇਕਾਂ ਗੱਡੀਆਂ ਡਿੱਗ ਚੁੱਕੀਆਂ ਹਨ । ਕਈ ਮੌਤਾਂ ਹੋ ਚੁੱਕੀਆਂ ਹਨ ਅਤੇ ਕਈ ਲੋਕ ਫੱਟੜ ਹੋਏ ਹਨ । ਰਾਹਗੀਰਾਂ, ਆਸ-ਪਾਸ ਦੇ ਲੋਕਾਂ ਅਤੇ ਦੋਆਬਾ ਜਨਰਲ ਕੈਟਾਗਰੀ ਫਰੰਟ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ, ਸੁਰਜੀਤ ਸਿੰਘ ਮਸੂਤਾ,ਬਲਵਿੰਦਰ ਸਿੰਘ ਗਿੱਲ,ਜਗਤਾਰ ਸਿੰਘ,ਕਰਨਜੀਤ ਸਿੰਘ ਰਿੱਕੀ ,ਸਤਨਾਮ ਸਿੰਘ ਸ਼ਿੰਦੂ, ਬਲਵੀਰ ਸਿੰਘ ਤੰਬੜ ਆਦਿ ਨੇ ਪੰਜਾਬ ਸਰਕਾਰ ਤੋਂ ਇਹ ਪੁਰਜ਼ੋਰ ਮੰਗ ਕੀਤੀ ਹੈ ਕਿ ਨਹਿਰ ਦੇ ਨਾਲ-ਨਾਲ ਸੇਫਟੀ ਰੇਲਿੰਗ ਲਗਾਈ ਜਾਵੇ ਤਾਂ ਜੋ ਅਜਿਹੀਆਂ ਘਟਨਾਵਾਂ ਨਾ ਵਾਪਰਨ। ਇਸ ਸੜਕ 'ਤੇ ਸਕੂਲਾਂ ਦੇ ਬੱਚਿਆਂ ਦੀਆਂ ਬਹੁਤ ਵੱਡੀ ਗਿਣਤੀ ਵਿੱਚ ਬੱਸਾਂ ਚੱਲਦੀਆਂ ਹਨ। ਉੱਨਾਂ ਕਿਹਾ ਕਿ ਜੇਕਰ ਨੇ ਇਸ ਸੜਕ ਵੱਲ ਧਿਆਨ ਨਾ ਦਿੱਤਾ ਤਾਂ ਇਲਾਕਾ ਨਿਵਾਸੀ ਸਰਕਾਰ ਖਿਲਾਫ ਸੰਘਰਸ਼ ਕਰਨ ਲਈ ਮਜਬੂਰ ਹੋਣਗੇ ।

## ਡਿਪਟੀ ਕਮਿਸ਼ਨਰ ਨੇ ਸੰਭਾਵੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਸੰਭਾਵੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲੈਣ, ਹੜ੍ਹ ਰੋਕੂ ਪ੍ਰਬੰਧਾਂ ਦੀਆਂ ਅਗਾਊਂ ਤਿਆਰੀਆਂ ਦਾ ਜ਼ਮੀਨੀ ਪੱਧਰ 'ਤੇ ਨਿਰੀਖਣ ਕਰਨ ਅਤੇ ਆਮ ਲੋਕਾਂ ਦੇ ਜਾਨ ਮਾਲ ਤੇ ਪਸ਼ੂ ਧਨ ਦੀ ਰਾਖੀ ਲਈ ਹੜਾਂ ਤੋਂ ਰੋਕਥਾਮ ਵਾਸਤੇ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਸਬੰਧਿਤ ਅਧਿਕਾਰੀਆਂ ਨੂੰ ਹੋਰ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਭੱਲੜੀ, ਅਗੰਮਪੁਰ, ਸਾਹਪੁਰ ਬੇਲਾ, ਖੱਡ ਬਠਲੋਰ ਆਦਿ ਥਾਵਾਂ ਦਾ ਦੌਰਾ ਕਰਨ ਮੌਕੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪ੍ਰਸ਼ਾਸਨ ਸੰਭਾਵੀ ਹੜ੍ਹਾਂ ਦੀ ਸਥਿਤੀ 'ਤੇ ਪੂਰੀ ਚੌਕਸੀ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਾੜਾਂ ਵਿਚ ਹੋਣ ਵਾਲੀ ਭਾਰੀ ਬਰਸਾਤ, ਭਾਖੜਾ ਡੈਮ ਵਿਚ ਪਾਣੀ ਦੀ ਆਮਦ ਅਤੇ ਸਤਲੁਜ ਤੇ ਸਵਾਂ ਨਦੀ ਵਿਚ ਪਾਣੀ ਦੇ ਪੱਧਰ 'ਤੇ ਨਿਰੰਤਰ ਨਜ਼ਰ ਰੱਖੀ ਜਾ ਰਹੀ ਹੈ। ਵਰਜੀਤ ਵਾਲੀਆ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਜਿਹੜੇ ਇਲਾਕੇ ਹੜ੍ਹ ਦੀ ਮਾਰ ਵਿਚ ਆਉਂਦੇ ਰਹੇ ਹਨ ਅਤੇ ਜਿਹੜੇ-ਜਿਹੜੇ ਖੇਤਰਾਂ ਵਿਚ ਹੜ੍ਹ ਕਾਰਨ ਨੁਕਸਾਨ ਹੋਇਆ ਹੈ, ਉਹ ਸਾਰੇ ਖੇਤਰਾਂ/ਸਥਾਨਾਂ ਦੀ ਜ਼ਮੀਨੀ ਪੱਧਰ 'ਤੇ ਜਾਂਚ ਕਰਕੇ ਉਥੇ ਲੋੜੀਂਦੇ ਪ੍ਰਬੰਧ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਵਿਚ ਬਰਸਾਤੀ ਨਾਲਿਆਂ, ਖੱਡਾਂ, ਸੂਏ, ਕੱਸੀਆਂ, ਪੁਲੀਆਂ ਤੇ ਨਿਕਾਸੀ ਨਾਲਿਆਂ ਵਿਚ ਹੋਣ ਵਾਲੀ ਰੁਕਾਵਟ ਅਕਸਰ ਹੀ ਹੜ੍ਹ ਦਾ ਕਾਰਨ ਬਣਦੀ ਹੈ। ਪ੍ਰਸ਼ਾਸਨ ਵੱਲੋਂ ਇਸ ਦੇ ਲਈ ਸੰਬੰਧਿਤ ਅਧਿਕਾਰੀਆਂ ਨੂੰ ਪੂਰੀ ਤਰਾਂ ਢੁੱਕਵੇ ਪ੍ਰਬੰਧ ਮੁਕੰਮਲ ਰੱਖਣ ਲਈ ਆਦੇਸ਼ ਦਿੱਤੇ ਗਏ ਹਨ। ਡਿਪਟੀ ਕਮਿਸਨਰ ਨੇ ਕਿਹਾ ਕਿ ਮੋਜੂਦਾ ਸਮੇਂ ਤੱਕ ਪਾਣੀ ਦਾ ਪੱਧਰ ਠੀਕ ਹੈ, ਕਿਸੇ ਵੀ ਤਰ੍ਹਾਂ ਦੇ ਖਤਰੇ ਦੀ ਸੰਭਾਵਨਾ ਨਹੀ ਹੈ, ਪ੍ਰੰਤੂ ਪ੍ਰਸ਼ਾਸਨ ਦੀ ਜਿੰਮੇਵਾਰੀ ਹੈ ਕਿ ਅਗਾਓਂ ਸਾਰੇ ਪ੍ਰਬੰਧ ਮੁਕੰਮਲ ਰੱਖੇ ਜਾਣ ਤਾਂ ਜੋ ਹਰ ਤਰ੍ਹਾਂ ਦੀ ਸਥਿਤੀ ਨਾਲ ਸਮੇਂ ਸਿਰ ਨਜਿੱਠਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਬਰਸਾਤ ਦੇ ਸੀਜਨ ਦੌਰਾਨ ਪੂਰੀ ਚੌਕਸੀ ਰੱਖਣ ਅਤੇ ਬੁਨਿਆਦੀ ਸਹੂਲਤਾਂ ਦੀ ਨਿਰੰਤਰ ਸਪਲਾਈ ਬਹਾਲ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਿਛਲੇ ਸਾਲਾਂ ਦੌਰਾਨ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲਿਆ ਅਤੇ ਉਥੇ ਮੋਜੂਦਾ ਹਾਲਾਤ ਵਿਚ ਕੀਤੇ ਪ੍ਰਬੰਧਾਂ 'ਤੇ ਮੁਰੰਮਤ ਦਾ ਨਿਰੀਖਣ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸਨਰ ਚੰਦਰਜਯੋਤੀ ਸਿੰਘ, ਮੁੱਖ ਮੰਤਰੀ ਫੀਲਡ ਅਫਸਰ ਅਭਿਮਿਨਯੂ ਮਲਿਕ, ਆਰਟੀਏ ਗੁਰਵਿੰਦਰ ਸਿੰਘ ਜੌਹਲ, ਐਸਡੀਐਮ ਸਚਿਨ ਪਾਠਕ, ਐਕਸੀਅਨ ਮਾਈਨਿੰਗ ਤੁਸਾਰ ਗੋਇਲ ਅਤੇ ਹੋਰ ਉੱਚ ਅਧਿਕਾਰੀ ਹਾਜਰ ਸਨ।

## ਗ੍ਰਾਮ ਪੰਚਾਇਤ ਵਜੀਦੋਵਾਲ ਨੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਭੇਟ ਕੀਤੇ ਇਨਵਰਟਰ ਤੇ ਬੈਟਰੀ




**ਫਗਵਾੜਾ (ਡਾ. ਰਮਨ)** ਪਿੰਡ ਵਜੀਦੋਵਾਲ ਦੀ ਪੰਚਾਇਤ ਨੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਵਜੀਦੋਵਾਲ ਨੂੰ ਇਨਵਰਟਰ ਅਤੇ ਬੈਟਰੀ ਭੇਂਟ ਕੀਤੇ। ਇਸ ਮੌਕੇ ਗੱਲਬਾਤ ਕਰਦਿਆਂ ਸਰਪੰਚ ਰਿੰਪਲ ਕੁਮਾਰ ਨੇ ਦੱਸਿਆ ਕਿ ਅੱਜਕਲ੍ਹ ਲੱਗਣ ਵਾਲੇ ਬਿਜਲੀ ਦੇ ਅਣ-ਐਲਾਨੇ ਕੱਟਾਂ ਨਾਲ ਭੱਖਦੀ ਗਰਮੀ 'ਚ ਛੋਟੇ-ਛੋਟੇ ਸਕੂਲੀ ਬੱਚਿਆਂ ਅਤੇ ਸਟਾਫ ਨੂੰ ਬਹੁਤ ਪਰੇਸ਼ਾਨੀ ਹੋ ਰਹੀ ਸੀ। ਜਿਸ ਨੂੰ ਦੇਖਦੇ ਹੋਏ ਪੰਚਾਇਤ ਨੇ ਨੰਬਰਦਾਰ ਸਤੀਸ਼ ਕੁਮਾਰ, ਚੰਦਰ ਮੋਹਨ, ਰਕਸ਼ਾ ਰਾਣੀ, ਸ਼ਿਵ ਕੁਮਾਰ ਮੇਹਲੀ, ਐਨ.ਆਰ. ਆਈ. ਬਲਰਾਮ ਕੁਮਾਰ, ਡਿੰਪੀ ਸ਼ਰਮਾ ਪਤਨੀ ਸੰਜੂ ਸ਼ਰਮਾ ਕਨੇਡਾ, ਰਿਟਾ. ਇੰਸਪੈਕਟਰ ਰਮਨ ਕੁਮਾਰ, ਗੌਰਵ ਸ਼ਰਮਾ ਸਵੀਟ ਸ਼ਾਪ ਮੇਹਲੀ, ਪਰਮਜੀਤ ਕੌਰ ਪੰਮੀ, ਸੁਖਵਿੰਦਰ ਡੇਅਰੀ ਦੇ ਵਡਮੁੱਲੇ ਸਹਿਯੋਗ ਸਦਕਾ ਇਹ ਉਪਰਾਲਾ ਕੀਤਾ ਹੈ। ਸਕੂਲ ਇੰਚਾਰਜ ਨੀਨਾ ਬਨਿਆਲ ਨੇ ਸਮੂਹ ਪੰਚਾਇਤ ਅਤੇ ਸਹਿਯੋਗੀਆਂ ਤਹਿ ਦਿਲੋਂ ਧੰਨਵਾਦ ਕਰਦਿਆਂ ਦੱਸਿਆ ਕਿ ਉਕਤ ਦਾਨੀ ਸੱਜਣਾਂ ਦਾ ਸਕੂਲ ਦੇ ਵਿਕਾਸ 'ਚ ਹਮੇਸ਼ਾ ਵਢਮੁੱਲਾ ਸਹਿਯੋਗ ਮਿਲਦਾ ਹੈ। ਜਿਸ ਦੇ ਚਲਦਿਆਂ ਨੂੰ ਵਿਦਿਆਰਥੀਆਂ ਨੂੰ ਵਧੀਆ ਸਹੂਲਤਾਂ ਅਤੇ ਮਿਆਰੀ ਸਿੱਖਿਆ ਪ੍ਰਾਪਤ ਹੋ ਰਹੀ ਹੈ। ਉਹਨਾਂ ਦੱਸਿਆ ਕਿ ਉਕਤ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲੋਹੇ ਦੀਆਂ ਖਿੜਕੀਆਂ, ਦਰਵਾਜ਼ੇ, ਬਿਜਲੀ ਦੀ ਫਿਟਿੰਗ, ਪੀਣ ਵਾਲੇ ਪਾਣੀ ਦੀ ਪਾਈਪ, ਟੂਟੀਆਂ, ਬੱਚਿਆਂ ਦੇ ਬੈਠਣ ਲਈ ਨਵੇਂ ਬੈਂਚ ਆਦਿ ਬਣਾਏ ਗਏ ਹਨ। ਇਸ ਮੌਕੇ ਸਮਾਜ ਸੇਵਕ ਰਾਕੇਸ਼ ਕੁਮਾਰ ਢੰਡਾ, ਪੰਚਾਇਤ ਮੈਂਬਰ ਪੰਡਿਤ ਅਸ਼ੋਕ ਕੁਮਾਰ, ਸੰਜੀਵ ਕੁਮਾਰ, ਨਰਿੰਦਰ ਪਾਲ, ਸੰਤੋਸ਼ ਰਾਣੀ, ਸਰਬਜੀਤ ਕੌਰ ਤੋਂ ਇਲਾਵਾ ਬੀਬੀ ਸੋਨੀਆ ਰਾਣੀ, ਨੰਬਰਦਾਰ ਸੋਮਨਾਥ, ਪ੍ਰਿੰਸ ਕੁਮਾਰ, ਸੁਰੇਸ਼ ਕੁਮਾਰ ਫੌਜੀ, ਬਲਿਹਾਰ ਲਾਲ, ਰਾਜਕੁਮਾਰ, ਰਵੀ ਦੱਤ, ਸੁਰੇਸ਼ ਕੁਮਾਰ ਬਿੱਲਾ, ਦੀਪਕ ਕੁਮਾਰ, ਸਤਪਾਲ, ਡਾ. ਸੋਹਨ ਲਾਲ, ਰਿਟਾ. ਏ.ਐਸ.ਆਈ. ਹਰਬਲਾਸ, ਰਾਕੇਸ਼ ਕੁਮਾਰ, ਮੁਕੇਸ਼ ਕੁਮਾਰ ਏ.ਐਸ.ਆਈ., ਪਵਨ ਕੁਮਾਰ ਏ.ਐਸ.ਆਈ. ਪਰਵੀਨ ਕੁਮਾਰ, ਸਰੋਜ ਰਾਣੀ, ਅਸ਼ਵਨੀ ਕੁਮਾਰ ਆਦਿ ਹਾਜਰ ਸਨ।

## ਸਰਕਾਰੀ ਮਿਡਲ ਸਕੂਲ ਭਾਰਟਾ ਦੇ 117 ਬੱਚਿਆਂ ਦੀਆਂ ਅੱਖਾਂ ਦਾ ਚੈਕਅੱਪ ਕੀਤਾ



**ਮਾਹਿਲਪੁਰ (ਸ.ਫ਼ਰੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਸੰਗੋਰਤਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਐਸ ਐਮ ਓ ਮਾਹਿਲਪੁਰ ਡਾਕਟਰ ਜਸਵੰਤ ਸਿੰਘ ਥਿੰਦ ਦੀ ਅਗਵਾਈ ਹੇਠ ਅਪਥਾਲਮਿਕ ਅਫਸਰ ਪਰਮਿੰਦਰ ਸਿੰਘ ਨੇ ਸਰਕਾਰੀ ਮਿਡਲ ਸਕੂਲ ਭਾਰਟਾ 'ਚ ਸਕੂਲ ਇੰਚਾਰਜ ਮੈਡਮ ਗੁਰਪ੍ਰੀਤ ਕੌਰ ਦੀ ਹਾਜ਼ਰੀ ਵਿੱਚ ਸਕੂਲ ਦੇ 117 ਬੱਚਿਆਂ ਦੀਆਂ ਅੱਖਾਂ ਦਾ ਚੈਕਅੱਪ ਕਰਨ ਉਪਰੰਤ 13 ਬੱਚੇ ਨਜਰ ਕਮਜ਼ੋਰ ਪਾਏ ਗਏ। ਜਿਨ੍ਹਾਂ ਨੂੰ ਐਨਕਾਂ ਦੇ ਨੰਬਰ ਦਿੱਤੇ ।ਇਸ ਮੌਕੇ ਅਪਥਾਲਮਿਕ ਅਫਸਰ ਪਰਮਿੰਦਰ ਸਿੰਘ ਨੇ ਬੱਚਿਆਂ ਨੂੰ ਅੱਖਾਂ ਦੀ ਸਾਂਭ ਸੰਭਾਲ ਪ੍ਰਤੀ ਜਾਗਰੂਕ ਕੀਤਾ ਤੇ ਸਕੂਲ ਦੇ ਅਧਿਆਪਕਾ ਨੂੰ ਅੱਖਾ ਚੈਕ ਕਰਨ ਸਬੰਧੀ ਟਰੇਨਿੰਗ ਵੀ ਦਿੱਤੀ ।ਉਨ੍ਹਾਂ ਨੇ ਕਿਹਾ ਕਿ ਸਾਨੂੰ ਸਾਰਿਆ ਨੂੰ ਬਿਨਾ ਵਜ੍ਹਾ ਮੋਬਾਈਲ ਫੋਨ ਦੀ ਵਰਤੋ ਨਹੀ ਕਰਨੀ ਚਾਹੀਦੀ। ਜਿਆਦਾ ਫੋਨ ਦੀ ਵਰਤੋ ਕਰਨ ਨਾਲ ਵੀ ਅੱਖਾਂ 'ਤੇ ਮਾੜਾ ਅਸਰ ਪੈਂਦਾ ਹੈ।ਅੱਖਾਂ ਦੀਆਂ ਪੁਤਲੀਆਂ ਖੁਸ਼ਕ ਹੋਣ ਕਾਰਨ ਐਨਕ ਦੇ ਨੰਬਰ ਵਾਰ ਵਾਰ ਬਦਲਦੇ ਹਨ। ਉਨ੍ਹਾਂ ਕਿਹਾ ਕਿ ਖਾਣਾ ਖਾਣ ਤੋਂ ਪਹਿਲਾ ਅਤੇ ਬਾਅਦ ਵਿਚ ਹੱਥਾਂ ਨੂੰ ਚੰਗੀ ਤਰਾ ਸਾਫ ਕਰ ਲੈਣਾ ਚਾਹੀਦੇ ਹਨ।ਇਸ ਮੌਕੇ ਗੁਰਪ੍ਰੀਤ ਕੌਰ,ਸਤਵੀਰ ਕੌਰ, ਪਵਨ ਕੁਮਾਰ, ਬੇਅੰਤ ਕੌਰ, ਸਮੇਤ ਸਕੂਲ ਦੇ ਬੱਚੇ ਹਾਜ਼ਰ ਸਨ।

## 230 ਪਾਬੰਦੀਸ਼ੁਦਾ ਨਸ਼ੇ ਦੀਆਂ ਗੋਲੀਆਂ ਸਮੇਤ 4 ਗ੍ਰਿਫਤਾਰ

**ਫਿਲੌਰ (ਨਿਰਮਲ)** ਸਥਾਨਕ ਪੁਲਸ ਨੇ 230 ਪਾਬੰਦੀਸ਼ੁਦਾ ਨਸ਼ੇ ਦੀਆਂ ਗੋਲੀਆਂ ਸਮੇਤ ਤਿੰਨ ਮਰਦਾਂ ਅਤੇ ਇੱਕ ਔਰਤ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਫਿਲੌਰ ਉਪ ਪੁਲਸ ਕਪਤਾਨ ਸੰਜੀਵ ਕਪੂਰ ਨੇ ਦੱਸਿਆ ਕਿ ਪਹਿਲੇ ਮਾਮਲੇ ਵਿੱਚ 110 ਨਸ਼ੀਲੀਆਂ ਗੋਲੀਆਂ ਸਮੇਤ ਇਕ ਔਰਤ ਅਤੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੀ ਪਹਿਚਾਣ ਮਨਜੀਤ ਕੌਰ ਪਤਨੀ ਮੁਖਤਿਆਰ ਚੰਦ ਅਤੇ ਮੁਖਤਿਆਰ ਚੰਦ ਪੁੱਤਰ ਫਕੀਰ ਚੰਦ ਵਾਸੀ ਪਿੰਡ ਕੰਡਿਆਣਾ, ਥਾਣਾ ਫਿਲੌਰ ਵਜੋਂ ਹੋਈ ਹੈ। ਦੂਜੇ ਮਾਮਲੇ ਵਿੱਚ, 120 ਨਸ਼ੀਲੀਆਂ ਗੋਲੀਆਂ ਸਮੇਤ ਦੋ ਹੋਰ ਵਿਅਕਤੀਆਂ ਨਿਰਮਲਜੀਤ ਪੁੱਤਰ ਜਸਵੰਤ ਰਾਏ ਵਾਸੀ ਪਿੰਡ ਸੇਲਕੀਆਣਾ ਅਤੇ ਬਲਕਾਰ ਪੁੱਤਰ ਲਖਵੀਰ ਸਿੰਘ ਵਾਸੀ ਸੇਲਕੀਆਣਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਚਾਰਾਂ ਦੋਸ਼ੀਆਂ ਵਿਰੁੱਧ ਐਨ.ਡੀ.ਪੀ.ਐਸ. ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਰਵਾਈ ਜਾਰੀ ਹੈ।




## ਗੁੰਡੇ ਬਦਮਾਸ਼ਾਂ ਦੇ ਹੌਸਲੇ ਬੁਲੰਦ : ਅਜੇ ਮੰਗੂਪੁਰ



**ਬਲਾਚੌਰ (ਜਸਵਿੰਦਰ ਬੈਂਸ)** ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸ. ਭ. ਸ. ਨਗਰ ਦੇ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਸੂਬੇ ਅੰਦਰ ਆਪ ਸਰਕਾਰ ਦੀ ਢਿੱਲ ਕਾਰਨ ਗੁੰਡੇ ਬਦਮਾਸ਼ਾਂ ਦੇ ਹੌਸਲੇ ਬੁਲੰਦ ਹਨ। ਬੀਤੇ ਕੱਲ੍ਹ ਹਲਕਾ ਬਲਾਚੌਰ ਦੇ ਪਿੰਡ-ਕੁੱਲਪੁਰ ਤੋਂ ਹਰਦੀਪ ਸਿੰਘ (ਦੀਪਾ) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।ਇਹ ਇੱਕ ਸਰਕਾਰੀ ਕਤਲ ਹੈ ਕਿਉਂਕਿ ਸਰਕਾਰ ਵੱਲੋਂ ਕੋਈ ਵੀ ਪਰਵਾਰ ਦੀ ਸਾਰ ਲੈਣ ਜਾਂ ਮਦਦ ਕਰਨ ਲਈ ਨਹੀਂ ਪਹੁੰਚਿਆ। ਬੀਤੀ ਰਾਤ ਤਕਰੀਬਨ 8 ਵਜੇ ਦੇ ਕਰੀਬ 5 ਬਦਮਾਸ਼ਾਂ ਵੱਲੋਂ ਭਰਾ ਹਰਦੀਪ ਸਿੰਘ ਤੇ ਗੋਲੀਆਂ ਨਾਲ ਹਮਲਾ ਕੀਤਾ ਗਿਆ ਉਸ ਦੇ ਵੱਡੇ ਭਰਾ ਸੰਦੀਪ ਸਿੰਘ ਵੱਲੋਂ ਸੜੋਆ ਹਸਪਤਾਲ ਪਹੁੰਚਾਇਆ ਗਿਆ ਤਾਂ ਉੱਥੇ ਡਾ. ਦੇ ਨਾ ਹੋਣ ਕਾਰਨ ਗੜ੍ਹਸ਼ੰਕਰ ਹਸਪਤਾਲ ਵੱਲ ਭੱਜਣਾ ਪਿਆ। ਇਹ ਆਪ ਸਰਕਾਰ ਦੀ ਸਿਹਤ ਸਹੂਲਤਾਂ ਦੀ ਪੋਲ ਖੋਲਦਾ ਹੈ। ਉਪਰੰਤ 2 ਘੰਟੇ ਬਾਅਦ ਪੁਲਸ ਪ੍ਰਸ਼ਾਸਨ ਸੰਦੀਪ ਕੋਲ ਪਹੁੰਚਿਆ। ਜ਼ਿਲ੍ਹਾ ਸ.ਭ.ਸ. ਨਗਰ ਵਿੱਚ ਗੁੰਡੇ ਬਦਮਾਸ਼ਾਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਪੁਲਸ ਪ੍ਰਸ਼ਾਸਨ ਦਾ ਕੋਈ ਡਰ ਹੀ ਨਹੀਂ ਹੈ। ਦਿਨ ਦਿਹਾੜੇ ਗੋਲੀਆਂ ਚਲਾਉਣਾਂ ਇੱਕ ਆਮ ਗੱਲ ਹੋ ਗਈ ਹੈ। ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ। ਜ਼ਿਲ੍ਹੇ ਵਿੱਚ ਕਾਨੂੰਨ ਵਿਵਸਥਾ ਸਿਰਫ ਕਹਿਣ ਨੂੰ ਹੀ ਰਹਿ ਗਈ ਹੈ।

## ਹਲਕੇ ਦੇ ਸਾਰੇ ਵਲੰਟੀਅਰਾਂ ਦੀਆਂ ਮੰਗਾਂ ਕੀਤੀਆਂ ਜਾਣਗੀਆਂ ਹੱਲ : ਐਡਵੋਕੇਟ ਚੰਦੀ



**ਕਾਲਾ ਸੰਘਿਆਂ (ਮਨਜੀਤ ਮਾਨ)**- ਆਮ ਆਦਮੀ ਪਾਰਟੀ ਦੇ ਨਵੇਂ ਚੁਣੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਨਾਲ ਦੋਨਾਂ ਇਲਾਕੇ ਦੇ ਬਲਾਕ ਪ੍ਰਧਾਨਾਂ ਨੇ ਮੁਲਾਕਾਤ ਕਰਕੇ ਹਲਕਾ ਇੰਚਾਰਜ ਲੱਗਣ 'ਤੇ ਮੁਬਾਰਕਬਾਦ ਦਿੱਤੀ। ਸਾਰੇ ਬਲਾਕ ਪ੍ਰਧਾਨਾਂ ਨੇ ਆਪਣੇ ਆਪਣੇ ਇਲਾਕੇ ਦੀਆਂ ਮੁਸ਼ਕਿਲਾਂ ਹਲਕਾ ਇੰਚਾਰਜ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ ਹਲਕਾ ਇੰਚਾਰਜ ਐਡਵੋਕੇਟ ਚੰਦੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਜਿਹੜੀ ਡਿਊਟੀ ਲਗਾਈ ਹੈ ਅਤੇ ਮੈਂ ਉਸਨੂੰ ਤਨਦੇਹੀ ਨਾਲ ਨਿਭਾਉਂਦਾ ਹੋਇਆ ਸਾਰੇ ਵਲੰਟੀਅਰ ਸਾਥੀਆਂ ਦੇ ਸਾਰੇ ਕੰਮ ਵੀ ਹੋਣਗੇ ਅਤੇ ਮੇਰੇ ਦਰਵਾਜੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਲਈ ਹਮੇਸ਼ਾ ਲਈ ਖੁੱਲ੍ਹੇ ਹਨ ਅਤੇ ਹਲਕੇ ਦੇ ਇਲਾਕਾ ਨਿਵਾਸੀਆਂ ਦੇ ਸਾਰੇ ਕੰਮ ਹੋਣਗੇ। ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਨੇ ਕਿਹਾ ਕਿ ਅਸੀਂ ਹੁਣ ਬੂਥ ਲੈਵਲ 'ਤੇ ਪਿੰਡਾਂ ਵਿੱਚ ਜਾ ਕੇ ਮੀਟਿੰਗਾਂ ਕਰਕੇ ਹਰੇਕ ਬੂਥ ਦੀਆਂ ਮੁਸ਼ਕਲਾਂ ਸੁਣ ਕੇ ਸਾਰੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾਵੇਗਾ ਅਤੇ ਜਿਹੜੀ ਵੀ ਮੰਗ ਬੂਥ ਪੱਧਰ ਦੀ ਹੋਵੇਗੀ ਉਸਨੂੰ ਪੂਰਾ ਵੀ ਕੀਤਾ ਜਾਵੇਗਾ । ਇਸ ਮੌਕੇ ਬਲਾਕ ਪ੍ਰਧਾਨ ਸਤਨਾਮ ਸਿੰਘ ਸੰਘਾ, ਦਲਬੀਰ ਸਿੰਘ ਰਾਣਾ, ਗੁਰਪ੍ਰੀਤ ਸਿੰਘ ਭਾਣੋਲੰਗਾਂ, ਦਲਜੀਤ ਸਿੰਘ ਰੰਧਾਵਾ, ਗੁਰਭੇਜ ਸਿੰਘ ਔਲਖ, ਗੁਰਮੇਲ ਸਿੰਘ, ਪਰਮਜੀਤ ਸਿੰਘ ਖਾਲਸਾ ਅਤੇ ਪਾਰਟੀ ਦੇ ਸੀਨੀਅਰ ਆਗੂ ਸੰਜੀਵ ਕੌਂਡਲ ਵੀ ਮੌਜੂਦ ਸਨ।

## ਡਰਾਈ ਡੇ-ਫਰਾਈ ਡੇ ਤਹਿਤ ਹਰਦੋਖਾਨਪੁਰ 'ਚ ਡੇਂਗੂ ਲਾਰਵਾ ਚੈਕਿੰਗ



**ਬੁੱਲੋਵਾਲ (ਵਿਰਦੀ)**- ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਡੇਂਗੂ ਦੀ ਰੋਕਥਾਮ ਲਈ ਸੂਬੇ ਭਰ ਅੰਦਰ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਤਹਿਤ ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਪਵਨ ਅਤੇ ਡਾਕਟਰ ਜਗਦੀਪ ਸਿੰਘ ਜ਼ਿਲ੍ਹਾ ਐਪੀਡੀਮੋਲਜਿਸਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੁਢਲਾ ਸਿਹਤ ਕੇਂਦਰ ਚੱਕੋਵਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਕੌਰ ਦੀ ਅਗਵਾਈ ਹੇਠ ਪਿੰਡ ਹਰਦੋਖਾਨਪੁਰ ਵਿਚ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ। ਸੁਪਰਵਾਈਜ਼ਰ ਗੁਰਦੇਵ ਸਿੰਘ ਨੇ ਦੱਸਿਆ ਕਿ ਇਹ ਮੱਛਰ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਘਰਾਂ ਅੰਦਰ ਕੂਲਰਾਂ, ਫਰਿਜਾਂ ਦੀਆਂ ਟਰੇਆਂ, ਟਾਇਰਾਂ, ਗਮਲਿਆਂ, ਪੰਛੀਆਂ ਦੇ ਪੀਣ ਵਾਲੇ ਪਾਣੀ ਦੇ ਬਰਤਨਾਂ ਵਿੱਚ ਅਤੇ ਡਰੰਮਾਂ ਵਿੱਚ ਹੋ ਸਕਦਾ ਹੈ। ਹੈਲਥ ਇੰਸਪੈਕਟਰ ਗੁਰਦੇਵ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਹਰ ਸ਼ੁੱਕਰਵਾਰ ਨੂੰ ਡਰਾਈ ਡੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਸਾਨੂੰ ਆਪਣੇ ਘਰਾਂ ਵਿੱਚ ਕੂਲਰਾਂ ਦੀ ਸਾਫ ਸਫਾਈ ਤੇ ਗਮਲਿਆਂ ਦੀ ਸਫਾਈ ਕਰਨੀ ਚਾਹੀਦੀ ਹੈ। ਹਫਤੇ ਵਿੱਚ ਹਰ ਸ਼ੁੱਕਰਵਾਰ ਨੂੰ ਇਹਨਾਂ ਸਾਰਿਆਂ ਨੂੰ ਸਾਫ ਕਰਕੇ ਸੁਕਾ ਕੇ ਰੱਖਿਆ ਜਾਵੇ। ਉਹਨਾਂ ਦੱਸਿਆ ਕਿ ਡੇਂਗੂ ਦੇ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਹੈਲਥ ਇੰਸਪੈਕਟਰ ਗੁਰਦੇਵ ਸਿੰਘ , ਮਲਟੀਪਰਪਜ਼ ਹੈਲਥ ਵਰਕਰ ਮਨੋਹਰ ਸਿੰਘ, ਸੁਖਵਿੰਦਰ ਪਾਲ ਸਿੰਘ ਅਤੇ ਕੁਲਵੰਤ ਸਿੰਘ, ਆਸ਼ਾ ਵਰਕਰ ਨਛੱਤਰ ਕੌਰ, ਸੁਮਨ, ਹਰਜਿੰਦਰ ਕੌਰ, ਨਰਿੰਦਰ ਕੌਰ, ਬਲਵਿੰਦਰ ਕੌਰ ਆਸ਼ਾ ਫੈਸਿਲੀਟੇਟਰ, ਦੁਆਬਾ ਨਰਸਿੰਗ ਸਕੂਲ ਦੇ ਬੱਚੇ ਅਤੇ 6 ਫਰੀਦਰ ਚੈੱਕਰ ਆਦਿ ਵੀ ਹਾਜ਼ਰ ਸਨ।

## ਮਾਪੇ ਆਪਣੇ ਬੱਚਿਆਂ ਦਾ ਟੀਕਾਕਰਨ ਸਮੇਂ ਸਿਰ ਕਰਵਾਉਣ : ਡਾ. ਪ੍ਰੇਮ ਕੁਮਾਰ



**ਕਾਲਾ ਸੰਘਿਆਂ (ਮਨਜੀਤ ਮਾਨ)** ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਢਿੱਲਵਾਂ ਅਧੀਨ ਵੱਖ-ਵੱਖ ਸੈਸ਼ਨ ਸਾਈਟ 'ਤੇ ਮਮਤਾ ਦਿਵਸ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੇਮ ਕੁਮਾਰ ਨੇ ਦੱਸਿਆ ਕਿ ਮਾਪਿਆਂ ਨੂੰ ਸਿਹਤ ਵਿਭਾਗ ਦਾ ਸਹਿਯੋਗ ਦਿੰਦਿਆਂ ਹੋਇਆ 0 ਤੋਂ 5 ਸਾਲ ਦੇ ਬੱਚਿਆਂ ਦਾ ਟੀਕਾਕਰਨ ਸਮੇਂ ਸਿਰ ਜ਼ਰੂਰ ਕਰਵਾਉਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ ਅਤੇ ਬੱਚਿਆਂ ਦਾ ਵਿਕਾਸ ਵੀ ਸਿਹਤਮੰਦ ਹੋਵੇ। ਉਨ੍ਹਾਂ ਬੱਚਿਆਂ ਦੇ ਟੀਕਾਕਰਨ ਸਬੰਧੀ ਕਿਸੇ ਤਰ੍ਹਾਂ ਦੀ ਵੀ ਅਣਗਹਿਲੀ ਨਾ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਇਸ ਦੌਰਾਨ ਹੋਰ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮਮਤਾ ਦਿਵਸ ਦੌਰਾਨ ਮਾਪੇ ਆਧਾਰ ਕਾਰਡ, ਐਮ.ਸੀ.ਪੀ ਕਾਰਡ ਭਾਵ ਬੱਚੇ ਦਾ ਟੀਕਾਕਰਨ ਕਾਰਡ ਅਤੇ ਆਪਣਾ ਫੋਨ ਨਾਲ ਲੈ ਕੇ ਜ਼ਰੂਰ ਆਉਣਾ ਤਾਂ ਜੋ ਟੀਕਾਕਰਨ ਨੂੰ ਸਮੇਂ ਸਿਰ ਏ.ਐਨ.ਐਮ ਵੱਲੋਂ ਯੂ-ਵੀਨ 'ਤੇ ਆਨ-ਲਾਈਨ ਕੀਤਾ ਜਾ ਸਕੇ। ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ ਨੇ ਗਰਭਵਤੀ ਮਹਿਲਾਵਾਂ ਨੂੰ ਵੀ ਆਯੂਸ਼ਮਾਨ ਆਰੋਗਿਆ ਕੇਂਦਰਾਂ ਵਿੱਚ ਸਮੇਂ ਸਿਰ ਰਜਿਸਟਰੇਸ਼ਨ ਕਰਵਾਉਣ ਲਈ ਕਿਹਾ ਤਾਂ ਜੋ ਉਨ੍ਹਾਂ ਨੂੰ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਾਰੀਆਂ ਸਿਹਤ ਸਹੂਲਤਾਂ ਸਮੇਂ ਸਿਰ ਮਿਲ ਸਕਣ। ਉਨ੍ਹਾਂ ਗਰਭਵਤੀ ਮਹਿਲਾਵਾਂ ਨੂੰ ਸਮੇਂ ਸਿਰ ਏ.ਐਨ.ਸੀ ਜਾਂਚ ਕਰਵਾਉਣ ਲਈ ਕਿਹਾ ਤਾਂ ਜੋ ਉਚ ਜੋਖਿਮ ਗਰਭਵਤੀ ਦੀ ਸਮੇਂ ਸਿਰ ਪਹਿਚਾਣ ਕਰ ਯੋਗ ਇਲਾਜ ਕੀਤਾ ਜਾ ਸਕੇ। ਉਨ੍ਹਾਂ ਇਸ ਮੌਕੇ ਇਹ ਵੀ ਦੱਸਿਆ ਕਿ ਸੀ.ਐਚ.ਓ, ਏ.ਐਨ.ਐਮ ਅਤੇ ਆਸ਼ਾ ਵਰਕਰਾਂ ਵੱਲੋਂ ਵੱਧ ਤੋਂ ਵੱਧ ਗਰਭਵਤੀ ਮਹਿਲਾਵਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਜਣੇਪਾ ਕਰਵਾਉਣ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਜੋ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਿਹਤ ਸੇਵਾਵਾਂ ਅਤੇ ਸਹੂਲਤਾਂ ਦਾ ਉਹ ਲਾਹਾ ਲੈ ਸਕਣ। ਇਸ ਦੌਰਾਨ ਮੋਨਿਕਾ ਬਲਾਕ ਐਕਸਟੇਂਸ਼ਨ ਐਜੂਕੇਟਰ ਨੇ ਦੱਸਿਆ ਕਿ ਮਮਤਾ ਦਿਵਸ ਨੂੰ ਸਫਲ ਬਣਾਉਣ ਲਈ ਆਸ਼ਾ ਵਰਕਰਾਂ ਵੱਲੋਂ ਮਾਪਿਆਂ ਨੂੰ ਪਹਿਲਾਂ ਹੀ ਘਰ-ਘਰ ਜਾ ਕੇ ਬੱਚਿਆਂ ਦੇ ਟੀਕਾਕਰਨ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਮਾਪੇ ਸਮੇਂ ਸਿਰ ਸੈਸ਼ਨ ਸਾਈਟ 'ਤੇ ਪਹੁੰਚ ਕਿ ਬੱਚੇ ਦਾ ਟੀਕਾਕਰਨ ਕਰਵਾ ਸਕਣ। ਉਨ੍ਹਾਂ ਹੋਰ ਦੱਸਿਆ ਕਿ ਆਸ਼ਾ ਵਰਕਰਾਂ ਵੱਲੋਂ ਗਰਭਵਤੀ ਮਹਿਲਾਵਾਂ ਨੂੰ ਵੀ ਘਰ-ਘਰ ਜਾ ਕੇ ਸਮੇਂ-ਸਮੇਂ ਸਿਰ ਆਪਣੀ ਸਿਹਤ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਜੋ ਜੱਚਾ-ਬੱਚਾ ਦੋਵੇਂ ਸਿਹਤਮੰਦ ਰਹਿਣ।

## ਬੇਸਹਾਰਾ ਗਊਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ : ਲਾਇਨ ਮਾਹੀ




**ਫਗਵਾੜਾ (ਡਾ. ਰਮਨ)** ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਇਲੈਵਨ ਸਟਾਰ ਦਰਜਾ ਪ੍ਰਾਪਤ ਸੌ ਪ੍ਰਤੀਸ਼ਤ ਸਰਗਰਮ ਲਾਇਨਜ਼ ਕਲੱਬ ਫਗਵਾੜਾ ਸਿਟੀ ਨੇ ਜੁਲਾਈ ਮਹੀਨੇ ਦੇ ਦੂਜੇ ਦਿਨ ਲਗਾਤਾਰ ਦੂਜਾ ਪ੍ਰੋਜੈਕਟ ਕਰਦਿਆਂ ਸੁਖਚੈਨ ਸਾਹਿਬ ਰੋਡ ਸਥਿਤ ਗਊਸ਼ਾਲਾ ਵਿੱਚ ਪਾਲੀਆਂ ਜਾ ਰਹੀਆਂ ਗਊਆਂ ਨੂੰ ਚਾਰਾ ਪਾਇਆ। ਇਸ ਦੌਰਾਨ ਡਿਸਟ੍ਰਿਕਟ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ, ਡਿਸਟ੍ਰਿਕਟ ਚੇਅਰਮੈਨ ਲਾਇਨ ਸੁਨੀਲ ਢੀਂਗਰਾ, ਡਿਸਟ੍ਰਿਕਟ ਚੇਅਰਮੈਨ ਲਾਇਨ ਅਸ਼ੋਕ ਵਧਵਾ, ਡਿਸਟ੍ਰਿਕਟ ਚੇਅਰਮੈਨ ਲਾਇਨ ਬੱਬੂ ਮਨੀਲਾ ਅਤੇ ਜ਼ੋਨ ਚੇਅਰਮੈਨ ਲਾਇਨ ਜੁਗਲ ਬਵੇਜਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਾਰੇ ਲਾਇਨ ਮੈਂਬਰਾਂ ਨੇ ਬਹੁਤ ਸ਼ਰਧਾ ਨਾਲ ਗਊਆਂ ਨੂੰ ਚਾਰੇ ਦੀ ਸੇਵਾ ਨਿਭਾਈ। ਡਿਸਟ੍ਰਿਕਟ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਅਤੇ ਹੋਰਨਾਂ ਸੀਨੀਅਰ ਲਾਇਨ ਮੈਂਬਰਾਂ ਨੇ ਕਲੱਬ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਦੋ ਦਿਨਾਂ ਵਿੱਚ ਲਗਾਤਾਰ ਦੋ ਪ੍ਰੋਜੈਕਟ ਕਰਨਾ ਨਵੀਂ ਟੀਮ ਦੀ ਸੇਵਾ ਭਾਵਨਾ ਦਾ ਪ੍ਰਤੱਖ ਪ੍ਰਮਾਣ ਹੈ। ਕਲੱਬ ਦੇ ਪ੍ਰਧਾਨ ਲਾਇਨ ਜਸਵੀਰ ਮਾਹੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਸ਼ੌਕੀ ਟੂਰਾ ਸਨ। ਉਨ੍ਹਾਂ ਨੇ ਲਾਇਨ ਸ਼ੌਕੀ ਟੂਰਾ ਅਤੇ ਸਾਰੇ ਲਾਇਨ ਮੈਂਬਰਾਂ ਦਾ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਗਊਆਂ ਦੀ ਸੇਵਾ ਕਰਨਾ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ ਅਤੇ ਇਸ ਦੇ ਨਾਲ ਹੀ ਸਰਕਾਰਾਂ ਨੂੰ ਸੜਕਾਂ 'ਤੇ ਘੁੰਮਦੀਆਂ ਬੇਸਹਾਰਾ ਗਊਆਂ ਦੀ ਸੁਰੱਖਿਆ ਲਈ ਵੀ ਢੁਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਅਜਿਹੇ ਸੇਵਾ ਕਾਰਜ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਇਸ ਮੌਕੇ ਕਲੱਬ ਸਕੱਤਰ ਲਾਇਨ ਦੀਪਕ ਸੇਠੀ, ਖਜ਼ਾਨਚੀ ਲਾਇਨ ਗੁਲਸ਼ਨ ਸ਼ਰਮਾ ਲੱਕੀ ਅਤੇ ਪੀ.ਆਰ.ਓ. ਲਾਇਨ ਸੰਜੇ ਤ੍ਰੇਹਨ ਤੋਂ ਇਲਾਵਾ, ਸੀਨੀਅਰ ਉਪ ਪ੍ਰਧਾਨ ਵਿਪਨ ਠਾਕੁਰ, ਉਪ ਪ੍ਰਧਾਨ ਪੁਨੀਤ ਸੇਠੀ, ਉਪ ਪ੍ਰਧਾਨ ਲਾਇਨ ਅਸ਼ੋਕ ਮਨੀਲਾ, ਸੰਯੁਕਤ ਸਕੱਤਰ ਮੋਹਿਤ ਅਰੋੜਾ, ਸੰਯੁਕਤ ਪੀ.ਆਰ.ਓ. ਲਾਇਨ ਵਿਜੇ ਅਰੋੜਾ, ਲਾਇਨ ਅਮਿਤ ਢੀਂਗਰਾ, ਲਾਇਨ ਮੋਹਿਤ ਮਨੋਚਾ, ਲਾਇਨ ਨਵੀਨ ਵਧਵਾ, ਲਾਇਨ ਤਰੁਣ ਚਾਵਲਾ, ਲਾਇਨ ਸੰਜੀਵ ਕੁਮਾਰ ਮਿੰਚੂ ਆਦਿ ਮੌਜੂਦ ਸਨ।

## ਐਲ ਪੀ ਯੂ 'ਚ ਬੀ ਐਸ ਸੀ ਨਿਊਟ੍ਰੀਸ਼ਨ ਐਂਡ ਡਾਇਟੈਟਿਕਸ ਪ੍ਰੋਗਰਾਮ ਲਈ ਦਾਖਲੇ ਸ਼ੁਰੂ



**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਆਪਣੇ ਬੀਐਸਸੀ ਨਿਊਟ੍ਰੀਸ਼ਨ ਐਂਡ ਡਾਇਟੈਟਿਕਸ ਪ੍ਰੋਗਰਾਮ ਨੂੰ ਵਿਸ਼ਵਵਿਆਪੀ ਸਿਹਤ ਰੁਝਾਨਾਂ ਅਤੇ ਭਵਿੱਖ ਲਈ ਲੋੜੀਂਦੇ ਪੇਸ਼ੇਵਰਾਂ ਦੇ ਅਨੁਸਾਰ ਮੁੜ ਡਿਜ਼ਾਈਨ ਕੀਤਾ ਹੈ।ਇਹ ਕਲਾਸਰੂਮ ਸਿੱਖਿਆ ਅਤੇ ਅਸਲ-ਸੰਸਾਰ ਦੇ ਅਨੁਭਵ ਦਾ ਇੱਕ ਅਤਿ-ਆਧੁਨਿਕ ਮਿਸ਼ਰਣ ਹੈ, ਜੋ ਮਨੁੱਖੀ ਸਰੀਰ ਵਿਗਿਆਨ, ਕਲੀਨਿਕਲ ਪੋਸ਼ਣ, ਭੋਜਨ ਵਿਗਿਆਨ ਅਤੇ ਭਾਈਚਾਰਕ ਸਿਹਤ ਵਰਗੇ ਮਹੱਤਵਪੂਰਨ ਖੇਤਰਾਂ ਨੂੰ ਕਵਰ ਕਰਦਾ ਹੈ। ਵਿਦਿਆਰਥੀ ਸਿਰਫ਼ ਪੜ੍ਹਾਈ ਨਹੀਂ ਕਰਦੇ ਉਹ ਇੰਟਰਨਸ਼ਿਪ, ਤਕਨੀਕੀ ਪ੍ਰੋਜੈਕਟਾਂ ਅਤੇ ਲੈਬ-ਅਧਾਰਤ ਸਿਖਲਾਈ, ਨਵੀਨਤਾਵਾਂ ਰਾਹੀਂ ਸਿੱਖਦੇ ਹਨ ਜੋ ਅਸਲ ਸਿਹਤ ਸੰਭਾਲ ਵਾਤਾਵਰਣ ਨੂੰ ਦਰਸਾਉਂਦੇ ਹਨ।ਸਿਲੇਬਸ ਦੇ ਹਿੱਸੇ ਵਜੋਂ, ਵਿਦਿਆਰਥੀ ਹਸਪਤਾਲਾਂ, ਤੰਦਰੁਸਤੀ ਸਟਾਰਟਅੱਪਸ, ਫਿਟਨੈਸ ਕੰਪਨੀਆਂ ਅਤੇ ਜਨਤਕ ਸਿਹਤ ਏਜੰਸੀਆਂ ਦੇ ਨਾਲ ਸਿੱਖਦੇ ਹਨ।

## ਜਨਮ ਦਿਨ ਮੁਬਾਰਕ



ਗੁਣਤਾਸ ਸਿੰਘ
ਪਿਤਾ : ਹਰਜਿੰਦਰ ਸਿੰਘ
ਮਾਤਾ : ਸੁਖਜੀਤ ਕੌਰ
ਵਾਸੀ : ਮਸਤੇ ਵਾਲਾ



ਥੋਮਸ
ਪਿਤਾ : ਪ੍ਰਿੰਸਪਾਲ
ਮਾਤਾ : ਤਮੰਨਾ
ਵਾਸੀ : ਭੈਣੀ ਬਾਂਗਰ